# ਨਕਲੀ ਸਿੱਖ ਪ੍ਰਬੋਧ

ਲੇਖਕ :

**ਪਥ ਰਤਨ**
**ਪ੍ਰੋ. ਦਿੱਤ ਸਿੰਘ ਜੀ ਗਿਆਨੀ, ਲਾਹੌਰ**

ਸੰਪਾਦਕ :

**ਕੰਵਰਅਜੀਤ ਸਿੰਘ**

**ਪ੍ਰਕਾਕ**
**ਗੁਰਮਤਿ ਵਿਚਾਰ ਕੇਂਦਰ, ਸਿਉਨਾ ਰੋਡ, ਪਟਿਆਲਾ**

**Nakali Sikh Prabodh**
by
**Panth Ratan Prof. Ditt Singh Ji Giani**
Lahore

**Publication**
Gurmat Vichar Kendar
Seona Road, Patiala

---

**ਕੰਵਰ ਅਜੀਤ ਸਿੰਘ**
20/77, ਰਣਜੀਤ ਨਗਰ, ਜੀ-ਬਲਾਕ
ਸਿਉਨਾ ਰੋਡ, ਪਟਿਆਲਾ
ਫੋਨ : 0175-2359328
ਮੋਬਾ. : 98151-56818, 95018-77116
e-mail : sdkajitsingh@yahoo.co.in
www : gurmatvichar.info
www : gurmatvichar.org

**ਪਹਿਲੀ ਵਾਰ : ਜੂਨ 2013 (500 ਕਾਪੀ)**

ਲੇਰ ਟਾਈਪ ਸੈਟਿੰਗ :
ਕੱਕੜ ਕੰਪਿਊਟਰ, ਪਟਿਆਲਾ
95969-30588, 98158-50558

ਪ੍ਰਿਟਰ :
ਡੈਫੋਡਿਲ ਪ੍ਰਿਟਰ, ਫੈਕਟਰੀ ਏਰੀਆ, ਪਟਿਆਲਾ

ਕੀਮਤ : 100/- ਰੁਪਏ

## ਸਮਰਪਣ

**ਸੂਰਬੀਰ ਬਚਨ ਕੇ ਬਲੀ, ਜਿਨ੍ਹਾਂ ਗੁਰੂ ਪਿਆਰਿਆਂ ਨੇ ਗੁਰੂ ਪਰਾਇਣ ਹੋ ਕੇ ਨਾਮ ਜਪਿਆ, ਵੰਡ ਛਕਿਆ, ਨਾਮ ਬਾਣੀ ਨੂੰ ਜੀਵਨ ਆਧਾਰ ਬਣਾ ਕੇ ਘਾਲਣਾ ਘਾਲੀ ਅਤੇ ਪਥਕ ਸੇਵਾ ਨਾਲ ਜਨਮ ਸੰਲਾ ਕੀਤਾ**



# ਤਤਕਰਾ


- ਅਰੰਭਿਕ ਬੇਨਤੀ
- ਨਕਲੀ ਸਿੱਖ ਪ੍ਰਬੋਧ
- ਹਿੰਦੂਆਂ ਦਾ ਹਾਲ
- ਮੁਸਲਮਾਨਾਂ ਦਾ ਹਾਲ
- ਈਸਾਈਆਂ ਦਾ ਹਾਲ
- ਸਿੱਖਾਂ ਦਾ ਹਾਲ
- ਦਸਮ ਗੁਰੂ ਅਤੇ ’ਲਸਾ ਪਥ
- ਅਸਲੀ ਸਿੱਖ ਦਾ ਪ੍ ਨ
- ਨਕਲੀ ਸਿੱਖ ਦਾ ਉੱਤਰ
- ਨਕਲੀ ਸਿੱਖ ਦੇ ਆਚਾਰੋ ਬਿਹਾਰ ਪਰ...
- ਨਕਲੀ ਸਿੱਖ ਦਾ ਚਲਾਣਾ
- ਅਸਲੀ ਸਿੱਖ ਦਾ ਨਕਲੀ ਨੂੰ ਬੁਲਾਉਣਾ
- ਨਕਲੀ ’ਲਸੇ ਦਾ ਭਟਕਣਾ
- ਸਿੱਖੀ ਦਾ ਬਚਨੇ ਦਾ ਉਪਾਇ
- ਕਵੀ ਦੀ ਪ੍ਰਾਰਥਨਾ

# ਅਰੰਭਿਕ ਬਦ

ਦਰਬਾਰ ਖਾਲਸਾ ਦੇ ਅਗਰੇਾਂ ਦੇ ਅਧੀਨ ਆ ਜਾਣ ਕਾਰਣ ਖਾਲਸਾ ਪਥ ਨੂੰ ਧਾਰਮਿਕ, ਸਮਾਜਿਕ ਅਤੇ ਆਰਥਿਕ ਪੱਖੋਂ ਵੱਡਾ ਧੱਕਾ ਲੱਗਾ। ਪਥਕ ਏਕਤਾ ਖੇਰੂੰ-ਖੇਰੂੰ ਹੋ ਗਈ, ਘੱਟ ਗਿਣਤੀ ਵਿਚ ਹੋਣ ਕਰਕੇ ਸਧਾਰਨ ਅਨਪੜ੍ਹ ਪੇਂਡੂ ਤਬਕੇ ਦੇ ਸਿੱਖਾਂ ਵਿਚ ਬ੍ਰਾਹਮਣੀ ਰਹੁ-ਰੀਤਾਂ ਪਰਵੇ ਕਰ ਗਈਆਂ ਅਤੇ ਵੱਡੇ ਘਰਾਣਿਆਂ ਦੇ ਸਰਦਾਰ ਆਪਣੀਆਂ ਜਾਗੀਰਾਂ ਅਤੇ ਜਾਇਦਾਦਾਂ ਨੂੰ ਕਾਇਮ ਰੱਖਣ ਲਈ ਪੂਰਨ ਤੌਰ ਤੇ ਅਗਰੇ ਾਂ ਦੇ ਅਧੀਨ ਹੋ ਗਏ।

_ਲਾਮੀ ਦੀ ਪਹਿਲੀ ਸਟੇਜ ਤੇ ਬੰਦਾ ਮਜਬੂਰਨ ਹਾਕਮਾਂ ਦੀ_ਲਾਮੀ ਕਬੂਲਦਾ ਹੈ, ਫਿਰ ਆਪਣੇ ਵਿਰਸੇ ਤੋਂ ਦੂਰ ਹੋ ਕੇ ਹਾਕਮ ਵਰਗ ਦੇ ਧਾਰਮਿਕ ਸਿਧਾਂਤ ਜਾਂ ਰਹੁ-ਰੀਤ ਦੀ ਖੂਬੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਅੀਰ ਵਿਚ ਆਪਣੀ ਬੋਲੀ, ਸਭਿਆਚਾਰ ਅਤੇ ਧਰਮ ਚੋਂ ਬਦਬੂ ਮਹਿਸੂਸ ਕਰਕੇ ਹਾਕਮ ਵਰਗ ਦਾ ਹਿੱਸਾ ਬਣਨਾ ਸਵੀਕਾਰਦਾ ਹੈ।

ਇਕ ਪਾਸੇ ਆਰੀਆ ਸਮਾਜੀਆਂ ਦਾ ਪਥ ਵਿਰੋਧੀ ਪ੍ਰਚਾਰ, ਦੂਸਰੇ ਪਾਸੇ ਇਸਲਾਮ ਦਾ ਖੋਏ ਹੋਏ ਵੱਕਾਰ ਨੂੰ ਕਾਇਮ ਰੱਖਣ ਦੇ ਉਪਰਾਲੇ, ਤੀਸਰੇ ਸਰਕਾਰੀ ਸਹਾਇਤਾ ਨਾਲ ਈਸਾਈ ਮਿਨਰੀ ਪ੍ਰਚਾਰਕਾਂ (ਮਿਨਰੀ) ਦੇ ਯੋਜਨਾਬੱਧ ਹੰਭਲੇ ਨੇ ਆਮ ਸਿੱਖਾਂ ਨੂੰ ਘੋਰ ਨਿਰਾ ਵਿਚ ਪਾ ਦਿੱਤਾ। ਹਾਲਾਤ ਇਥੋਂ ਤਕ ਵਿਗੜ ਗਏ ਕਿ ਕਈਂ ਵੱਡੇ ਸਿਖ ਘਰਾਣੇ ਈਸਾਈ ਬਣ ਗਏ ਅਤੇ ਇਕ ਸਰਦਾਰ ਨੇ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿਚ ਆਪਣਾ ਨਿਜੀ ਬੁੰਗਾ ਈਸਾਈ ਮਿਨਰੀਆਂ ਨੂੰ ਪ੍ਰਚਾਰ ਲਈ ਦੇ ਦਿੱਤਾ ਅਤੇ ਮਿਨ ਸਕੂਲ ਵਿਚ ਪੜ੍ਹਨ ਵਾਲੇ ਚਾਰ ਸਿੱਖ ਬੱਚੇ ਈਸਾਈ ਬਣਨ ਨੂੰ ਤਿਆਰ ਹੋ ਗਏ।

ਅਜਿਹੀ ਹਾਲਤ ਵਿਚ ਪਥ ਦੇ ਵਾਲੀ ਦੀ ਕ੍ਰਿਪਾ ਹੋਈ ਇੱਕ ਤੋਂ ਇੱਕ ਚੜ੍ਹਦਾ ਸੇਵਾਦਾਰ ਪਥ ਵਿਚ ਪੈਦਾ ਹੋਇਆ। ਇਕ ਪਾਸੇ ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਵੀਰ ਸਿੰਘ ਜੀ ਵਰਗੇ ਮਹਾਨ ਵਿਦਵਾਨਾ ਨੇ ਕਲਮ ਨਾਲ ਸੇਵਾ ਕੀਤੀ। ਦੂਸਰੇ ਪਾਸੇ ਭਾਈ ਕਰਮ ਸਿੰਘ ਹਿਸਟੋਰੀਅਲ ਅਤੇ ਡਾਕਟਰ ਗੰਡਾ ਸਿੰਘ ਵਰਗੇ ਇਤਿਹਾਸਕਾਰਾਂ ਨੇ ਸਿੱਖ ਸਪਿਰਟ ਪੈਦਾ ਕਰਨ ਲਈ ਇਤਿਹਾਸਕ ਵਿਰਸਾ ਪ੍ਰਗਟ ਕੀਤਾ। ਇਨ੍ਹਾਂ ਵਿਦਵਾਨਾਂ ਦੀਆਂ ਪੁਸਤਕਾਂ ਪੜ੍ਹਕੇ ਹੀ ਖਾਲਸਾਈ ਸਰਵ ਉੱਚਤਾ ਦੇ ਗਿਆਨ ਨਾਲ ਖਾਲਸਾਈ ਗੌਰਵ ਪਾਠਕਾਂ ਨੂੰ ਪ੍ਰਾਪਤ ਹੁੰਦਾ ਹੈ।



ਇਸ ਦੇ ਨਾਲ ਹੀ ਸ੍ਰੀਮਾਨ ਸੰਤ ਅਤਰ ਸਿੰਘ ਅਤੇ ਭਾਈ ਰਣਧੀਰ ਸਿੰਘ ਜੀ ਵਰਗੇ ਤਪੱਸਵੀ ਮਹਾਪੁਰਾਂ ਨੇ ਅਸਲੀ ਸਿੱਖ ਦਾ ਮਾਡਲ ਪੇ ਕਰ ਕੇ ਸਿੱਖੀ ਨੂੰ ਹੁਲਾਰਾ ਦਿੱਤਾ। ਨਾਲ ਹੀ ਚੀਫ ਖਾਲਸਾ ਦੀਵਾਨ ਨੇ ਸਿੱਖਾਂ ਵਿਚੋਂ ਅਨਪੜ੍ਹਤਾ ਦੂਰ ਕਰਨ ਲਈ ਜਗ੍ਹਾ-ਜਗ੍ਹਾ ਖਾਲਸਾ ਸਕੂਲ ਅਤੇ ਕਾਲਜ ਖੋਲ੍ਹੇ।

ਸਭ ਤੋਂ ਵੱਡੀ ਕ੍ਰਾਂਤੀਕਾਰੀ ਜੋ ਸਿੰਘ ਸਭਾ ਦੇ ਲਹਿਰ ਦੇ ਆਉਣ ਨਾਲ ਆਈ ਉਹ ਅਕਥਨੀਯ ਹੈ। ਪ੍ਰੌ ਸਰ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਜੀ ਇਸ ਦੇ ਰੂਹੇਰਵਾਂ ਸਨ।

ਗਿਆਨੀ ਦਿੱਤ ਸਿੰਘ ਜੀ ਨੇ ਕਲਮ ਨਾਲ, ਪਿਡ-ਪਿਡ ਜਾ ਕੇ ਸਟੇਜ ਤੇ ਬੋਲ ਕੇ ਅਤੇ ਧਾਰਮਕ ਬਹਿਸਾਂ ਖਾਸ ਕਰਕੇ ਆਰੀਆਂ ਸਮਾਜ ਦੇ ਬਾਨੀ ਸਾਧੂ ਦਿਆਨੰਦ ਨਾਲ ਜੋ ਖਾਲਸਾ ਪਥ ਦੀ ਸਰਵ ਸਰੇਟਾ ਦਾ ਡੰਕਾ ਵਜਾਇਆ। ਉਸ ਨਾਲ ਪਥ ਵਿਰੋਧੀ ਤਾਕਤਾਂ ਨੂੰ ਭਾਜੜਾਂ ਪੈ ਗਈਆਂ ਅਤੇ ਪਥਕ ਫੁਲਵਾੜੀ ਫਿਰ ਹਰੀ ਭਰੀ ਦਿੱਸਣ ਲੱਗ ਪਈ।

ਸ੍ਰੋਮਣੀ ਅਕਾਲੀ ਦਲ ਰਾਹੀਂ ਬਣੀਂ੍ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਿਆਸਤੀ ਪੱਖ ਭਾਰੂ ਹੋਣ ਕਰ ਕੇ ਅਤੇ ਸਹੀ ਤਰੀਕੇ ਨਾਲ ਸਿੱਖੀ ਪ੍ਰਚਾਰ ਨਾ ਹੋਣ ਕਾਰਨ ਹੁਣ ਫਿਰ ਸਿੱਖਾਂ ਵਿਚ ਉਹ ਸਭ ਕੁਰੀਤੀਆਂ ਆ ਗਈਆਂ ਹਨ ਜੋ ਸਿੰਘ ਸਭਾ ਲਹਿਰ ਦੇ ਮੁੱਢ ਵਿਚ ਸਨ। ਵੱਡੇ-ਵੱਡੇ ਆਲੀਨ ਗੁਰਦੁਆਰੇ ਬਣ ਗਏ ਪਰ_ੁੱਧ ਆਚਰਣ ਵਾਲੇ ਪ੍ਰਚਾਰਕ ਅਲੋਪ ਹੋ ਗਏ।

ਖਾਲਸਾ ਸਕੂਲ ਅਤੇ ਕਾਲਜ ਤਾਂ ਬਹੁਤ ਹਨ ਪਰ ਜਦ ਵਿਦਿਆਰਥੀਆਂ ਦੇ ਚੇਹਰੇ-ਮੋਹਰੇ ਦੇਖਦੇ ਹਾਂ ਤਾਂ ਨਿਰਾ ਹੁੰਦੀ ਹੈ। ਕਿਉਂਕਿ ਪੜ੍ਹਾਉਣ ਵਾਲੇ ਆਪ ਸਿੱਖੀ ਸਪਿਰਟ ਤੋਂ ਕੋਰੇ ਸਿੱਖੀ ਵਿਚ ਪ੍ਰਪੱਕ ਨਹੀਂ। ਬਲਕਿ ਅਨੇਕਾਂ ਸਕੂਲਾਂ ਕਾਲਜਾਂ ਵਿਚ ਨਾਸਤਕ, ਕਾਮਰੇਡੀ ਟੋਲਾ ਵਿਦਿਅਕ ਸੰਸਥਾਵਾਂ ਤੇ ਕਾਬ ਹੈ।

ਇਸ ਲਈ ਗਿਆਨੀ ਦਿੱਤ ਸਿੰਘ ਜੀ ਤਾਂ ਨਹੀਂ ਆ ਸਕਦੇ ਪਰ ਅਸੀਂ ਉਨ੍ਹਾਂ ਦੀ ਲਿਖੀ ਪੁਸਤਕ ਨਕਲੀ ਸਿੱਖ ਪ੍ਰਬੋਧ ਰਾਹੀਂ ਪਾਠਕਾਂ ਦੀ ਸਾਂਝ ਗਿਆਨੀ ਦਿੱਤ ਸਿੰਘ ਜੀ ਨਾਲ ਪੁਆ ਰਹੇ ਹਾਂ। ਇਹ ਪੁਸਤਕ ਜਿਨੀ ਗਿਆਨੀ ਜੀ ਵੇਲੇ ਸਾਰਥਕ ਸੀ ਉਨ੍ਹੀਂ ਹੀ ਇਸ ਦੀ ਲੋੜ ਅੱਜ ਵੀ ਹੈ। ਫਰਕ ਸਿਰਫ ਇਨਾਂ ਹੈ ਕਿ ਉਸ ਵੇਲੇ ਕਾਮਰੇਡੀ ਨਾਸਤਕੀ ਟੋਲਾ ਪਰਵੇ ਨਹੀਂ ਕੀਤਾ ਸੀ ਅਤੇ ਾਇਦ ਪਥ ਲਈ ਸਭ ਤੋਂ ਹਾਨੀਕਾਰਕ ਖੁਲ੍ਹੇ ਦਾੜ੍ਹੇ ਵਾਲੇ, ਉੱਪਰ ਦੀ ਕਿਰਪਾਨਾਂ ਪਾਉਣ ਵਾਲੇ ਉਹ ਅਖੌਤੀ ਮਿਨਰੀ ਹਨ ਜੋ ਧੁਰ ਅਦਰੋਂ ਕਾਮਰੇਡੀ ਸੋਚ ਦੇ ਧਾਰਨੀ ਹਨ। ਇਨ੍ਹਾਂ ਬਾਰੇ ਅਸੀਂ ਆਪਣੀਆਂ ਕਿਤਾਬਾਂ ਸਭ ਦੁਸਟ ਝਖ ਮਾਰਾ" ਅਤੇ ਕਾਮਰੇਡੀ ਸਿੱਖਾਂ ਦੇ ਕੌਤਕ (ਦੋ ਭਾਗ) ਵਿਚ ਖੁੱਲ੍ਹ ਕੇ

ਚਰਚਾ ਕੀਤੀ ਹੈ।

ਗਿਆਨੀ ਦਿਤ ਸਿੰਘ ਜੀ ਨੇ ਇਸ ਪੁਸਤਕ ਵਿਚ ਅਸਲੀ ਸਿੱਖ ਅਤੇ ਨਕਲੀ ਸਿੱਖ ਦੇ ਪਾਤਰ ਸਿਰਜ ਕੇ ਅਤੇ ਬਹਿਸ ਕਰਾ ਕੇ ਖਾਲਸਾ ਪਥ ਦਾ ਨਿਆਰਾਪਣ ਪਰਗਟ ਕੀਤਾ ਹੈ। ਇਸ ਦੇ ਨਾਲ ਹੀ ਸਿੱਖੀ ਸਿਧਾਂਤ ਅਤੇ ਰਹੁ-ਰੀਤਾਂ ਅਤੇ ਸਿੱਖੀ ਰਹਿਤ ਨੂੰ ਸਨਾਤਨੀ ਪ੍ਰਪਰਾਵਾਂ ਤੋਂ ਨਿਖੇੜਕੇ ਉਤਮਤਾ ਪਰਗਟ ਕੀਤੀ ਹੈ। ਇਸ ਕਿਤਾਬ ਨੂੰ ਅਸੀਂ ਭਾਈ ਕਾਨ੍ਹ ਸਿੰਘ ਨਾਭਾ ਦੀ ਸੌ ਸਾਲ ਪਹਿਲਾਂ ਰਚਿਤ ਪੁਸਤਕ ਹਮ ਹਿੰਦੂ ਨਹੀਂ ਦਾ ਛੋਟਾ ਰੂਪ ਕਹਿ ਸਕਦੇ ਹਾਂ। ਇਸ ਤੋਂ ਇਲਾਵਾ ਇਸ ਪੁਸਤਕ ਤੋਂ ਪਥਕ ਉੱਨਤੀ ਲਈ ਗਿਆਨੀ ਦਿਤ ਸਿੰਘ ਜੀ ਦੇ ਹਿਰਦੇ ਵਿਚ ਤੜਪ, ਪਥਕ ਪਿਆਰ ਅਤੇ ਬਿਹਬਲਤਾ ਦੇ ਭੀ ਦਰਨ ਹੁੰਦੇ ਹਨ।

ਪਹਿਲਾਂ ਇਹ ਪੁਸਤਕ 1974 ਵਿਚ ਸ੍ਰੀ ਗੁਰੂ ਸਿੰਘ ਸਭਾ ਤਾਬਦੀ ਦੇ ਕਮੇਟੀ, ਤੇਜਾ ਸਿੰਘ ਸਮੁਦਰੀ ਹਾਲ ਅਮ੍ਰਿਤਸਰ ਵੱਲੋਂ ਛਾਪੀ ਗਈ ਸੀ। ਹੁਣ ਅਸੀਂ ਇਸ ਨਾਯਾਬ ਪੁਸਤਕ ਨੂੰ ਛਪਣ ਦਾ ਮਾਣ ਹਾਸਲ ਕਰ ਰਹੇ ਹਾਂ। ਉਮੀਦ ਹੈ ਪਾਠਕ ਜਦ ਇਸ ਪੁਸਤਕ ਨੂੰ ਪੜ੍ਹ ਕੇ ਸਿੱਖੀ ਸਿਧਾਂਤ ਅਤੇ ਸਿੱਖ ਵਿਰਸੇ ਨਾਲ ਜੁੜਨ ਲਈ ਉਤਾਹਿਤ ਹੋ ਕੇ ਬਾਣੀ, ਬਾਣੇ ਦੇ ਧਾਰਨੀ ਹੋ ਕੇ ਪਥਕ ਫੁਲਵਾੜੀ ਅਗ ਬਣਨ ਵਿਚੰ ਰ ਮਹਿਸੂਸ ਕਰਨਗੇ।


ਦਾਸ

**ਕੰਵਰ ਅਜੀਤ ਸਿੰਘ**

ਗੁਰਮਤਿ ਵੀਚਾਰ ਕੇਂਦਰ

ਰਣਜੀਤ ਨਗਰ ਸਿਉਨਾ ਰੋਡ, ਪਟਿਆਲਾ।

98151-56818, 95●18-77116




## ਗੁਰਮਤਿ ਵਿਚਾਰ ਕੇਂਦਰ ਦੀ ਸੇਵਾ ਦਾ ਵੇਰਵਾ

ਪਿਛਲੇ ਤਕਰੀਬਨ ਗਿਆਰਾਂ ਸਾਲਾਂ ਤੋਂ ਸਿੱਖ ਧਰਮ ਦੇ ਇਤਿਹਾਸ, ਸਿੱਖੀ ਸਿਧਾਂਤ, ਗੁਰ ਬਦ ਵੀਚਾਰ ਅਤੇ ਚਲੰਤ ਮਸਲਿਆਂ ਬਾਰੇ ਛੋਟੇ ਛੋਟੇ ਟ੍ਰੈਕਟ ਲਿਖ ਕੇ ਧਾਰਮਕ ਜੋੜ ਮੇਲਿਆਂ ਤੇ ਭੇਟਾ ਰਹਿਤ ਵੰਡੇ ਜਾ ਰਹੇ ਹਨ । ਇਨ੍ਹਾਂ ਟ੍ਰੈਕਟਾਂ ਦੀ ਗਿਣਤੀ ਹੁਣ 98 ਤੱਕ ਪੁੱਜ ਗਈ ਹੈ । ਰਣਜੀਤ ਸਿੰਘ ਨਗਰ ਵਿੱਚ ਦੋ ਧਾਰਮਿਕ ਅਸਥਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪਾਠ ਦੀ ਸੰਥਿਆ ਦੀ ਸੇਵਾ ਚੱਲ ਰਹੀ ਹੈ । ਇਸ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਕੀਰਤਨ ਅਤੇ ਗਤਕਾ ਵੀ ਸਿਖਾਇਆ ਜਾ ਰਿਹਾ ਹੈ । ਬੱਚਿਆਂ ਨੇ ਇਹਨਾਂ ਵਿਿਆਂ ਦੇ ਮੁਕਾਬਲਿਆਂ ਵਿੱਚ ਉਚ ਪੱਧਰੀ ਇਨਾਮ ਪ੍ਰਾਪਤ ਕੀਤੇ ਹਨ । ਸਿੱਖੀ ਪ੍ਰਚਾਰ ਅਤੇ ਸਿੱਖ ਵਿਰੋਧੀ ਪ੍ਰਚਾਰ ਨੂੰ ਠੱਲ ਪਾਉਣ ਲਈ ਹੇਠ ਲਿਖੀਆਂ ਪੁਸਤਕਾਂ ਅਤੇ ਕਿਤਾਬਚੇ ਵੀ ਪ੍ਰਕਾਤਿ ਕੀਤੇ ਹਨ ।

1. ਸਭ ਦੁਟ ਝਖ ਮਾਰਾ ਗੁਰਬਖ ਸਿੰਘ ਕਾਲਾ ਅਫਗਾਨਾ ਦੀਆਂ ਲਿਖਤਾਂ ਦਾ ਉੱਤਰ ।
2. ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਕ ਪੱਖ ।
3. ਕਾਮਰੇਡੀ ਸਿੱਖਾਂ ਦੇ ਕੌਤਕ ਇੰਦਰ ਸਿੰਘ ਘੱਗਾ ਅਤੇ ਸੁਖਵਿੰਦਰ ਸਿੰਘ (ਸਭਰਾ ਦੀਆਂ ਲਿਖਤਾਂ ਦਾ ਉੱਤਰ) (ਭਾਗ ਪਹਿਲਾ)
4. ਕਾਮਰੇਡੀ ਸਿੱਖਾਂ ਦੇ ਕੌਤਕ (ਭਾਗ ਦੂਜਾ)
5. ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਨੋਤਰੀ ।
6. ਸਤਿਗੁਰ ਬਾਝਹੁ ਗੁਰ ਨਹੀ ਕੋਈ ਰਾਧਾ ਸੁਆਮੀ, ਨਿਰੰਕਾਰੀ ਅਤੇ ਕੂਕਿਆਂ ਬਾਰੇ ।
7. ਗੰਜੇ ਹੀਦਾਂ ਜੋਗੀ ਅਲ੍ਹਾ ਯਾਰ ਖਾਂ ਦੀ ਕਵਿਤਾ ਔਖੇ ਅੱਖਰਾਂ ਦੇ ਅਰਥਾਂ ਸਮੇਤ।
8. ਗਿਆਨੀ ਦਿੱਤ ਸਿੰਘ ਦਾ ਸਾਧੂ ਦਯਾਨੰਦ ਨਾਲ ਸੰਵਾਦ ।
9. ਪਥ ਕਰੂਗਾ ਫੈਸਲਾ
1●. ਬਾਬੇ ਦੀ ਬਦਾਦ ਫੇਰੀ (ਅੱਖੀਂ ਦੇਖੀ ਹੱਡ ਬੀਤੀ)
11. ਤੇ ਸੰਤ ਭਲੇ ਗੁਰਸਿਖ ਹੈ (ਸਵਃ ਸ੍ਰ. ਦਲੀਪ ਸਿੰਘ ਛੀਨਾ 1898-1992)
12. ਅਬਿਨਾਸੀ ਲੀਲ੍ਹਾ (ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਪੁਸਤਕ)
13. ਗੁਰਮਤਿ ਸੇਧਾਂ (ਭਾਗ 1)
14. ਗੁਰਮਤਿ ਸੇਧਾਂ (ਭਾਗ 2)
15. ਗੁਰਮਤਿ ਸੇਧਾਂ (ਭਾਗ 3)
16. ਗੁਰਮਤਿ ਸੇਧਾਂ (ਭਾਗ 4)

ਸਤਿਗੁਰ ਪ੍ਰਸਾਦਿ।।

# ਨਕਲੀ ਸਿੱਖ ਪ੍ਰਬੋਧ

**ਦੋਹਰਾ**

ਤਨ ਮਨ ਧਨ ਸਰਬੰਸ ਹੀ ਦੀਨਾ ਜਿਸ ਪਰ ਵਾਰ।
ਹਾਇ ਤਿਸੀ ਅਬ ਪਥ ਨੇ ਗੁਰ ਕੋ ਦਿਯੋ ਵਿਸਾਰ।। 1।।
ਗੁਰਮਤਿ ਕੋ ਆਦਰ ਨਹੀ ਅਨਮੱਤੋਂ ਕੇ ਦਾਸ।
ਕਹੋ ਭਲਾ ਇਸ ਕਰਮ ਤੇ ਕਿਉਂ ਹੋ ਕਾਰਜ ਰਾਸ ।।2।।
ਗੁਰੂ ਗ੍ਰੰਥ ਕੁਛ ਕਹਿਤ ਹੈ ਯਹ ਕਰ ਹੈਂ ਕੁਛ ਔਰ।
ਕਹੋ ਅਜੇਹਾ ਖਾਲਸਾ ਕਿਉਂ ਪਾਵੇ ਗੁਰ ਠੌਰ।।3।।
ਕਹਨੀ ਸੂਰਤ ਸਿੰਘ ਕੀ ਰਹਨੀ ਗੀਦੜ ਦੇਖ।
ਗੁਰ ਆਗਾ ਕਰ ਭੰਗ ਇਨ ਹਰ ਲੀਨੇ ਨਿਜ ਲੇਖ।। 4।।
ਗੁਰੂ ਬਨਾਏ ਔਰ ਥੇ ਇਹ ਬਨ ਬੈਠੇ ਔਰ।
ਬਨੇ ਭੂੰਡ ਯਹ ਗੋਬਰੀ ਗੁਰ ਕੀਨੇ ਥੇ ਭੌਰ।।5।।
ਗੁਰ ਨੇ ਖਾਲਸ ਪਥ ਕੇ ਇਹ ਕੀਨੇ ਥੇ ਹੰਸ।
ਯਹ ਕੁਰੀਤ ਦਾਦਰ ਭਖੇਂ ਬਨ ਕਰ ਬਗੁਲਾ ਬੰਸ ।।6।।
ਜਿਸ ਦੀ ਾਤਰ ਆਖਣਾ ਮੈਨੂੰ ਪਿਆ ਰੂਰ।
ਮਨ ਵਿਚ ਏਪਰ ਡਰ ਰਿਹਾ ਮਤ ਪੈ ਜਾਇਂ ਭੂਰ।।7।।
ਪਰ ਬੁੱਲ੍ਹੇ ਦੀ ਬਾਤ ਇਹ ਕਰ ਕੇ ਮੈਂ ਹੁਨ ਯਾਦ।
ਗੁਰ ਅਰ ਸੱਚੇ ਪਥ ਪੈ ਕਰਦਾ ਹਾਂ ਰਯਾਦ।। 8।।

**ਚੌਪਈ**

ਬੁੱਲ੍ਹੇ ਾਹ ਕਹੀ ਏਹ ਕਾਂੀ।
ਜੋ ਮੇਰੀ ਹਾਲਤ ਪਰ ਕਾਂੀ।।
ਜੇ ਬੋਲਾਂ ਤਾਂ ਮਨ ਡਰ ਖਾਵੈ।
ਚੁੱਪ ਰਿਹਾ ਭੀ ਮੂਲ ਨ ਜਾਵੈ।।9।।
ਯਥਾ–ਝੂਠ ਕਹਾਂ ਜੇ ਬਚਦਾ ਹੈ।
ਸੱਚ ਆਖੇ ਭਾਂਬੜ ਮੱਚਦਾ ਹੈ।।
ਦਿਲ ਦੁਹਾਂ ਗੱਲਾਂ ਤੇ ਜਚਦਾ ਹੈ।
ਜਚ ਜਚ ਕੇ ਜਿਹਵਾ ਕਹਿੰਦੀ ਹੈ।
ਮੂਹ ਆਈ ਬਾਤ ਨ ਰਹਿੰਦੀ ਹੈ।। 10।।

**ਦੋਹਰਾ**

ਤਾਂਤੇ ਕਹਾਂ ਸੁਨਾਇ ਮੈਂ ਸਭ ਸਿੱਖੀ ਦਾ ਹਾਲ।
ਭਾਵੇਂ ਨਕਲੀ ਸਿੱਖ ਸੌ ਕੱਢਨ ਮੈਨੂੰ ਗਾਲ।। 11।।

**ਚੌਪਈ**

ਅਹੰ ਬਣੀ ਅਬ ਨਕਲੀ ਸਿੱਖੀ। ਹਮ ਅਪਨੀ ਆਖਨ ਸੌ ਪਿੱਖੀ।
ਨਾਮ ਗੁਰੂ ਕਾ ਕਰਾ ਬਹਾਨਾ। ਛੋਡ ਧਰਮ ਸਭ ਦਿਯੋ ਨਿਦਾਨਾ।
ਦਸਮ ਗੁਰੂ ਉਪਦੇ ਵਿਸਾਰੇ। ਮਨਮਤ ਮਹਿੰ ਸਭ ਕਰਤ ਗੁਾਰੇ।
ਕਹੋ ਜਗਤ ਮਹਿੰ ਕਿਉਂ ਥਿਰ ਰਹਿ ਹੈ। ਜੋ ਗੁਰ ਬਚਨਾਂ ਝੂਠੇ ਕਹਿ ਹੈ।
ਅਬ ਨਕਲੀ ਸਿਖੀ ਕੀ ਗਾਥਾ। ਸੁਨੋ ਖਾਲਸਾ ਮਨ ਕੇ ਸਾਥਾ।

## ਵਾਰਤਕ

ਮੇਰੇ ਪਯਾਰੇ ਪਾਠਕੋ ਜੋ ਕੁਛ ਮੈਂ ਇਸ ਪੋਥੀ ਵਿੱਚ ਲਿਖਿਆ ਹੈ ਸੋ ਕੋਈ ਕਿੱਸਾ ਕਹਾਣੀ ਯਾ ਕਿਸੇ ਤਰ੍ਹਾਂ ਦਿਲ ਦੇ ਪਰਚਾਵੇ ਦੀ ਕਥਾ ਨਹੀਂ ਹੈ, ਪ੍ਰਤੂ ਇਸ ਵਿਚ ਉਹਨਾਂ ਅਕ੍ਰਿਤਘਣਾਂ ਪੁਰਾਂ ਦਾ ਵਰਨਣ ਹੈ, ਜਿਨ੍ਹਾਂ ਨੇ ਅਪਨੇ ਦਸਮ ਗੁਰੂ ਜੀ ਦੇ ਵਡੇ–ਵਡੇ ਉਪਕਾਰਾਂ ਨੂੰ ਭੁਲਾ ਦਿੱਤਾ ਹੈ ਜੋ ਉਨ੍ਹਾਂ ਨੇ ਅਪਨੇ ਘਰ, ਧਨ, ਮਾਲ, ਪਯਾਰੇ ਪੁੱਤ੍ਰ ਅਤੇ ਸਰੀਰ ਨੂੰ ਭੀ ਏਨ੍ਹਾਂ ਪਰ ਕੁਰਬਾਨ ਕਰ ਕੇ ਕੀਤੇ ਸੀ, ਅਤੇ ਉਸ ਦਾ ਬਦਲਾ ਅੱਜ ਕੱਲ ਦੇ ਸਿੱਖ ਇਹ ਦੇਂਦੇ ਹਨ ਕਿ ਉਨ੍ਹਾਂ ਦੇ ਅਸਲੀ ਧਾਰਮਿਕ ਉਪਦੇਾਂ ਦੀ ਨਕਲ ਕਰਦੇ ਹਨ; ਇਸੀ ਵਾਸਤੇ ਇਸ ਪੋਥੀ ਦਾ ਨਾਉਂ ਨਕਲੀ ਸਿੱਖ ਪ੍ਰਬੋਧ ਰੱਖਿਆ ਹੈ; ਅਰਥਾਤ ਨਕਲੀ ਸਿੱਖਾਂ ਪ੍ਰਤਿ ਉਪਦੇ। ਇਨ੍ਹਾਂ ਅਕ੍ਰਿਤਘਣਾਂ ਨੂੰ ਮੈਂ ਭਾਈ ਗੁਰਦਾਸ ਜੀ ਦੀ ਇਸ ਪਉੜੀ ਦਾ ਸਰਟੀਫਿਕੇਟ* ਦਿੰਦਾ ਹਾਂ ਜੋ ਉਨ੍ਹਾਂ ਨੇ ਅਕ੍ਰਿਤਘਣਾਂ ਪੁਰਖਾਂ ਪਰ ਆਖੀ ਹੈ :

---

*ਨੇਕ ਨਾਮੀ ਦੀ ਗਵਾਹੀ।

**ਪਉੜੀ**

**ਮਦ ਵਿਚ ਰਿਧਾ ਪਾਇ ਕੈ ਕੁਤੇ ਦਾ ਮਾਸੁ।**
**ਧਰਿਆ ਮਾਣਸ ਖੋਪਰੀ ਤਿਸੁ ਮਦੀ ਵਾਸੁ।**
**ਰਤੁ ਭਰਿਆ ਕਪੜਾ ਕਰਿ ਕਜਣੁ ਤਾਸੁ।**
**ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।**
**ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।**
**ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ।।੯।।**

(ਵਾ. ਭਾ. ਗੁ.-**35/9**)

ਭਾਈ ਸਾਹਿਬ ਦਾ ਇਹ ਕਥਨ ਇਨ੍ਹਾਂ ਨਕਲੀ ਸਿੱਖ ਯਾ ਨਕਲੀ ਖਾਲਸਾ ਪਰ ਠੀਕ **2** ਤੌਰ ਪਰ ਘਟਦਾ ਹੈ, ਅਤੇ ਇਹ ਨਕਲੀ ਕਚਘਰੜ ਖਾਲਸਾ ਅਜੇਹਾ ਹੀ ਦੁਰਭਾਗ ਆਖਯਾ ਜਾਵੇ ਤਾਂ ਕੋਈ ਦੋ ਨਹੀਂ ਹੈ।

ਹਿੰਦੂ, ਮੁਸਲਮਾਨ ਅਤੇ ਈਸਾਈ ਏਨ੍ਹਾਂ ਤਿੰਨਾਂ ਕੌਮਾਂ ਨੂੰ ਜੋ ਅਕਾਲ ਪੁਰਖ ਨੇ ਭਾਗ ਲਾਯਾ ਹੈ ਅਤੇ ਇਹ ਵੱਡੀਆਂ-ਵੱਡੀਆਂ ਕੌਮਾਂ ਬਣੀਆਂ ਹੋਈਆਂ ਹਨ, ਇਹ ਦਾ ਏਹੋ ਕਾਰਣ ਹੈ ਕਿ ਓਹ ਆਪਣੇ ਵੱਡਿਆਂ ਅਰਥਾਤ ਗੁਰਾਂ ਦੇ ਉਪਕਾਰਾਂ ਨੂੰ ਨਹੀਂ ਭੁਲਾਉਂਦੀਆਂ ਭਾਵੇਂ ਓਹ ਕੇਹੇ ਹੀ ਕਯੋਂ ਨ ਹੋਣ, ਜਿਸ ਤੇ ਪਹਿਲੇ ਅਸੀਂ ਇਨ੍ਹਾਂ ਦਾ ਥੋੜ੍ਹਾ-ਥੋੜ੍ਹਾ ਹਾਲ ਲਿਖਦੇ ਹਾਂ।

# ਹਿੰਦੂਆਂ ਦਾ ਹਾਲ

**1**-ਦੇਖੋ ਸ੍ਰੀ ਰਾਮ ਚੰਦ੍ਰ ਜੀ ਮਹਾਰਾਜ ਜੋ ਰਾਜਾ ਦਸਰਥ ਦੇ ਪੁੱਤ੍ਰ ਸੇ ਓਹ ਇੱਕ ਘਰ ਦੇ ਝਗੜੇ-ਮਤਰੇਈ ਦੇ ਦੁੱਖ ਤੇ ਬਨਵਾਸ ਨੂੰ ਭੇਜੇ ਗਏ ਸੇ। ਸੀਤਾ ਜੀ ਜੋ ਉਨ੍ਹਾਂ ਦੀ ਪਤਿਬ੍ਰਤਾ ਸੁਪਤਨੀ ਸੀ ਜੋ ਅਪਨੇ ਧਰਮ ਪਾਲਨ ਲਈ ਉਨ੍ਹਾਂ ਦੇ ਨਾਲ ਚਲੀ ਗਈ ਸੀ ਜਿਸ ਨੂੰ ਰਾਵਣ ਹੰਕਾਰੀ ਨੇ ਛਲ ਨਾਲ ਘਰ ਲਿਆ ਕੇ ਕੈਦ ਰੱਖਿਆ। ਉਸ ਪਰ ਸ੍ਰੀ ਰਾਮ ਚੰਦ੍ਰ ਜੀ ਨੇ ਅਪਨੀ ਇਸਤ੍ਰੀ ਦੀ ਪ੍ਰੀਤਿ ਅਤੇ ਦੁਟ ਪੁਰ ਦੇ ਪਜੇ ਵਿਚੋਂ ਕੱਢਨ ਦੇ ਖਯਾਲ ਨਾਲ ਸੁਗ੍ਰੀਵ ਆਦਿਕ ਰਾਜਿਆਂ ਨੂੰ ਅਪਨੀਆਂ ਭੁਜਾਂ ਦੇ ਬਲ ਦਿਖਾ ਕੇ ਬਾਲੀ ਨੂੰ ਮਾਰ ਅਤੇ ਵੱਡਾ ਭਾਰੀ ਦਲ ਸਾਜ ਕੇ ਲੰਕਾ ਪਰ ਜਾ ਕੇ ਧਾਵਾ ਕੀਤਾ ਅਤੇ ਲੜਾਈ ਕੀਤੀ ਔਰ ਰਾਵਣ ਨੂੰ ਮਾਰ ਕੇ ਅਪਨੀ ਸੁਪਤਨੀ ਨੂੰ ਘਰ ਆਂਦਾ। ਏਹ ਸਾਰੀ ਰਾਮਾਯਣ ਦੀ ਸੰਖੇਪ ਕਥਾ ਦਾ ਤਾਤਪਰਜ ਹੈ ਜਿਸ ਤੇ ਸਿਧਾਂਤ ਏਹ ਨਿਕਲਦਾ ਹੈ ਕਿ ਸ੍ਰੀ ਰਾਮ ਚੰਦ੍ਰ ਜੀ ਦਾ ਜੰਗ ਹਿੰਦੁਸਤਾਨ ਦੇ ਲਾਭ



ਯਾ ਭਲਾਈ ਦੇ ਨਾਲ ਇਤਨਾ ਕੋਈ ਸੰਬੰਧ ਨਹੀਂ ਰੱਖਦਾ ਸੀ ਕੇਵਲ ਅਪਨੀ ਇਸਤ੍ਰੀ ਦੀ ਪ੍ਰੀਤਿ ਦਾ ਸਾਰਾ ਸਾਧਨ ਸੀ ਅਤੇ ਏਹ ਅਵੱਯ ਕਰਨਾ ਚਾਹੀਦਾ ਸੀ ਕਿਉਂਕਿ ਅੱਜ ਕੱਲ ਭੀ ਜੇ ਕੋਈ ਦ ਮੁਤਾਰ ਹੋਵੇ ਤਾਂ ਇਹੋ ਕੰਮ ਕਰੇ ਜੋ ਸ੍ਰੀ ਰਾਮ ਚੰਦ੍ਰ ਜੀ ਨੇ ਕੀਤਾ ਸੀ; ਅਤੇ ਜੇ ਦ-ਮੁਤਾਰ ਨਾ ਹੋਵੇ ਤਾਂ ਰੂਰ ਹੈ ਕਿ ਅਦਾਲਤ ਵਿਚ ਜਾ ਕੇ ਬਦਲਾ ਲਵੇ। ਇਸ ਤੇ ਏਹ ਸਾਂ ਸਿੱਧ ਹੈ ਕਿ ਸ੍ਰੀ ਰਾਮ ਚੰਦ੍ਰ ਜੀ ਦਾ ਸਾਰਾ ਯਤਨ ਅਪਨੇ ਸੁਖ ਲਈ ਸੀ, ਉਸ ਥੋਂ ਹੋਰ ਕਿਸੇ ਦਾ ਕੁਝ ਭੀ ਨਹੀਂ ਸੌਰਦਾ ਸੀ।

ਕਈ ਕੁ ਲੋਕ ਸ੍ਰੀ ਰਾਮ ਚੰਦ੍ਰ ਜੀ ਅਤੇ ਰਾਵਣ ਦੀ ਲੜਾਈ ਵਿਚ ਆਪਨੀ ਰਾਇ ਇਹ ਭੀ ਦਿੰਦੇ ਹਨ ਕਿ ਰਾਵਣ ਜਾਤ ਦਾ ਬ੍ਰਾਹਮਨ ਅਰ ਵੱਡਾ ਭਾਰੀ ਪਡਤ ਸੀ, ਐਥੋਂ ਤਕ ਕਿ ਰਾਵਣ ਦਾ ਵੇਦ ਭਾ ਸਾਰੇ ਭਾ ਨਾਲੋਂ ਪ੍ਰਸਿੱਧ ਹੈ। ਇਸ ਤੇ ਏਹ ਸਿੱਧ ਹੁੰਦਾ ਹੈ ਕਿ ਉਹ ਵੱਡਾ ਵਿਦ੍ਵਾਨ ਅਤੇ ਵੇਦਾਂ ਦਾ ਗਯਾਤਾ ਸੀ। ਦੂਸਰਾ ਉਹ ਵਿ ਜੀ ਦਾ ਭਗਤ ਸੀ ਜਿਸ ਤੇ ਉਸ ਦਾ ਰਚਿਆ ਹੋਯਾ ਵਿ ਅਸਤੋਤਰ ਪੜ੍ਹਨ ਤੇ ਉਸ ਦੀ ਵਿੱਦਯਾ ਅਤੇ ਬੁੱਧੀ ਨੂੰ ਜਾਨ ਸਕੀਦਾ ਹੈ ਜੋ ਕੈਸਾ ਚਤਰ ਸੀ। ਉਹ ਹਿੰਦੂ ਧਰਮ ਵਿੱਚ ਐਸਾ ਹੀ ਪੂਰਾ ਸੀ ਜੈਸੇ ਕਿ ਅੱਜ ਕੱਲ ਦੌ ਵੀ ਲੋਗ ਹਨ।

ਤੀਸਰਾ ਉਹ ਪਲੁਸਤ ਰਿਖੀ ਦਾ ਪੁੱਤਰ ਸੀ ਔਰ ਬ੍ਰਹਮਾ ਜੀ ਦਾ ਪੋਤਾ ਸੀ ਜਿਸ ਤੇ ਉਸਦਾ ਪਿਛਲਾ 'ਨਦਾਨ ਭੀ ਛੋਟਾ ਯਾ ਕਮੀਨਾ ਨਹੀਂ ਸੀ।

ਚੌਥਾ ਉਸ ਦੀ ਸੂਰਬੀਰਤਾ ਦੀ ਅਰ ਰਾਜ ਤੇਜ ਦੀ ਗਵਾਹੀ ਰਾਮਾਇਣ ਦੇ ਰਹੀ ਹੈ ਜੋ ਉਸਨੇ ਇੰਦਰ ਜੈਸੇ ਵੱਡੇ-ਵੱਡੇ ਰਾਜਿਆਂ ਨੂੰ ਆਪਨੇ ਅਧੀਨ ਕਰ ਛੱਡਿਆ ਸੀ। ਇਸੀ ਪ੍ਰਕਾਰ ਉਸ ਦੇ ਹੋਮ ਯੱਗ ਆਦਿ ਵਿਹਾਰ ਐਸੇ ਹੀ ਸੇ ਜੈਸੇ ਵੇਦ ਦੇ ਅਨੁਸਾਰੀਆਂ ਦੇ ਹੁੰਦੇ ਹਨ। ਪ੍ਰਤੂ ਅਜੇਹੇ ਗੁਣਾਂ ਵਾਲੇ ਰਾਜਾ ਨੇ ਸੀਤਾ ਨੂੰ ਚੁਰਾਕੇ ਲੈ ਆਂਦਾ ਜੋ ਅੱਛੇ ਪੁਰਖਾਂ ਦਾ ਕੰਮ ਨਹੀਂ ਸੀ। ਇਸੇ ਵਾਸਤੇ ਉਸ ਨੂੰ ਮਨੁੱਖ-ਪੁਣੇ ਦੀ ਹੱਦੋਂ ਕੱਢ ਕੇ ਲੋਕਾਂ ਨੇ ਰਾਕ ਪਦਵੀ ਦੇ ਦਿੱਤੀ ਪਰੰਤੂ ਵਿਚਾਰ ਕੇ ਦੇਖੀਏ ਤਾਂ ਇਸ ਵਿਚ ਰਾਵਣ ਦਾ ਅਪਰਾਧ ਇਤਨਾ ਨਹੀਂ ਹੈ ਜਿਤਨਾ ਕਿ ਲੋਕਾਂ ਨੇ ਉਸ ਪਰ ਲਾ ਕੇ ਭੰਡਿਆ ਹੈ; ਕਿਉਂਕਿ ਉਸ ਨੇ ਏਹ ਕੁਕਰਮ ਜੋ ਕੀਤਾ ਸੀ ਸੋ ਆਪਣੀ ਭੈਣ ਦੇ ਨਕਟੀ ਹੋਨੇ ਪਰ ਕਰੋਧ ਵਿੱਚ ਆ ਕਰਕੇ ਕੀਤਾ ਸੀ ਜੈਸਾ ਕਿ ਰਾਮਾਇਣ ਵਿਚ ਲਿਖਯਾ ਹੈ ਕਿ ਜਦ ਰਾਮਚੰਦ੍ਰ ਜੀ ਬਨ ਵਿਚ ਗਏ ਤਦ ਰਾਵਣ ਦੀ ਭੈਣ ਜਿਸ ਦਾ ਨਾਉਂ ਸੂਪਨਖਾਂ ਸੀ ਉਨ੍ਹਾਂ ਦੇ ਰੂਪ ਨੂੰ ਦੇਖ ਕੇ ਭੁੱਲ ਗਈ ਸੀ, ਜੋ ਉਨ੍ਹਾਂ ਦੇ

ਆਤਮਾ ਨੂੰ ਬਿਭਚਾਰ ਕਰਨ ਵਲ ਪ੍ਰੇਰਦੀ ਸੀ। ਪਹਿਲੇ ਤਾਂ ਰਾਮਚੰਦ੍ਰ ਜੀ ਨੇ ਉਸ ਨੂੰ ਬਹੁਤ ਸਮਝਾਇਆ ਪਰੰਤੂ ਜਦ ਉਹ ਨ ਸਮਝੀ ਸਗੋਂ ਕਲੇ ਕਰਨ ਲੱਗੀ ਤਦ ਰਾਮਚੰਦ੍ਰ ਜੀ ਨੇ ਉਸ ਦਾ ਨੱਕ ਵੱਢ ਕੇ ਨਕਟੀ ਕਰ ਦਿੱਤਾ।

ਇਸ ਬਾਤ ਦੀ ਖਬਰ ਪਾਕੇ ਰਾਵਣ ਨੂੰ ਤਨੋਂ ਮਨੋਂ ਅੱਗ ਲੱਗ ਗਈ ਅਤੇ ਚਿੱਤ ਵਿੱਚ ਏਹੋ ਸੰਕਲਪ ਕੀਤਾ ਕਿ ਮੈਂ ਜਿਤਨਾ ਚਿਰ ਉਸ ਤਪੀਰ ਦੀ ਇਸਤ੍ਰੀ ਨੂੰ ਚੁਰਾਕੇ ਨਾ ਲਿਆਵਾਂ ਤਦ ਤਕ ਮੈਨੂੰ ਖਾਣਾ ਪੀਣਾ ਭੀ ਹਰਾਮ ਹੈ। ਇਸ ਪਰ ਉਸਨੇ ਬਨ ਵਿੱਚ ਜਾ ਕੇ, ਸੀਤਾ ਨੂੰ ਚੁਰਾਕੇ ਆਪਣੀ ਭੈਣ ਦੇ ਨੱਕ ਵਾਲੀ ਅੱਗ ਨੂੰ ਂਤ ਕੀਤਾ ਸੀ। ਪਰੰਤੂ ਰਾਵਣ ਨੇ ਜੋ ਕੁਛ ਕੀਤਾ ਸੋ ਅਪਨੀ ਅਕਲ ਦੇ ਮੁਤਾਬਕ ਠੀਕ ਕੀਤਾ ਸੀ ਕਿਉਂਕਿ ਅੱਜ ਕੱਲ ਭੀ ਜੇ ਕੋਈ ਕਿਸੇ ਦੀ ਧੀ ਭੈਣ ਨੂੰ ਕਲੰਕਤ ਕਰੇ ਭਾਵੇਂ ਉਹ ਬੁਰੀ ਹੀ ਕਯੋਂ ਨਾ ਹੋਵੇ ਰੂਰ ਹੈ ਕਿ ਉਹ ਉਸਦਾ ਬਦਲਾ ਓਹੋ ਜਿਹਾ ਹੀ ਲੇਵੇ ਜੋ ਰਾਵਣ ਨੇ ਲੀਤਾ ਸੀ। ਜੇ ਅਪਨੇ ਵਿੱਚ ਸਮਰੱਥਾ ਨਹੀਂ ਦੇਖੇਗਾ ਤਾਂ ਅਦਾਲਤ ਵਿਚ ਜਾ ਕੇ ਰੂਰ ਹੈ ਕਿ ਭੈਣ ਦੇ ਨੱਕ ਕੱਟਣ ਵਾਲੇ ਨੂੰ ਤਾਰੀਰਾਤ ਹਿੰਦ ਦੀ ਦਫਾ ਦੇ ਮੂਜਬ ਸਾ ਦੁਵਾਏਗਾ। ਤਾਂਤੇ ਇਹ ਜੰਗ ਕੇਵਲ ਆਪਸ ਦੀ ਦਿ ਦਾ ਸੀ ਕੋਈ ਧਰਮ ਨਾਲ ਸੰਬੰਧ ਨਹੀਂ ਰੱਖਦਾ ਸੀ।

ਭਾਵੇਂ ਇਸ ਤਰ੍ਹਾਂ ਦੀ ਰਾਇ ਦੇਣ ਵਾਲੇ ਪੁਰਖਾਂ ਨੂੰ ਅਸੀਂ ਝੂਠੇ ਨਹੀਂ ਆਖਦੇ, ਪਰੰਤੂ ਇਤਨਾ ਰੂਰ ਆਖਾਂਗੇ ਕਿ ਰਾਮ ਚੰਦਰ ਜੀ ਨੇ ਜੋ ਸਲੂਕ ਛਤ੍ਰੀ ਰਾਜਾ ਹੋ ਕਰ ਸੂਪਨਖਾਂ ਨਾਲ ਕੀਤਾ ਸੀ ਸੋ ਉਸਦੇ ਦੁਰਾਚਾਰ ਕਰਮ ਦਾ ਫਲ ਸੀ, ਕਿਉਂਕਿ ਉਹ ਇਕ ਧਰਮ ਵਿਰੁੱਧ ਕਾਰਜ ਵਿੱਚ ਪਰਵਿਰਤ ਕਰਾਉਣਾ ਚਾਹੁੰਦੀ ਸੀ ਪਰੰਤੂ ਰਾਵਣ ਨੇ ਜੋ ਬ੍ਰਾਹਮਨ ਵੇਦ ਵੇਤਾ ਅਤੇ ਰਾਜਾ ਹੋ ਕਰ ਉਸਦਾ ਬਦਲਾ ਇੱਕ ਧਰਮਾਤਮਾ ਪਤਿਬ੍ਰਤਾ ਸਤਵੰਤੀ ਮਹਾਰਾਣੀ ਪਰ ਕੱਢਿਆ ਸੋਈ ਉਸਦਾ ਰਾਕ ਸੁਭਾਉ ਸੀ। ਇਸੀ ਯਾਲ ਤੇ ਉਸਨੂੰ ਬਾਲਮੀਕ ਜੈਸੇ ਰਿਖੀਆਂ ਨੇ ਬ੍ਰਾਹਮਣ ਜਾਨ ਕੇ ਭੀ ਰਾਕ ਨਾਮ ਤੇ ਪੁਕਾਰਿਆ ਹੈ।

ਭਾਵੇਂ ਏਹ ਸਾਰਾ ਚਰਤ ਉਨ੍ਹਾਂ ਦੇ ਆਪਣੇ ਸੁਖ ਯਾ ਸੁਪਤਨੀ ਦੀ ਪ੍ਰੀਤੀ ਦਾ ਫਲ ਸੀ ਪਰ ਤਾਂ ਭੀ ਹਿੰਦੂ ਕੌਮ ਲੱਖ-ਲੱਖ ਧੰਨਵਾਦ ਦੇ ਯੋਗ ਹੈ ਜਿਸਨੇ ਉਸਨੂੰ ਵੀ ਆਪਨੇ ਭਲੇ ਦਾ ਸਾਧਨ ਸਮਝਕੇ ਭੁਲਾਯਾ ਨਹੀਂ ਹੈ ਅਤੇ ਬਾਲਕ, ਬੁੱਢਾ, ਜਵਾਨ, ਇਸਤ੍ਰੀ ਆਦਿਕ ਦੇ ਦਿਲ ਵਿੱਚ ਏਹ ਕਹਾਣੀ ਇਸਤਰਹ ਨਕ ਕੀਤੀ ਹੋਈ ਹੈ ਕਿ ਜਿਸ ਤਰ੍ਹਾਂ ਪੱਥਰ ਉੱਤੇ ਕੋਈ ਅੱਖਰਾਂ ਦੀ ਇਬਾਰਤ ਉੱਕਰੀ ਹੋਈ ਯਾ ਵੇਲ



ਬੂਟਾ ਖੋਦਿਆ ਹੋਇਆ ਹੁੰਦਾ ਹੈ। ਇਤਨੇ ਪਰ ਹੀ ਬੱਸ ਨਹੀਂ ਬਲਕਿ ਉਨ੍ਹਾਂ ਨੂੰ ਪ੍ਰਮੇਰ ਦਾ ਔਤਾਰ ਆਖਕੇ ਸਵੇਰੇ ਉੱਠਕੇ ਉਨ੍ਹਾਂ ਦਾ ਨਾਮ ਲੈਂਦੇ ਹਨ ਅਤੇ ਇਨਾਨ ਕਰਤੇ ਸਮਯ ਅਰ ਆਪਸ ਵਿੱਚ ਮਿਲਨ ਵਿੱਛੜਨ ਦੇ ਸਮਯ ਪਰ ਭੀ ਇਕ ਦੂਜੇ ਨੂੰ ਰਾਮ-ਰਾਮ ਆਖਦੇ ਹਨ। ਰਾਵਨ ਜਿਸ ਨੇ ਸੀਤਾ ਚੁਰਾਈ ਸੀ ਭਾਵੇਂ ਜਾਤ ਦਾ ਬ੍ਰਾਹਮਣ ਭੀ ਸੀ ਪਰ ਉਸ ਨੂੰ ਰਾਕ ਅਤੇ ਦੁਟ ਆਖਦੇ ਹਨ। ਸਭ ਤੇ ਵਧ ਕੇ ਯਾਦਗਾਰ ਵਾਲੀ ਇਕ ਇਹ ਗੱਲ ਹੈ ਕਿ ਦੁਸਹਿਰੇ ਦੇ ਦਿਨਾਂ ਵਿੱਚ ਉਨ੍ਹਾਂ ਦੇ ਇਸ ਜੰਗ ਦੀ ਪੂਰੀ-ਪੂਰੀ ਨਕਲ ਕਰਦੇ ਹਨ ਜਿਸ ਵਿਚ ਕਾਗਾਂ ਦੇ ਰਾਵਣ ਬਣਾਕੇ ਸਾੜਦੇ ਹਨ ਅਤੇ ਆਪਣੇ ਪੁੱਤ੍ਰ ਪੋਤਰੇ ਭਰਾਵਾਂ ਆਦਿਕ ਨੂੰ ਲੰਗੂਰ ਅਤੇ ਰਿੱਛ ਬਣਾਕੇ ਰਾੀ ਹੁੰਦੇ ਹਨ। ਕਿਤਨੇ ਉਨ੍ਹਾਂ ਵਿਚੋਂ ਰਾਕ ਭੀ ਬਣਦੇ ਹਨ ਅਰ ਲੜਾਈ ਕਰਕੇ ਦਿਖਾਉਂਦੇ ਹਨ। ਸੋ ਦੇਖੋ ਆਪਣੇ ਆਪ ਨੂੰ ਯਾ ਆਪਣਿਆਂ ਸੰਬੰਧੀਆਂ ਨੂੰ ਬਾਂਦਰ, ਰਿੱਛ ਅਤੇ ਰਾਕ ਬਣਾਉਂਦੇ ਰਾ ਭੀ ਰਮ ਨਹੀਂ ਕਰਦੇ ਬਲਕਿ ਆਪਣੀ ੋਭਾ ਸਮਝਦੇ ਹਨ। ਦੁਸਹਿਰੇ ਦੇ ਦਿਨਾਂ ਪਿਛੋਂ ਜੇ ਕਿਸੇ ਨੂੰ ਬਾਂਦਰ ਆਖੀਏ ਤਾਂ ਓਹ ਲੜ ਕੇ ਇਕ ਦੀਆਂ ਚਾਰ ਸੁਣਾਉਂਦਾ ਹੈ ਪਰ ਉਨ੍ਹਾਂ ਦਿਨਾਂ ਵਿਚ ਉਸ ਸ੍ਵਾਂਗ ਨੂੰ ਆਪ ਧਾਰਦੇ ਹਨ, ਅਤੇ ਆਪਨੇ ਮੂਹੋਂ ਆਪਨੇ ਆਪ ਨੂੰ ਬਾਂਦਰ ਆਖਦੇ ਹਨ ਅਤੇ ਕੰਨੋਂ ਸੁਨਦੇ ਹਨ। ਇਸ ਦਾ ਕਾਰਣ ਕੋਈ ਹਿੰਦੂਆਂ ਦੀ ਮੂਰਖਤਾ ਨਹੀਂ ਹੈ, ਜਿਸ ਤਰ੍ਹਾਂ ਕਈ ਕੁ ਲੋਕ ਿਆਲ ਕਰਦੇ ਹਨ। ਅਸਲ ਵਿੱਚ ਏਹ ਓਨ੍ਹਾਂ ਦੇ ਉਸ ਉਪਕਾਰ ਦੀ ਕ੍ਰਿਤੱਗਯਤਾ ਦਾ ਚਿੰਨ੍ਹ ਹੈ ਜੋ ਓਨ੍ਹਾਂ ਦੇ ਹਿਰਦੇ ਵਿਚੋਂ ਕਈ ਪ੍ਰਕਾਰ ਦੇ ਭਾਵ ਹੋ ਕੇ ਨਿਕਲਦਾ ਹੈ। ਦੇਖੋ ਹਿੰਦੂਆਂ ਨੇ ਅਪਨੇ ਵੱਡੇ ਮਹਾਤਮਾ ਦੇ ਉਪਕਾਰ ਨੂੰ ਭੁਲਾਯਾ ਨਹੀਂ। ਇਸੀ ਤੇ ਹਿੰਦੂ ਧੰਨਯਵਾਦ ਦੇ ਯੋਗ ਹਨ ਅਤੇ ਜਗਤ ਵਿੱਚ ਇਨ੍ਹਾਂ ਦੀ ਕੌਮ ਉੱਤਮ ਸਦਾਉਂਦੀ ਹੈ।

ਪ੍ਰਨ-ਕਯਾ ਸਿੱਖਾਂ ਨੇ ਅਪਨੇ ਗੁਰੂਆਂ ਦੇ ਉਪਕਾਰਾਂ ਲਈ ਕੋਈ ਇਜੇਹੀ ਯਾਦਗਾਰ ਜੋ ਉਨ੍ਹਾਂ ਦੀ ਉਦਬੋਧਕ ਹੋਵੇ, ਕਾਇਮ ਕੀਤਾ ਹੈ? ਜੇ ਹੈ ਤਾਂ ਦੱਸੋ।

ਦੂਜਾ - ਸ੍ਰੀ ਕ੍ਰਿਨ ਦੇਵ ਜੀ ਨੇ ਆਪਣੇ ਮਾਮੇ ਕੰਸ ਨੂੰ, ਜੋ ਓਨ੍ਹਾਂ ਨਾਲ ਪਡਤਾਂ ਦੀ ਗੱਲ ਪਰ ਵਿਵਾਸ ਰੱਖਕੇ ਵਿਰੋਧ ਕਰਦਾ ਸੀ, ਮਾਰ ਦਿੱਤਾ। ਇਸ ਤੇ ਤੁਸੀ ਦੇਖ ਸਕਦੇ ਹੋ ਕਿ ਓਨ੍ਹਾਂ ਨੇ ਭਾਰਤਵਰ ਦਾ ਯਾ ਹਿੰਦੂ ਕੌਮ ਦਾ ਕਯਾ ਭਲਾ ਕੀਤਾ ਹੈ ਵਿਚਾਰ ਕੇ ਦੇਖੋ ਤਾਂ ਕੁਛ ਨਹੀਂ। ਕਿਉਂਕਿ ਅੱਜ ਕੱਲ ਭੀ ਜੇ ਕੋਈ ਆਪਣੇ ਦੁਮਨ ਮਾਮੇ ਨੂੰ ਮਾਰ ਦੇਵੇ ਤਾਂ ਓਸਨੂੰ ਆਪਣਾ ਲਾਭ ਹੈ ਪਰੰਤੂ ਲੋਕਾਂ ਨੂੰ

ਨਹੀਂ, ਅਤੇ ਨਾ ਹੋਣਾ ਚਾਹੀਏ। ਦੂਸਰਾ ਉਨ੍ਹਾਂ ਦੀ ਸੂਰਬੀਰਤਾ ਦਾ ਸਾਰਾ ਹਾਲ ਜਦੋਂ ਅਸੀਂ ਪੜ੍ਹਦੇ ਹਾਂ ਤਦ ਉਸ ਤੇ ਭੀ ਅਤ ਨੂੰ ਇਹ ਨਤੀਜਾ ਨਿਕਲਦਾ ਹੈ ਕਿ ਜੋ ਕੁਛ ਅੱਜ ਕੱਲ ਇਸ ਦੇਸ ਦੀ ਇਹ ਦੁਰਗਤੀ ਹੋ ਰਹੀ ਹੈ ਸੋ ਸਾਰੀ ਸ੍ਰੀ ਕ੍ਰਿਨ ਦੇਵ ਜੀ ਮਹਾਰਾਜ ਦੇ ਪ੍ਰਤਾਪ ਕਰਕੇ ਹੋ ਰਹੀ ਹੈ ਇਸਦਾ ਸਬੂਤ ਸਾਨੂੰ ਮਹਾਂਭਾਰਤ ਵਿਚੋਂ ਮਿਲ ਸਕਦਾ ਹੈ। ਗੀਤਾ ਵਿੱਚ ਭੀ ਉਸਦਾ ਨਮੂਨਾ ਦਿਖਾਇਆ ਗਿਆ ਹੈ। ਓਥੇ ਇਸ ਪ੍ਰਕਾਰ ਲਿਖਯਾ ਹੈ ਕਿ ਕੈਰਵਾਂ ਅਤੇ ਪਾਂਡਵਾਂ ਦੇ ਯੁੱਧ ਵਿੱਚ ਸ੍ਰੀ ਕ੍ਰਿਨ ਦੇਵ ਜੀ ਨੇ ਹੀ ਬਹੁਤ ਸਾਰਾ ਹਿੱਸਾ ਲਿਤਾ ਸੀ ਕਿਉਂਕਿ ਆਪ ਪਜਾਂ ਪਾਂਡਵਾਂ ਦੀ ਵੱਲ ਹੋ ਗਏ ਸਨ। ਆਖਦੇ ਹਨ ਕਿ ਜਦ ਦੋਹਾਂ ਪਾਸਿਆਂ ਦੇ ਦਲ ਸਜ ਕੇ ਮੋਰਚੇ ਬੰਨ੍ਹ ਕੇ ਆਪੋ ਅਪਨੀ ਜਗ੍ਹਾ ਪਰ ਖੜੇ ਹੋ ਗਏ, ਅਤੇ ਹਰ ਇਕ ਧਨੁਖਧਾਰੀ ਸੂਰਮਾਂ ਅਪਨੀ ਅਪਨੀ ਫੌਜ ਨੂੰ ਲੈ ਕੇ ਰਣ ਭੂਮੀ ਨੂੰ ਮੱਲਕੇ ਖੜ ਗਿਆ ਉਸ ਵੇਲੇ ਸ੍ਰੀ ਕ੍ਰਿਨ ਦੇਵ ਜੀ ਭੀ ਅਰਜਨ ਦੇ ਰਥਵਾਹੀ ਹੋ ਕੇ ਤੇ ਅਰਜਨ ਨੂੰ ਲੜਾਈ ਲਈ ਤਯਾਰ ਕਰਕੇ ਯੁੱਧ ਭੂਮੀ ਵਿਚ ਆ ਖੜੇ ਹੋਏ।

ਪਰੰਤੂ ਜਦ ਅਰਜਨ ਨੇ ਚਾਰੇ ਪਾਸੇ ਨਰ ਫੇਰਕੇ ਦੇਖਯਾ ਤਾਂ ਕਿਆ ਦੇਖਦਾ ਹੈ ਕਿ ਕਿਤੇ ਭੀਖਮਪਿਤਾਮਾ ਹੈ ਅਰ ਕਿਤੇ ਕਰਨ ਭਾਈ ਹੈ, ਕਿਤੇ ਦੁਰਜੋਧਨ ਵੱਡਾ ਭਾਈ ਹੈ ਔਰ ਕਿਧਰੇ ਧ੍ਰਿਤਰਾਟਰ ਤਾਇਆ ਹੈ ਜੋ ਕੈਰਵਾਂ ਦਾ ਬਾਪ ਹੈ, ਅਰ ਕਿਸੇ ਪਾਸੇ ਦਰੋਣਾਚਾਰਜ ਜੀ ਗੁਰੂ ਅਤੇ ਜਾਤ ਦੇ ਬ੍ਰਾਹਮਣ ਹਨ; ਅਰ ਕਿਸੀ ਜਗ੍ਹਾ ਪਰ ਅਸੱਸਤਾਮਾ ਦਰੋਣਾਚਾਰਜ ਦਾ ਪੁੱਤ੍ਰ ਖੜਾ ਹੈ ਜੋ ਗੁਰ ਭਾਈ ਅਤੇ ਬ੍ਰਾਹਮਣ ਹੈ; ਗੱਲ ਕਾਹਦੀ ਉਸ ਵੇਲੇ ਅਰਜਨ ਨੇ ਜਦ ਚਾਰੇ ਪਾਸੇ ਅਪਨਾ ਹੀ ਪਰਵਾਰ ਦੇਖਿਆ ਤਦ ਭਾਈਆਂ ਦਾ ਮੋਹ ਦਿਲ ਦੇ ਵਿਚ ਜੋ ਮਾਰ ਆਯਾ ਅਤੇ ਅੱਖੀਂ ਜਲ ਨਾਲ ਭਰ ਆਈਆਂ। ਝਟ ਧਨੁਖਬਾਨ ਹਥੋਂ ਸੁੱਟ ਦਿੱਤਾ ਅਰ ਆਖਯਾ ਕਿ ਮੈਂ ਜੰਗਲ ਵਿਚ ਜਾ ਕੇ ਕੰਦ ਮੂਲ ਖਾ ਕੇ ਗੁਾਰਾ ਕਰ ਲਿਆ ਕਰਾਂਗਾ ਪਰ ਅਪਨੀ ਕੁਲ ਦੇ ਨਾਸ ਕਰਨ ਵਾਲਾ ਕੰਮ ਨਹੀਂ ਕਰਾਂਗਾ।

ਇਸ ਪ੍ਰਕਾਰ ਅਰਜਨ ਦੀਆਂ ਅੱਖਾਂ ਤੇ ਆਂਸੂ ਵਗਦੇ ਦੇਖ ਕੇ ਸ੍ਰੀ ਕ੍ਰਿਨ ਦੇਵ ਜੀ ਮਹਾਰਾਜ ਬੋਲੇ ਕਿ ਹੇ ਪਿਆਰੇ ਅਰਜਨ ਤੇਰਾ ਇਹ ਹਾਲ ਕਿਉਂ ਹੋਯਾ ਹੈ? ਅਰਜਨ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਜਦ ਯੁੱਧ ਭੂਮੀ ਵਿਚ ਆ ਕੇ ਦੇਖਿਆ ਤਾਂ ਮੈਨੂੰ ਚਾਰੇ ਪਾਸਯੋਂ ਅਪਨੇ ਚਾਚੇ, ਤਾਏ, ਭਾਈ, ਭਤੀਜੇ ਅਤੇ ਗੁਰੂ ਦਿਖਾਈ ਦਿੱਤੇ, ਜਿਸ ਕਰਕੇ ਮੈਂ ਅਪਨੇ ਹਥੋਂ ਅਪਨੀ ਕੁਲ ਦੇ ਸੂਰਬੀਰਾਂ ਨੂੰ ਮਾਰ ਕੇ



ਅਤੇ ਅਪਨੇ ਕੁਟੰਬ ਦੀਆਂ ਇਸਤ੍ਰੀਆਂ ਨੂੰ ਰੰਡੀਆਂ ਕਰ ਕੇ ਰੁਦਨ ਸੁਣਨਾ ਨਹੀਂ ਚਾਹੁੰਦਾ; ਅਤੇ ਨਾ ਇਹ ਗਲ ਚਾਹੁੰਦਾ ਹਾਂ ਕਿ ਇਹ ਮੇਰੇ ਾਨਦਾਨ ਦੀਆਂ ਧਰਮਾਤਮਾ ਅਤੇ ਪਤਿਬ੍ਰਤਾ ਇਸਤ੍ਰੀਆਂ ਇਹਨਾਂ ਅਪਨੇ-ਅਪਨੇ ਪਤੀਆਂ ਦੇ ਮਰਨੇ ਪਿੱਛੇ ਅਜੋਗ ਕਰਮਾਂ ਵਿਚ ਪਰਵਿਰਤ ਹੋ ਕੇ ਕੁਲ ਨੂੰ ਕਲੰਕ ਲਾਉਣ ਅਤੇਂ ਕਰ ਵਰਨ ਹੋ ਜਾਵੇ; ਤਾਂ ਤੇ ਮੈਂ ਅਜਿਹੀ ਲੜਾਈ ਨੂੰ ਮੱਥਾ ਟੇਕਦਾ ਹਾਂ।”

ਇਸ ਸਮਯ ਜੇ ਸ੍ਰੀ ਕ੍ਰਿਨ ਦੇਵ ਜੀਂ ਸਾਦ ਨੂੰ ਮੇਟਨਾ ਚਾਹੁੰਦੇ ਤਾਂ ਰੂਰ ਮਿਟ ਸਕਦਾ ਸੀ, ਕਿਉਂਕਿ ਪਜਾਂ ਪਾਡਵਾਂ ਵਿੱਚ ਨਿਰਾ ਅਰਜਨ ਹੀ ਸੀ ਜੋ ਬੜਾ ਭਾਰੀ ਸੂਰਬੀਰ ਅਤੇ ਨੀਤੀ ਗਯਾਤਾ ਸੀ। ਇਸ ਤੋਂ ਬਿਨਾ ਜੋ ਰਾਜਾ ਯੁਧਿਟਰ ਸੀ ਸੋ ਤਾਂ ਧਰਮਾਤਮਾ ਪੁਰਖ ਅਤੇ ਭਾਈਆਂ ਦੇ ਹਿਤ ਵਿਚ ਹਿਤ ਰੱਖਣ ਵਾਲਾ ਸੀ। ਪ੍ਰਤੂ ਉਸ ਵੇਲੇ ਸਗੋਂ ਕ੍ਰਿਨ ਜੀ ਨੇ ਅਰਜਨ ਨੂੰ ਉਲਟੀ ਪੱਟੀ ਪੜ੍ਹਾਈ ਅਤੇ ਂਖ ਦਰਨ ਦਾ ਮੱਤ ਸੁਨਾਉਣ ਲੱਗ ਪਏ ਅਤੇ ਆਖਯਾ ਕਿ ਹੇ ਅਰਜਨ ਤੂੰ ਕਿਸ ਚੀ ਦੇ ਮਾਰਨੇ ਤੇ ਡਰਦਾ ਹੈ, ਜਿਸ ਕਰਕੇ ਧਨੁਖਬਾਨ ਨੂੰ ਹੱਥੋਂ ਸਿੱਟ ਬੈਠਾ ਹੈ, ਜੇ ਤੂੰ ਇਨ੍ਹਾਂ ਦੇ ਆਤਮਾਂ ਨੂੰ ਮਾਰਨੋਂ ਡਰਦਾ ਹੈਂ। ਸੋ ਹੇ ਮੇਰੇ ਮਿੱਤ੍ਰ ਆਤਮਾ ਨਿੱਤ, ਅਮਰ ਅਤੇ ਅਜਰ ਅਵਨਾ਀ ਹੈ ਜੋ ਸਤ੍ਰ ਕਰਕੇ ਛੇਦਿਆ ਨਹੀਂ ਜਾਂਦਾ, ਜਲ ਵਿੱਚ ਡੁਬਦਾ ਨਹੀਂ ਅਤੇ ਅਗਨੀ ਉਸ ਨੂੰ ਜਲਾ ਨਹੀਂ ਸਕਦੀ, ਸੋ ਤੂੰ ਜੇ ਉਸ ਨੂੰ ਮਾਰ ਹੀ ਨਹੀਂ ਸਕਦਾ ਤਾਂ ਕਿਸ ਬਾਤ ਦਾ ਡਰ ਕਰਦਾ ਹੈ; ਦੂਸਰਾ ਜੇ ਕਰਕੇ ਤੂੰ ਕਹੇਂ ਕਿ ਮੈਂ ਇਨ੍ਹਾਂ ਦੇ ਪਜਾਂ ਤੱਤਾਂ ਵਾਲੇ ਸਰੀਰਾਂ ਨੂੰ ਮਾਰਾਂਗਾ ਸੋ ਇਹ ਤਾਂ ਸਦਾ ਹੀ ਜੜ੍ਹ ਪਰਣਾਮੀ ਅਤੇ ਮਰੇ ਹੋਏ ਹਨ, ਤੈਂ ਇਨ੍ਹਾਂ ਮੁਰਦਿਆਂ ਦਾ ਕਿਆ ਮਾਰਨਾ ਹੈ; ਇਸ ਵਾਸਤੇ ਤੂੰ ਨੰਗ ਹੋ ਕੇ ਯੁੱਧ ਕਰ, ਛੱਤ੍ਰੀ ਦਾ ਧਰਮ ਨਹੀਂ ਹੈ ਕਿ ਜੰਗ ਵਿੱਚ ਆ ਕੇ ਕਾਇਰਾਂ ਵਾਂਗ ਰੁਦਨ ਕਰੇ ਅਰ ਸਤ੍ਰ ਸਿੱਟ ਬੈਠੇ।”

ਕ੍ਰਿਨ ਦੇਵ ਦਾ ਇਹ ਉਪਦੇ ਅਰਜਨ ਦੇ ਵਾਸਤੇ ਅਜਿਹਾ ਹੋਇਆ ਕਿ ਉਸ ਪ੍ਰੀਤੀ ਅਤੇ ਟੱਬਰ ਦੇ ਯਾਲ ਨੂੰ ਛਿੱਕੇ ਪਰ ਰਖ ਕੇ ਅਜਿਹੀ ਕਟਾ-ਵੱਢ ਕੀਤੀ ਜੋ ਅਪਨੇ ਹੀ ਭਾਈਆਂ ਦੇ ਸੀਨੇ ਤੀਰਾਂ ਨਾਲ ਛਾਣੇ ਅਰ ਉਨ੍ਹਾਂ ਦੇ ਪੱਟ ਗਦਾ ਨਾਲ ਭੰਨੇ। ਅਪਨੇ ਤਾਏ, ਚਾਚੇ ਅਰ ਦਾਦੇ ਤਰਸਾ-ਤਰਸਾ ਕੇ ਮਾਰੇ ਅਤੇ ਭੀਮ ਜੈਸੇ ਬਹਾਦਰਾਂ ਨੇ ਅਪਨੇ ਚਾਚੇ ਦੇ ਪੁੱਤ ਭਰਾਵਾਂ ਦੀਆਂ ਛਾਤੀਆਂ ਨੌਹਾਂ ਨਾਲ ਪਾੜਕੇ ਚੁਲੀਆਂ ਨਾਲ ਲਹੂ ਪੀਤਾ।

ਤੁਸੀਂ ਇਹ ਗਲ ਸੋਚ ਸਕਦੇ ਹੋ ਕਿ ਇਸ ਯੁੱਧ ਕਰਾਉਨ ਤੇ ਭਾਰਤ ਵਰੀਆਂ

ਨੂੰ ਕੀ ਲਾਭ ਪਹੁੰਚਿਆਂ ਅਤੇ ਹਿੰਦੂ ਧਰਮ ਨੂੰ ਇਸ ਤੇ ਕਿਆ ਪ੍ਰਾਪਤੀ ਹੋਈ?

ਫਿਰ ਇਸੀ ਤਰ੍ਹਾਂ ਕੈਰਵ ਪਾਂਡਵ ਦਾ ਾਨਦਾਨ ਡੋਬ ਕੇ ਪਿੱਛੇ ਤੇ ਆਪਨੇ ਾਨਦਾਨ ਦਾ ਭੀ ਕਿਆ ਹਾਲ ਕੀਤਾ: ਇੱਕ ਸਮੇਂ ਸਾਰੇ ਯਾਦਵ ਇੱਕਠੇ ਹੋ ਕੇ ਪਰਭਾਸ ਨਾਮੇ ਤੀਰਥ ਪਰ ਆਏ ਅਰ ਉਸ ਜਗ੍ਹਾ ਪਰ ਕ੍ਰਿਨ ਦੇਵ ਜੀ ਅਤੇ ਬਲਦੇਵ ਜੀ ਭੀ ਦੋਨੋਂ ਨਾਲ ਸੇ, ਓੱਥੇ ਤੀਰਥ ਪਰ ਜਾ ਕੇ ਤੀਰਥ ਪਾਨ ਅਰਥਾਤ ਰਾਬ ਪੀਣਾ ਅਰੰਭ ਕਰ ਦਿੱਤਾ। ਸਾਰੇ ਯਾਦਵ ਮਦ ਨਾਲ ਅਧੇ ਹੋ ਕੇ ਆਪਸ ਵਿੱਚ ਅਜਿਹੇ ਲੜੇ ਜੋ ਕੋਈ ਬਾਕੀ ਨਾ ਬਚਿਆ ਅਤ ਨੂੰ ਬਲਭੱਦਰ ਭੀ ਮਰ ਗਿਆ। ਇਸ ਤਰ੍ਹਾਂ ਸਾਰੇ ਕੁਟੰਬ ਦਾ ਅਤ ਕਰਕੇ ਆਪ ਇੱਕ ਜੰਗਲ ਵਿੱਚ ਜਾ ਸੁੱਤੇ ਅਰ ਓਥੇ ਇਕ ਫੰਧਕ ਦੇ ਤੀਰ ਨਾਲ ਜੋ ਉਸ ਨੇ ਮਿਰਗ ਦੇ ਭੁਲੇਖੇ ਮਾਰਿਆ ਸੀ, ਦੇਹ ਤਿਆਗ ਗਏ।

ਇਸ ਤੇ ਭੀ ਤੁਸੀਂ ਸੋਚ ਸਕਦੇ ਹੋ ਕਿ ਯਾਦਵ ਦੇ ਨਾਸ ਤੇ ਇਸ ਭਾਰਤਵਰ ਪਰ ਕਿਆ ਉਪਕਾਰ ਹੋਯਾ?

ਤੀਸਰਾ ਜੋ ਉਨ੍ਹਾਂ ਦਾ ਮੱਖਣ ਚੁਰਾ ਕੇ ਖਾਣਾ ਸੀ ਸੋ ਭੀ ਭਾਵੇਂ ਓਨ੍ਹਾਂ ਦੇ ਰੀਰ ਨੂੰ ਤਾਂ ਪੁਟ ਕਰਨ ਦਾ ਸਾਧਨ ਸੀ ਪਰ ਓਸ ਸਮਯ ਯਾ ਅੱਜ ਕੱਲ ਦੇ ਸਮਯ ਦੇ ਲੋਕਾਂ ਨੂੰ ਓਨ੍ਹਾਂ ਦੀ ਚੋਰੀ ਤੇ ਕੋਈ ਲਾਭ ਨਹੀਂ ਪਹੁੰਚਦਾ ਹੈ ਬਿਨਾਂ ਇਸ ਦੇ ਕਿ ਇਹ ਗੱਲ ਸੁਨ ਕੇ ਸਾਡੇ ਮੁਡੇ ਭੀ ਘਰ ਦੀਆਂ ਅਤੇ ਬਾਹਰ ਦੀਆਂ ਚੀਾਂ ਚੁਰਾਉਣ ਲੱਗ ਜਾਣ ਅਤੇ ਕੁਤਵਾਲੀ ਦੇ ਵਸੀਲੇ ਜੇਹਲਾਨੇ ਜਾ ਕੇ ਸਾਨੂੰ ਕਲੰਕ ਲਾਉਣ।

ਚੌਥਾ ਚੰਦ੍ਰਾਵਲ, ਰਾਧਾ ਆਦਿਕ ਪਰਾਈਆਂ ਇਸਤ੍ਰੀਆਂ ਨਾਲ ਜਵਾਨ ਅਵਸਥਾ ਵਿੱਚ ਪ੍ਰੀਤੀ ਕਰਨੀ। ਇਸ ਤੇ ਭੀ ਤੁਸੀਂ ਸੋਚ ਲਵੋ ਜੋ ਸਾਨੂੰ ਕਿਆ ਸਿੱਖਯਾ ਮਿਲਦੀ ਹੈ ਯਾ ਮੁਲਕ ਅਤੇ ਕੌਮ ਦੀ ਭਲਿਆਈ ਕਿੱਥੋਂ ਤਕ ਹੁੰਦੀ ਹੈ। ਭਾਵੇਂ ਸਾਹਿਤਯ ਦੇ ਪਯਾਰਿਆਂ ਨੂੰ ਸ੍ਰੀ ਕ੍ਰਿਨ ਦੇਵ ਅਤੇ ਸ੍ਰੀ ਮਤਿ ਰਾਧਾਂ ਜੀ ਦੇ ਅਲੰਕਾਰ ਦੇਣ ਕਰਕੇ ਉਨ੍ਹਾਂ ਦੇ ਪੁਸਤਕਾਂ ਨੂੰ ਵਡਾ ਲਾਭ ਪਹੁੰਚਿਆ ਹੈ, ਕਿਓਂਕਿ ਜੇ ਕਿਸੇ ਹੋਰ ਦੇ ਬਾਪ ਦਾਦੇ ਅਤੇ ਕਿਸੇ ਦੀ ਧੀ ਭੈਣ ਬਾਬਤ ਇਸ ਤਰ੍ਹਾਂ ਕੋਈ ਲਿਖਦਾ ਤਾਂ ਰੂਰ ਹੈ ਕਿ ਉਹ ਲਾਇਬਲ* ਦੇ ਮੁਕੱਦਮੇ ਵਿਚ ਗ੍ਰਿਫਤਾਰ ਹੋ ਕੇ ਰਾਜ ਦੰਡ ਪਾਉਂਦਾ, ਪਰੰਤੂ ਸ੍ਰੀ ਕ੍ਰਿਨ ਦੇਵ ਮਹਾਰਾਜ ਦੇ ਨਾਮ ਪਰ ਲੋਕਾਂ ਨੇ ਬਹੁਤ ਬੇਪੜਦ ਗ੍ਰੰਥ ਅਤੇ ਤਸਵੀਰਾਂ ਬਣਾ ਛੱਡੀਆਂ ਹਨ। ਉਨ੍ਹਾਂ ਦੇ ਦੇਖਨ ਅਤੇ ਪੜ੍ਹਨ ਤੇ ਤੁਸੀਂ ਸੋਚ ਸਕਦੇ ਹੋ ਕਿ ਕਿੱਥੋਂ ਤਕ ਕੌਮੀ ਯਾ ਦੇਸੀ ਭਲਾਈ ਹੈ?

*ਤੌਹੀਨ



ਭਾਵੇਂ ਵਿਚਾਰ ਕਰਨੇ ਤੇ ਇਸਦਾ ਕੁਝ ਲਾਭ ਨਹੀਂ ਹੈ ਪਰ ਤਾਂ ਭੀ ਏਸ ਦੇ ਦੇ ਹਿੰਦੂ ਲੋਕ ਆਪਣੇ ਵੱਡੇ ਮਹਾਤਮਾਂ ਦੇ ਔਗੁਣਾਂ ਨੂੰ ਭੀ ਰਧਾ ਦੇ ਵੱਸ ਹੋਏ ਹੋਏ ਗੁਣ ਰੂਪ ਪ੍ਰਗਟ ਕਰਦੇ ਹਨ; ਜੈਸਾ ਕਿ ਰਾਸ ਮਡਲ ਰਚਾ ਕੇ ਬਾਲਕਾਂ ਨੂੰ ਗੋਪੀਆਂ ਬਣਾ ਕੇ ਆਪਣੇ ਸਾਹਮਣੇ ਨਿਰਤ ਕਰਾ ਕੇ ਪ੍ਰਸੰਨ ਹੁੰਦੇ ਹਨ। ਸ੍ਰੀ ਕ੍ਰਿਨ ਦੇਵ ਜੀ ਦੇ ਇਸ ਪ੍ਰਕਾਰ ਦੇ ਚਰਿੱਤ੍ਰ ਜੇ ਕਿਸੇ ਨੇ ਆਿਦਾ ਦੇਖਨੇ ਹੋਨ ਤਾਂ ਸ੍ਰੀ ਮਦ ਭਾਗਵਤ ਜੀ ਦੇ ਦਸਮ ਸਕੰਧ ਵਿਚ ਦੇਖ ਲੇਵੇ ਕਿ ਕਿਸ-ਕਿਸ ਪ੍ਰਕਾਰ ਦੇ ਕੌਤਕ ਲਿਖੇ ਹਨ। ਪਰੰਤੂ ਅਜਿਹੇ ਕੌਤਕਾਂ ਤੇ ਨਾ ਤਾਂ ਕੋਈ ਦੇਸ, ਕੌਮ ਯਾ ਧਰਮ ਦੀ ਹੀ ਉੱਨਤੀ ਹੈ ਅਤੇ ਨਾ ਕੋਈ ਸਾਨੂੰ ਇਲਾਕੀ ਸਬਕ ਹੀ ਮਿਲਦਾ ਹੈ। ਜੇ ਸਿੱਖਯਾ ਮਿਲਦੀ ਹੈ ਤਾਂ ਏਹੀ ਕਿ ਅਸੀਂ ਭੀ ਅਜੇਹਾ ਹੀ ਕੰਮ ਕਰ ਕੇ ਲੋਕਾਂ ਦਾ ਅਪਯਸ ਹਾਸਲ ਕਰੀਏ।

ਇਸ ਨੂੰ ਭਾਵੇਂ ਹੋਰ ਮੱਤਾਂ ਵਾਲੇ ਬੁਰੇ ਭਾਵ ਨਾਲ ਯਾ ਬੁਰੇ ਤਰੀਕੇ ਨਾਲ ਪ੍ਰਗਟ ਕਰਨ, ਅਸੀਂ ਇਸ ਨੂੰ ਕ੍ਰਿਨ ਦੇਵ ਜੀ ਪ੍ਰੀਤੀ ਦਾ ਉਦੌਤਨ ਯਾ ਹਿੰਦੂ ਮਹਾਤਮਾ ਦੀ ਕ੍ਰਿਤੱਗਤਾ ਦਾ ਨਿਾਨ ਜਾਣਦੇ ਹਾਂ। ਇਸ ਤੇ ਸਾਬਤ ਹੁੰਦਾ ਹੈ ਕਿ ਹਿੰਦੂ ਲੋਗ ਪਰਉਪਕਾਰੀ ਪੁਰਖ ਦਾ ਅਜੇਹਾ ਕਦਰ ਕਰਦੇ ਹਨ ਜੋ ਉਸ ਦੇ ਔਗੁਣਾਂ ਨੂੰ ਭੀ ਗੁਣ ਰੂਪ ਦੇਖਦੇ ਹਨ ਤੇ ਓਨ੍ਹਾਂ ਵਿਚ ਔਗੁਣ ਭਾਵ ਨਹੀਂ ਰੱਖਦੇ। ਕ੍ਰਿਨ ਦੇਵ ਜੀ ਦੇ ਉਪਦੇ, ਜੋ ਗੀਤਾ ਵਿਚ ਹਨ ਅਤੇ ਜੋ ਉਨ੍ਹਾਂ ਦੀ ਸੂਰਬੀਰਤਾ ਹੈ, ਉਸ ਪਰ ਆਪਣੇ ਆਪ ਨੂੰ ਕੁਰਬਾਨ ਕਰਦੇ ਹਨ; ਇਸ ਲਈ ਹਿੰਦੂ ਧੰਨਵਾਦ ਦੇ ਯੋਗ ਹਨ।

ਪ੍ਰਨ-ਤੁਸੀਂ ਦੱਸ ਸਕਦੇ ਹੋ ਕਿ ਸਿੱਖ ਕੌਮ ਨੇ ਆਪਣੇ ਦਸਾਂ ਗੁਰਾਂ ਦੇ ਚੰਗੇ ਗੁਣਾਂ ਦੀ ਕੋਈ ਅਜਿਹੀ ਰਧਾ ਕਾਯਮ ਕੀਤੀ ਹੋਵੇ?

# ਮੁਸਲਮਾਨਾਂ ਦਾ ਹਾਲ

## ਚੌਪਈ

**ਹੁਣ ਜੋ ਦੂਜੇ ਮੁੱਸਲਮਾਨ, ਸਾਬਤ ਰਖਦੇ ਹੈਨ ਈਮਾਨ।**
**ਇੱਕ ਨਬੀ ਦਾ ਪੜ੍ਹਦੇ ਕਲਮਾਂ, ਆਵਨ ਨਹੀਂ ਦੂਸਰੇ ਛਲਮਾਂ।**
**ਤਿਸਦਾ ਕੀਤਾ ਜੋਇ ਕੁਰਾਨ, ਤਿਸ ਪਰ ਸਾਰੇ ਹਨ ਕੁਰਬਾਨ।**
**ਤਿਸਤੇ ਬਾਹਰ ਪੈਰ ਨ ਧਰਦੇ, ਸਭ ਕਾਰਜ ਮਸਲੇ ਪਰ ਕਰਦੇ।**

ਤਿਸ ਵਿਚ ਕੀਤੇ ਜੋ ਉਪਦੇ, ਯਾਦ ਕਰਨ ਓਹ ਬੈਠ ਹਮੇ।
ਉਸ ਨੂੰ ਕਹਿਣ ਕਲਾਮ੍ ਦਾਈ, ਆਪਸ ਵਿਚ ਸਭ ਦੀਨੀ ਭਾਈ।
ਇੱਕ੍ ਦਾ ਤੇ ਇਕ ਰਸੂਲ, ਇੱਕ ਕੁਰਾਨ ਦੀਨ ਦਾ ਮੂਲ।
ਕਲਮਾਂ ਜਿਸ ਨੂੰ ਚਾਇ ਪੜ੍ਹਾਵਨ, ਉਸਨੂੰ ਅਪਣੇ ਵਿਚ ਰਲਾਵਣ।
ਕਰਨ ਅਜੇਹਾ ਉਸਨੂੰ ਪੱਕਾ ਸਭ ਮਬਾਂ ਨੂੰ ਦੇਵੇ ਧੱਕਾ।
ਰਾ ਮਹੰਮਦ ਦੀ ਹੈ ਜੋਈ, ਤਾਂਕੋ ਨਾਹਿੰ ਤਿਆਗੇ ਸੋਈ।
ਹਿੰਦੂ ਸਿੱਖ ਇਸਾਈ ਤਾਈਂ, ਕਾਫਰ ਕਹਿਤ ਜਹੰਨਮ ਜਾਈ।
ਕਹਨ ਬਹਿਤ ਮੁਸਲਮਾਂ ਜਾਵੇ, ਦੂਸਰ ਦੋਖ ਮੈਂ ਦੁੱਖ ਪਾਵੇ।
ਸੁੰਨਤ ਇਨਕੀ ਰਾ ਪਿਆਰੀ, ਪਾਂਚ ਨਿਮਾ ਪੜ੍ਹਤ ਸੁਖਕਾਰੀ।
ਰੌ ਤੀਸ ਰਾਖ ਦੁਖ ਸਹਤੇ, ਯਹੀ ਹੁਕਮ ਅੱਲਾ ਕਾ ਕਹਿਤੇ।
ਫਿਰ ਅਪਨੇ ਹਾਦੀ* ਪਰ ਸਾਰੇ, ਦਿਲੋ ਜਾਨ ਤੇ ਭਏ ਨਿਸਾਰੇ**।
ਤਾਂ ਨੇ ਜੋ ਤਨ ਪਰ ਦੁਖ ਸਹੇ, ਤਾਂ ਕੋ ਭੂਲ ਨਹੀਂ ਇਹ ਬਹੇ।
ਇੱਕ ਮੈਂ ਦੱਸਾਂ ਖੋਲ੍ਹ ਕਹਾਣੀ, ਵਿਚ ਹਦੀਸਾਂ ਜੋਇ ਬਖਾਣੀ।
ਨਬੀ ਮੁਹੰਮਦ ਸਾਹਿਬ ਜੋਈ, ਲੜਤ ਕਾਫਰਾਂ ਕੇ ਸਹਿ ਸੋਈ।
ਇੱਕ ਜੰਗ ਹੋਇਆ ਵਡ ਭਾਰੀ, ਕਾਫਰ ਦਲ ਆਯਾ ਬਲਧਾਰੀ।
ਘੇਰੇ ਮਹਿੰ ਹਰਤ ਆ ਗਏ, ਕਾਹੂੰ ਓਰ ਨ ਭਾਜਤ ਭਏ।
ਚਲੀ ਤੇ ਬੇਰਹਿਮੀ ਸੰਗਾ, ਕਟ ਕਟ ਗਿਰੇ ਬਹਾਦਰ ਅਗਾ।
ਹਰਤ ਫੌਜ ਹਾਰ ਤਬ ਗਈ, ਕੁਛ ਹੀਦ ਕੁਛ ਭਾਗਤ ਭਈ।
ਘੇਰੇ ਮੇਂ ਹਰਤ ਜਬ ਆਏ, ਕੋਈ ਪੇ ਨ ਤਾਂਕੀ ਜਾਏ।
ਤਬ ਮੁਰਦਨ ਮਹਿ ਜਾਕਰ ਲੇਟੇ, ਧੂਰ ਮਾਹਿੰਤਨ ਸਕਲ ਲਪੇਟੇ।
ਭਯੋ ਾਤਮਾ ਤਬਹਿ ਲਰਾਈ, ਸੈਨ ਮੁਹੰਮਦ ਤੁਰਤ ਭਜਾਈ।
ਤਬੀ ਯਹੂਦੀ ਕਾਫਰ ਬੋਲੇ, ਅਹੋ ਸੁਨੋ ਹਮ ਹੈਂ ਸਭ ਭੋਲੇ।
ਜਿਸ ਕਾਰਨ ਹਮ ਕਰੀ ਲਰਾਈ, ਤਿਸਕੀ ਸੁੱਧ ਨ ਲੇਵਹ ਕਾਈ।
ਨਹੀ ਭਾਗ ਕਰਕੇ ਵੁਹ ਗਿਆ, ਇਨ੍ਹੀ ਮੁਰਦਿਓਂ ਮੇਂ ਹੈ ਪਿਆ।
ਤਾਂ ਤੇ ਢੂੰਡ ਤਾਹਿ ਕੋ ਲੀਜੇ, ਕੈਦ ਕਰੋ ਕੈ ਸੂਲੀ ਦੀਜੇ।
ਯਹਿ ਮਨ ਮਤਾ ਪਕਾ ਕਰ ਸਾਰੇ ਢੂੰਢਤ ਫਿਰਤ ਰੈਨ ਹਤਯਾਰੇ।

---

*ਰਾਹ ਦੱਸਣ ਵਾਲਾ। **ਕੁਰਬਾਨ ।



ਲਾਗਤ ਪਤਾ ਨ ਤਿਨਕੋ ਕੋਈ, ਅਤ ਕਾਰ ਤਿਨਤੇ ਯਹਿ ਹੋਈ।
ਲੈ ਕਰ ਪੱਥਰ ਹਾਥਨ ਮਾਹੀਂ, ਸਭ ਮੁਰਦਯੋਂ ਕੇ ਦਾਂਤ ਤੁੜਾਹੀਂ।
ਮਨ ਮਹਿੰ ਯਹਿ ਤਿਨ ਮਤੇ ਪਕਾਏ, ਜੀਵਤ ਤੇ ਦੁਖ ਸਹਾ ਨ ਜਾਏ।
ਤਾਂਤੇ ਜਬੀ ਦਾਤ ਟੁਟਵੈ ਹੈਂ, ਹਾਇ ਹਾਇ ਮੁਖ ਤਬੀ ਕਹੈ ਹੈਂ।
ਪਕੜ ਲੇਹਿੰ ਤਬਹੀ ਬਿਨ ਦੇਰੀ, ਪਗ ਮਹਿ ਪਾਵਹੁ ਸੰਗਲ ਬੇਰੀ।
ਯੋਂ ਕਹਿ ਕਰ ਪਾਥਰ ਕਰ ਲੀਏ, ਸਭ ਮੁਰਦਯੋਂ ਪਰ ਵਾਰ ਸੁ ਕੀਏ।
ਗਏ ਤੋੜਤੇ ਦਾਂਤ ਸਬਾਹੀ, ਅਬ ਵਾਰੀ ਹਰਤ ਕੀ ਆਈ।
ਮਾਰਾ ਪੱਥਰ ਦਾਂਤਨ ਜਬਹੀ, ਦੋਇ ਦਾਂਤ ਟੂਟੇ ਮੁਖ ਤਬਹੀ।
ਪਰ ਤਿਨਕੀ ਪੀੜਾ ਤੇ ਡਰਕੇ, ਹਰਤ ਮੂਲ ਨਹੀਂ ਮਨ ਧਰਕੇ।
ਜਬ ਤਿਨ ਦੇਖਾ ਨਹਿੰ ਕੋ ਹੱਲੇ, ਲੈ ਪਾਥਰ ਆਗੇ ਕੋ ਚੱਲੇ।
ਉਤ ਹਰਤ ਨੇ ਮਨ ਮਹਿ ਦੇਖਾ, ਕਾਫਰ ਕੋ ਪੈ ਗਿਆ ਭੁਲੇਖਾ।
ਤਾਂਤ ਭਾਗ ਚਾਲਨ ਭਲ ਹਈਏ, ਮੁਰਦਯੋਂ ਮੇਂ ਨਹਿੰ ਪੈ ਅਬ ਰਹੀਏ।
ਚੁਪਕੇ ਉਠ ਕਰ ਤੁਰੇ ਅਗਾਰੀ, ਪਿਖੀ ਪਹਾੜੀ ਕੀ ਇਕ ਗਾਰੀ।
ਜਾਇ ਧਸੇ ਤਾ ਮਹਿ ਬਿਨ ਦੇਰੀ, ਦਰ ਪਰ ਏਕ ਸਿਲਾ ਬਡ ਗੇਰੀ।
ਏਕ ਸਾਂਪ ਤਾ ਮਹਿੰ ਥੋ ਕਾਰਾ, ਦੇਖਤ ਮਾਰੋ ਤਬੀ ਫੁੰਕਾਰਾ।
ਤਬ ਹਰਤ ਨੇ ਹਾਥ ਉਠਾਯੋ, ਤਾ ਪਰ ਡੰਗ ਸਾਪ ਨੇ ਲਾਯੋ।
ਕਾਟ ਉਂਗਲੀ ਤਬ ਤਿਨ ਦੀਨੀ, ਚੂਸ ਨਬੀ ਨੇ ਮੁਖ ਸੋਂ ਲੀਨੀ।
ਬਹੁਰ ਸਾਂਪ ਨੇ ਡੰਗ ਚਲਾਯਾ, ਫਿਰ ਤਿਨ ਤੈਸੇ ਹਾਥ ਕਰਾਯਾ।
ਉਸੀ ਅਗੁਰੀ ਕੋ ਤਿਨ ਕਾਟਾ, ਚੂਪ ਥੂਕ ਸੋਂ ਧਰ ਪਰ ਸਾਟਾ।
ਬਹੁਤ ਤੀਸਰੋ ਡੰਗ ਚਲਾਯੋ, ਤਿਸੀ ਅਗੁਰੀ ਪਰ ਵੁਹ ਖਾਯੋ।
ਤਿਸੀ ਪ੍ਰਕਾਰ ਥੂਕ ਕਰ ਡਾਰਾ, ਡਰਾ ਸਾਂਪ ਤਬ ਦੇਖ ਨਕਾਰਾ।
ਬੈਠਾ ਮ੍ਰੀ ਹੋਕਰ ਦੂਰੇ, ਨਾਹਿੰ ਨਬੀ ਕੇ ਗਇਓ ਹੂਰੇ।
ਪੁਨ ਇਕ ਮਕੜੀ ਜੀਵ ਨਕਾਰਾ, ਕਹਿਣਾ ਕਹਿਤ ਜਿਸੇ ਜਗ ਸਾਰਾ।
ਤਿਸਨੇ ਤੰਤ ਾਰ ਮੁਖ ਤਾਨੀ, ਮੇਸ ਦਈ ਜਿਨ ਸਗਲ ਨਿਾਨੀ।
ਇਤ ਇਹ ਕਥਾ ਭਈ ਰਸ ਭੀਨੀ, ਸੁਨੋ ਕਾਫਰੋਂ ਕੇਹੀ ਕੀਨੀ।
ਲੈਕਰ ਖੋਜ ਮਗਰ ਹੀ ਧਾਏ, ਆਇ ਗਾਰ ਊਪਰ ਠਹਿਰਾਏ।
ਲਗੇ ਵਿਚਾਰ ਕਰਨ ਮਨ ਮਾਹੀਂ, ਕਿਧੋਂ ਗਾਰ ਮਹਿੰ ਹੋਇ ਹੈ ਨਾਹੀਂ।

**ਦੇਖਹੁ ਜਾਇ ਤਾਂਹਿ ਕੇ ਅਦਰ, ਬਨਾ ਦਖਾਈ ਦੇਤ ਜੁ ਮਦਰ।**
**ਜਬ ਜਾਨੇ ਕਾ ਕੀਨ ਤਯਾਰਾ, ਮਕੜੀ ਕੋ ਤਬ ਜਾਲ ਨਿਹਾਰਾ।**
**ਲਗੇ ਕਹਿਨ ਵੁਹ ਯਹਾਂ ਨ ਆਏ, ਜਾਂ ਤੇ ਮਕੜੀ ਜਾਲ ਤਨਾਏ।**
**ਜਾ ਤਾਕੇ ਅਦਰ ਵੁਹ ਜਾਤੇ, ਤੌਂ ਜਾਲੇ ਸਭ ਹੀ ਤੁਟਵਾਤੇ।**
**ਪਾਛੇ ਫਿਰੇ ਪਾਲਕ ਮਹਿੰ ਸਾਰੇ, ਾਲੀ ਘਰ ਕੋ ਗਏ ਨਿਕਾਰੇ।**
**ਤਿੰਹ ਤੇ ਹਰਤ ਘਰ ਕੋ ਆਏ, ਤਿਨ ਤੇ ਅਪਨੀ ਜਾਨ ਬਚਾਏ।**
**ਅਵਧ ਜਗ ਮਹਿੰ ਏਹ ਕਹਾਨੀ, ਲਿਖੀ ਤਾਰੀੀ ਬਾਤ ਮਹਾਨੀ।**
**ਦੇਖੋ ਮੁਸਲਮਾਨ ਹਨ ਜੇਤੇ, ਯਾਦ ਕਰਤ ਹੈ ਨਿਸਦਿਨ ਤੇਤੇ।**
**ਕਹਤ ਦੀਨ ਹਮਰੇ ਕੇ ਕਾਰਣ, ਸਹੇ ਨਬੀ ਨੇ ਤਨ ਦੁਖ ਦਾਰਣ।**
**ਕਈ ਕਿਤਾਬਨ ਮੈਂ ਲਿਖ ਦੀਆ, ਜੋ ਉਪਕਾਰ ਨਬੀ ਨੇ ਕੀਆ।**
**ਪੁਨ ਤਿਨ ਕੇ ਜੋ ਕਾਰਜ ਆਨਾ, ਜਾਂ ਕੋ ਔਰਨ ਬੁਰੇ ਬਖਾਨਾ।**
**ਤਿਨਕੇ ਤਿਨਕੇ ਦੀਨੀ ਪਾਰੇ, ਇਲਹਾਮੀ ਹੈਂ ਮੁਖੋਂ ਉਚਾਰੇ।**
**ਕਹਤ ਹੁਕਮ ਯਹ ਹੁਤੋ_ਦਾਈ, ਨਾਹੀਂ ਦੋ ਨਬੀ ਕਾ ਰਾਈ।**

### ਵਾਰਤਕ

ਪਾਦਰੀ ਮੌਲਵੀ ਇਮਾਉੱਦੀਨ ਸਾਹਿਬ ਤਾਰੀਖ ਮਹੰਮਦੀ" ਵਿਚ ਲਿਖਦੇ ਹਨ, ਕਿ ਹਰਤ ਮਹੰਮਦ ਸਾਹਿਬ ਦੇ ਪੁੱਤ੍ਰੈ ਦ ਨੇ ਜਦ ਅਪਨੀ ਇਸਤ੍ਰੀੈ ਨਬ ਨੂੰ ਤਲਾਕ ਦੇ ਦਿੱਤਾ ਤਾਂ ਹਰਤ ਨੇ ਉਸ ਨੂੰ ਆਪ ਘਰ ਵਿਚ ਪਾ ਲੀਤਾ; ਅਰਥਾਤ ਉਹ ਆਪਣੀ ਇਸਤ੍ਰੀ ਕਰ ਲੀਤੀ ਇਸ ਪਰ ਭੀ ਮੁਸਲਮਾਨ ਆਖਦੇ ਹਨ ਕਿ ਉਨ੍ਹਾਂ ਨੂੰ ਇਲਹਾਮ ਹੋਇਆ ਸੀ ਕਿ ਐਸਾ ਕਰੋ, ਹਰਤ ਨੇ_ਦਾ ਦੇ ਹੁਕਮ ਨਾਲ ਇਹ ਕੰਮ ਕੀਤਾ। ਅਜੇਹੀਆਂ ਹੋਰ ਕਈ ਬਾਤਾਂ ਦੂਜੇ ਲੋਕ ਆਖਦੇ ਹਨ। ਜਿਨ੍ਹਾਂ ਤੇ ਦੇ ਯਾ ਕੌਮ ਨੂੰ ਕੋਈ ਲਾਭ ਨਹੀਂ ਪਹੁੰਚਦਾ, ਕਿੰਤੂ ਨੁਕਸਾਨ ਪਹੁੰਚਦਾ ਹੈ; ਕਿਉਂਕਿ ਜਦ ਲੋਕ ਏਹ ਾਲ ਕਰਦੇ ਹਨ ਕਿ ਜੇ ਨਬੀਆਂ ਦੇ ਏਹ ਹਾਲ ਹੋਏ ਹਨ ਤਾਂ ਸਾਡਾ ਕੀ ਹਾਲ ਹੋਵੇਗਾ? ਇਸ ਤੇ ਇਲਾਕ ਨੂੰ ਰੂਰ ਨੁਕਸਾਨ ਪਹੁੰਚਦਾ ਹੈ। ਫਿਰ ਉਨ੍ਹਾਂ ਦੇ ਮੁਹਜੇ ਅਰਥਾਤ ਕਰਾਮਾਤਾਂ ਭੀ ਅਜੇਹੀਆਂ ਹਨ ਜਿਨ੍ਹਾਂ ਤੇ ਮੁਲਕ ਯਾ ਕੌਮ ਨੂੰ ਸਵਾਇ ਨੁਕਸਾਨ ਦੇ ਹੋਰ ਕੁਝ ਲਾਭ ਨਹੀਂ ਹੈ। ਜੈਸਾ ਕਿ ਆਖਦੇ ਹਨ ਕਿ ਹਰਤ ਮੁਹੰਮਦ ਸਾਹਿਬ ਨੇ ਚੰਦ ਨੂੰ ਤੋੜ ਦਿੱਤਾ ਸੀ, ਜਿਸ ਤੇ ਉਸ ਦੇ ਦੋ ਟੁਕੜੇ ਹੋ ਗਏ



ਸਨ। ਤੁਸੀਂ ਦੇਖ ਸਕਦੇ ਹੋ ਕਿ ਭਲਾ ਜੇ ਚੰਦ ਸੱਚ ਮੁੱਚ ਹੀ ਟੁੱਟ ਜਾਂਦਾ ਤਾਂ ਉਸ ਦਾ ਪ੍ਕਾ ਘਟ ਹੋ ਜਾਣ ਤੇ ਪ੍ਰਿਥੀ ਨੂੰ ਕੇਹਾਕੁ ਨੁਕਸਾਨ ਪਹੁੰਚਦਾ; ਕਿਉਂਕਿ ਚੰਦ ਤੇ ਬਿਨਾਂ ਹਮੇ਼ਾ ਰਾਤ ਕਾਲੀ ਬੋਲੀ ਅਤੇ ਡਰਾਉਨੀ ਹੁੰਦੀ ਅਰ ਹਾਰਾਂ ਔਖਧੀਆਂ ਜੋ ਚੰਦ੍ਮਾਂ ਦੀ ਕਿਰਨਾਂ ਕਰਕੇ ਰਸਦਾਇਕ ਹੁੰਦੀਆਂ ਹਨ ਫਿੱਕੀਆਂ ਰਹਿੰਦੀਆਂ। ਹਾਂ ਇਸ ਕਰਾਮਾਤ ਤੇ ਚੋਰਾਂ ਨੂੰ ਭਾਵੇਂ ਲਾਭ ਪਹੁੰਚਦਾ ਜੋ ਅਧੇਰੇ ਦੇ ਲੋੜਵੰਦ ਹਨ। ਤਾਂ ਭੀ ਅਜਿਹੇ ਇਸਲਾਮ ਅਜੇਹੇ ਅਕ੍ਰਿਤਘਨ ਨਹੀਂ ਹਨ ਜੋ ਏਨ੍ਹਾਂ ਬਾਤਾਂ ਨੂੰ ਯਾਦ ਕਰਕੇ ਓਨ੍ਹਾਂ ਵੱਡੇ ਉਪਕਾਰਾਂ ਨੂੰ ਭੁਲਾ ਦੇਣ ਜੋ ਉਨ੍ਹਾਂ ਨੇ ਆਪਣੀ ਉੱਮਤ ਵਾਸਤੇ ਕੀਤੇ ਸਨ।

ਦੂਸਰਾ ਇਮਾਮਾਂ ਦੀ ਲੜਾਈ ਜੋ ਉਨ੍ਹਾਂ ਦੇ ਰਿਤੇਦਾਰ ਯੀਦ ਭਾਈ ਨਾਲ ਇੱਕ ਇਸਤ੍ਰੀ ਦੇ ਵਿਆਹ ਪਿੱਛੇ ਹੋਈ ਸੀ ਓਹ ਭੀ ਕੋਈ ਦੀਨੀ ਲੜਾਈ ਨਹੀਂ ਸੀ ਕੇਵਲ ਨੰਸੀ ਖਾਹ ਦਾ ਫਲ ਸੀ। ਪਰ ਤਾਂ ਭੀ ਅਹਿਲ ਇਸਲਾਮ ਉਸ ਨੂੰ ਮਹਬੀ ਰਸਮ ਦੇ ਬਰਾਬਰ ਜਾਣ ਕੇ ਤਾਈਏ ਬਣਾਕੇ ਸਾਲ ਪਿੱਛੋਂ ਅੱਠ ਦਸ ਦਿਨ ੋਕ ਅਤੇ ਰੋਣਾ ਪਿੱਟਣਾ ਕਰਦੇ ਹਨ ਜਿਸ ਵਿਚ ਕਈ ਸਦੀਆਂ ਦੀ ਗੱਲ ਨੂੰ ਅਜੇ ਹੀ ਕਰਕੇ ਦਿਖਾ ਦੇਂਦੇ ਹਨ ਜਾਣੋ ਅੱਜ ਹੋਈ ਹੈ। ਭਾਵੇਂ ਇਸ ਗੱਲ ਨੂੰ ਬਹੁਤ ਲੋਕ ਬੁਰਾ ਭੀ ਆਖਦੇ ਹਨ ਪਰ ਤਾਂ ਭੀ ਅਸੀਂ ਇਤਨਾ ਰੂਰ ਕਹਾਂਗੇ ਕਿ ਇਹ ਸਾਰਾ ਪੁਰਖਾਰਥ ਦੀਨ ਇਸਲਾਮ ਦੀ ਕ੍ਰਿਤੱਗਤਾ ਦਾ ਚਿੰਨ੍ਹ ਹੈ ਜੋ ਆਪਣਿਆਂ ਵੱਡਿਆਂ ਦੇ ਉਪਕਾਰ ਯਾ ਸਾਕੇ ਨੂੰ, ਭਾਵੇਂ ਓਹ ਕਿਸੇ ਪ੍ਕਾਰ ਦੇ ਕਿਉਂ ਨਾ ਹੋਣ, ਦਿਲੋਂ ਨਹੀਂ ਭੁਲਾਉਂਦੇ।

ਪ੍ਨ–ਤੁਸੀਂ ਦੱਸ ਸਕਦੇ ਹੋ ਕਿ ਸਿੱਖਾਂ ਨੇ ਭੀ ਸਾਹਿਬਾਦਿਆਂ ਦੇ ਕਹਿਰ ਵਾਲੇ ਸਾਕੇ ਦੀ ਕੋਈ ਯਾਦਗਾਰ ਬਣਾਈ ਹੋਵੇ ਯਾ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੀ ਯਾਦਗਾਰ ਦਾ ਭੀ ਕੁਝ ਨਿਾਨ ਯਾ ਖਾਲ ਰਖਿਆ ਹੋਵੇ?

## ਈਸਾਈਆਂ ਦਾ ਹਾਲ

### ਦੋਹਿਰਾ

**ਹੁਣ ਈਸਾਈ ਪਥ ਦੀ ਸੁਣੋ ਬਾਤ ਮਨ ਲਾਇ।**
**ਸੂਲੀ ਚੜ੍ਹਨ ਮਸੀਹ ਦਾ ਬੈਠੇ ਨਹੀਂ ਭੁਲਾਇ।**

**ਚੌਪਈ**

**ਈਸਾ ਨਬੀ ਪੁਰਖ ਪਰਧਾਨ, ਜਿਸਨੇ ਦਿੱਤੇ ਅਪਨੇ ਪਰਾਨ।**
**ਲੋਗਨ ਮਹਿ ਕਰਤੋ ਉਪਦੇ, ਤਿਨਕੇ ਹਰਤਾ ਕਈ ਕਲੇ।**
**ਪਰ ਲੋਗੋਂ ਕੇ ਤਾਂਕੀ ਬਾਨੀ, ਮੂਲ ਰਿਦੇ ਮਹਿ ਨਾਹਿੰ ਸੁਖਾਨੀ।**
**ਜਾਂ ਪਰ ਬਾਦਾਹ ਹੈਰੋਡ*, ਤਾਂਈ ਕਹਿੰਦੇ ਇਸੇ ਨ ਛੋਡ।**
**ਤਬ ਹੈਰੋਡ ਪਕੜ ਓਹ ਲੀਆ, ਅਪਣੇ ਸਨਮੁਖ ਠਾਂਡਾ ਕੀਆ।**
**ਲਗਾ ਦੇਣ ਦੁਖ ਤਾਂ ਕੋ ਭਾਰੀ, ਜੋ ਵਹੁ ਸਕਤਾ ਨਹੀਂ ਸਹਾਰੀ।**
**ਕਾਂਟਨ ਕਾ ਸਿਰ ਤਾਜ ਰਖਾਯਾ, ਕਾਨੇ ਪਕੜ ਤਾਂਹਿ ਮਰਵਾਯਾ।**
**ਮੁਖ ਪਰਜਾ ਨੇ ਥੂਕਾ ਤਾਂ ਕੇ, ਬੁਰੇ ਬਦ ਭਾਖੇ ਪ੍ਰਤਿ ਵਾਕੇ।**
**ਪੁਨ ਹਾਥਨ ਪੈਰਨ ਕੇ ਮਾਹੀਂ, ਛਾਤੀ ਆਂਖਨ ਮੇਂ ਵਡ ਤਾਹੀਂ।**
**ਸੂਏ ਲੋਹੇ ਕੇ ਗਡਵਾਏ, ਕਰੇ ਮਖੌਲ ਬਹੁਤ ਮਨ ਭਾਏ।**
**ਪੁਨ ਆਖਰ ਕੋ ਸੂਲੀ ਥੀਆ, ਤਿਸਨੇ ਤਨ ਅਰਪਨ ਕਰ ਦੀਆ।**
**ਦੇਖੋ ਤਿਸਕੇ ਬਦਲੇ ਸਾਰੇ, ਕਹਿਤ ਈਸਾਈ ਹੈਂ ਛੁਟਕਾਰੇ।**

ਭਾਵ-ਈਸਾਈ ਲੋਕ ਇਸ ਬਾਤ ਨੂੰ ਪੋਥੀਆਂ ਵਿਚ ਛਪਵਾ ਕੇ ਅਤੇ ਵੱਖਾਨ ਦੇ ਕਰ ਕੇ ਸਾਰੇ ਸੰਸਾਰ ਦੇ ਪੁਰਾਂ ਪ੍ਰਤਿ ਪ੍ਰਗਟ ਕਰਦੇ ਹਨ ਕਿ ਯਸੂ ਨੇ ਸਾਡੇ ਵਾਸਤੇ ਦੇਹ ਪਰ ਦੁਖ ਸਹਾਰੇ, ਅਤੇ ਕਲੀਸੀਆਂ** ਦੇ ਆਰਾਮ ਲਈ ਤੇ ਸਾਡੇ ਪਾਪਾਂ ਦੇ ਨਾਸ ਲਈ ਉਸ ਨੇ ਆਪਣੇ ਆਪ ਨੂੰ ਕੁਰਬਾਨ ਕੀਤਾ, ਇਸ ਵਾਸਤੇ ਓਹ ਸਾਡੇ ਗੁਨਾਹਾਂ ਦਾ ***ਕੁੰਾਰਾ ਹੋਇਆ ਹੈ ਤਾਂ ਤੇ ਸਾਨੂੰ ਉਸ ਪਰ ਈਮਾਨ ਲਿਆਉਣਾ ਚਾਹੀਏ।

ਭਾਵੇਂ ਹੋਰ ਮਤਾਂ ਵਾਲੇ ਇਸ ਪਰ ਕਈ ਪ੍ਰਕਾਰ ਦੇ ਏਤਰਾ ਕਰਦੇ ਹਨ ਕਿ ਦੂਸਰੇ ਦੇ ਗੁਨਾਹਾਂ ਦਾ ਕੁੱਾਰਾ ਦੂਜਾ ਕਿਸ ਤਰ੍ਹਾਂ ਹੋ ਸਕਦਾ ਹੈ, ਅਤੇ ਮਸੀਹ ਇਨਸਾਨ ਥਾ, ਅਰ ਉਹ੍ ਦਾ ਦਾ ਬੇਟਾ ਨਹੀਂ ਹੋ ਸਕਦਾ ਕਿਉਂਕਿ੍ ਦਾ ਦੀ ਕੋਈ ਇਸਤ੍ਰੀ ਨਹੀਂ ਹੈ ਅਤੇ੍ ਦਾ ਸਥੂਲ ਸਰੀਰ ਵਾਲਾ ਨਹੀਂ ਹੈ। ਹਾਂ ਇਸ ਗੱਲ ਨੂੰ ਮਨਾ ਜਾਂਦਾ ਹੈ ਕਿ ਉਹ ਇਕ ਧ੍ਮਾਤਮਾ ਪੁਰਖ ਸੀ; ਪ੍ਰਤੂ ਦਾ ਯਾ ਉਸ ਦਾ ਪੁੱਤ੍ ਹੋਣਾ ਅਸੰਭਵ ਹੈ। ਵੱਡੀ ਗੱਲ ਜੋ ਉਸ ਦੇ ਸੂਲੀ ਚੜ੍ਹਨੇ ਵਾਲੀ ਹੈ ਸੋ ਭੀ ਕੋਈ ਹਿੰਦੁਸਤਾਨ ਦੇ ਮਹਾਤਮਾ ਜਨਾਂ ਤੇ ਵਧਕੇ ਨਹੀਂ ਪਾਈ ਜਾਂਦੀ: ਕੋਂਕਿ ਅਜੀਲ

*Herod ਨਾਮ ਬਾਦਾਹ    **ਈਸਾਈ ਦੀਨ    ***ਗੁਨਾਹਾਂ ਦਾ ਬਟਨਾ



ਵਿਚ ਲਿਖਿਆ ਹੈ ਕਿ ਜਦ ਉਸ ਨੂੰ ਪਤਾ ਲੱਗਾ ਕਿ ਮੇਰੇ ਦੁਮਨ ਮੈਨੂੰ ਮਾਰਨਾ ਚਾਹੁੰਦੇ ਹਨ ਅਤੇ ਅੱਜ ਮੈਂ ਪਕੜਿਆ ਜਾਣਾ ਹੈ ਤਦ ਓਹ ਸਾਰੀ ਰਾਤ ਬੇਚੈਨ ਰਿਹਾ ਤੇ ਅਪਨੇ ਸੇਵਕਾਂ ਨੂੰ ਏਹ ਆਖਨ ਲੱਗਾ ਕਿ ਕਿਆ ਤੁਸੀਂ ਸੁੱਤੇ ਪਏ ਹੋ? ਇਹ ਨਹੀਂ ਦੇਖਦੇ ਜੋ ਮੇਰੇ ਪਰ ਕੇਹੀ ਮੁਸੀਬਤ ਆਨ ਵਾਲੀ ਹੈ ਜਿਸ ਦੇ ਹੱਥੋਂ ਮੈਂ ਬੇਹਾਲ ਹਾਂ। ਫੇ ਰ ਪਹਾੜ ਪਰ ਚੜ੍ਹ ਗਿਯਾ ਤੇ ਦੋਨੋਂ ਹੱਥ ਉਠਾ ਉਠਾਕੇ ਪਰਮੇਰ ਅੱਗੇ ਪ੍ਰਾਰਥਨਾ ਕੀਤਾ ਕਿ ਹੇ ਪਿਤਾ ਇਸ ਮੌਤ ਦੇ ਪਿਆਲੇ ਨੂੰ ਮੈਥੋਂ ਦੂਰ ਰੱਖ। ਪਰ ਉਸ ਸਮ ਕਾ ਹੋ ਸਕਦਾ ਸੀ ਜਿਸ ਤੇ ਦਿਨ ਚੜ੍ਹਦੇ ਹੀ ਪਕੜਨਾ ਗਾ, ਅਰ ਚਿੱਲਾਉਂਦਾ ਸੂਲੀ ਦਿੱਤਾ ਗਿਆ। ਦੇਖੋ ਏਧਰ ਮੁਸਲਮਾਨਾਂ ਵਿੱਚ ਇੱਕ ਮਨਸੂਰ ਵੇਦਾਂਤੀ ਨੇ ਹੱਸ ਹੱਸਕੇ ਸੂਲੀ ਪਰ ਚੜ੍ਹਦਿਆਂ ਜਾਨ ਦਿੱਤੀ ਅਰ ਮੂਹ ਤੇ ਹਾਇ ਤਕ ਭੀ ਨਹੀਂ ਆਖੀ ਸੀ ਅਰ ਨਾ ਇਹ ਕਿਹਾ ਕਿ ਮੈਥੋਂ ਇਹ ਮੌਤ ਦਾ ਪਿਆਲਾ ਦੂਰ ਰਹੇ। ਦੂਸਰਾ ਮਸਤਬਰੋ ਨੇ ਅਪਨੀ ਪੁਠੀ ਖੱਲ ਮੁਲਤਾਨ ਵਿਚ ਬਾਦਾਹ ਦੇ ਹਥੋਂ ਲੁਹਾਕੇ ਭੋਹ ਨਾਲ ਭਰਵਾਈ ਪਰ ਉਸ ਨੇ ਮੂਹ ਤੇ ਸੀ ਤਕ ਭੀ ਨਹੀਂ ਕੀਤੀ।

ਸ੍ਰੀ ਗੁਰੂ ਤੇ ਬਹਾਦਰ ਜੀ ਨੇ ਜਪੁਜੀ ਸਾਹਿਬ ਪੜ੍ਹਦਿਆਂ ਪੜ੍ਹਦਿਆਂ ਅਪਨਾ ਸੀਸ ਤੇ ਨਾਲ ਜੁਦਾ ਕਰਾਯਾ ਪਰ ਮੁਖੋਂ ਓਹ ਤਕ ਭੀ ਨਾ ਉਚਾਰੀ, ਜੈਸਾ ਕਿ ਦਸਮ ਗੁਰੂ ਜੀ ਦਾ ਕਥਨ ਹੈ :-

**ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰੁ ਸੀ ਨ ਉਚਰੀ॥**
**ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰੁ ਨ ਦੀਆ॥**

(ਬਚਿਤ੍ਰ ਨਾਟਕ)

ਇਸ ਤੋਂ ਅੱਗੇ ਹਕੀਕਤ ਰਾਇ ਖੱਤ੍ਰੀਆਂ ਦੇ ਲੜਕੇ ਨੇ (ਜੋ ਨਾ ਕੋਈ ਅਵਤਾਰ ਸੀ ਅਰ ਨਾ ਕੋਈ ਪੈਗਬਰ ਸੀ ਅਤੇ ਮੁਸਲਮਾਨ ਉਸ ਨੂੰ ੋਰ ਨਾਲ ਮੁਸਲਮਾਨ ਬਣਾਉਣਾ ਚਾਹੁੰਦੇ ਸਨ) ਅਪਣਾ ਸਿਰ ਲਾਹੌਰ ਵਿਚ ਾਨਬਹਾਦਰ ਸੂਬੇ ਦੇ ਸਾਹਮਣੇ ਦਿੱਤਾ ਪਰ ਧਰਮ ਨਾ ਛੱਡਿਆ। ਸੋ ਮਸੀਹ ਦਾ ਸੂਲੀ ਚੜ੍ਹਨਾ ਕੋਈ ਇਨ੍ਹਾਂ ਮਹਾਤਮਾ ਨਾਲੋਂ ਵਧ ਕੇ ਵਡਾਈ ਨਹੀਂ ਰੱਖਦਾ।

ਪ੍ਰਤੂ ਸਾਨੂੰ ਅਜਿਹੇ ਝੇੜਿਆਂ ਨਾਲ ਕੋਈ ਕੰਮ ਨਹੀਂ ਹੈ ਕੇਵਲ ਏਹੋ ਉਪਦੇ ਯਾ ਨਸੀਹਤ ਸਾਨੂੰ ਈਸਾਈ ਕੌਮ ਤੇ ਮਿਲ ਸਕਦੀ ਹੈ ਕਿ ਇਹ ਕੌਮ ਅਕ੍ਰਿਤਘਣ ਨਹੀਂ ਹੈ ਕਿੰਤੂ ਕ੍ਰਿਤੱਗ ਹੈ। ਇਸ ਵਾਸਤੇ ਏਹਨਾਂ ਦੇ ਗਿਰਜਿਆਂ ਪਰ ਹਰ ਜਗਾ ਸੂਲੀ ਦਾ ਨਿਾਨ ਹੁੰਦਾ ਹੈ। ਕਿਤਨਿਆਂ ਦੀ ਟੋਪੀ, ਕੋਟ, ਘੜੀ ਦੀ ੰਜੀਰੀ

ਆਦਿਕਾਂ ਪਰ ਪੀ ਇਸਦੀ ਨਿਾਨੀ ਪਾਈ ਜਾਂਦੀ ਹੈ। ਇਸ ਤੋਂ ਇਹ ਭਾਵ ਨਿਕਲਦਾ ਹੈ ਕਿ ਇਸ ਈਸਾਈ ਕੌਮ ਨੇ ਆਪਣੇ ਮਹਾਤਮਾ ਮਸੀਹ ਦੇ ਉਪਕਾਰਾਂ ਨੂੰ ਭੁਲਾ ਨਹੀਂ ਦਿੱਤਾ ਬਲਕਿ ਹਰਦਮ ਯਾਦ ਰੱਖਣੇ ਦੇ ਵਾਸਤੇ ਉਸ ਦੇ ਨਿਾਨ ਆਪਣੇ ਬਸਤ੍ਰਾਂ ਅਤੇ ਮਕਾਨਾਂ ਨੂੰ ਲਾ ਰੱਖੇ ਹਨ।

**ਦੋਹਿਰਾ**

**ਹਿੰਦੂ ਈਸਾਈ ਮੁਸਲਮਾਂ ਰਖਦੇ ਧਰਮ ਈਮਾਨ।**
**ਧੰਨ-ਧੰਨ ਇਹ ਧੰਨ ਹਨ ਵੱਡਨ ਪਰ ਕੁਰਬਾਨ॥**

ਪ੍ਰਨ-ਕਾ ਗੁਰੂਆਂ ਦੀਆਂ ਤਕਲੀਾਂ ਦਾ ਕੋਈ ਨਿਾਨ ਸਿੱਖ ਕੌਮ ਨੇ ਭੀ ਆਪਣੇ ਪਾਸ ਰੱਖਿਆ ਹੈ?

ਏਹ ਹਿੰਦੂ, ਮੁਸਲਮਾਨ ਅਤੇ ਈਸਾਈ ਭਾਈਆਂ ਦੇ ਨਿਸਚੇ ਅਤੇ ਿਵ੍ਾਸ ਦੀ ਬਾਬਤ ਜੋ ਉਨ੍ਹਾਂ ਦੇ ਅਪਨੇ ਵੱਡਿਆਂ ਮਹਾਤਮਾਂ ਪਰ ਹੈ, ਕੁਛੁਕ ਕਥਨ ਕੀਤਾ ਹੈ, ਜਿਸ ਦੇ ਪੜ੍ਹਨੇ ਤੇ ਹਰ ਇਕ ਪੁਰ ਨੂੰ ਏਨ੍ਹਾਂ ਕੌਮਾਂ ਦੀ ਪ੍ਰੀਤੀ ਦਾ ਜੋ ਆਪਨੇ ਵੱਡਿਆਂ ਨਾਲ ਹੈ, ਗਾਨ ਹੋ ਸਕਦਾ ਹੈ।

ਹੁਣ ਅੱਗੇ ਸਿੱਖ ਯਾ ਖਾਲਸਾ ਪਥ ਦਾ ਹਾਲ ਭੀ ਆਖਿਆ ਜਾਂਦਾ ਹੈ।

## ਸਿੱਖਾਂ ਦਾ ਹਾਲ

**ਦੋਹਰਾ :** **ਸਿੱਖ ਪਥ ਦਾ ਹਾਲ ਹੁਣ, ਸੁਣੋ ਰਾ ਮਨ ਲਾਇ॥**
**ਅਪਨੇ ਦਸ ਗੁਰ ਪਰ ਅਹੈ, ਨਿਸਚਾ ਇਨ ਕਿਸ ਭਾਇ॥**

**ਚੌਪਈ**

**ਔਰ ਮਤਨ ਕੀ ਬਾਤ ਉਚਾਰੀ॥ ਹੁਨ ਆਈ ਸਿੰਘਨ ਕੀ ਵਾਰੀ॥**
**ਇਨ ਕੇ ਗੁਰੂਅਨ ਜੋ ਉਪਕਾਰੇ॥ ਕਰੇ ਇਨ੍ਹੋਂ ਪਰ ਦੂਖ ਸਹਾਰੇ॥**
**ਉਨਕੋ ਇਨ ਨੇ ਨਹੀਂ ਵਿਚਾਰਾ॥ ਸੋਵਤ ਨਿਸ ਦਿਨ ਪੈਰ ਪਸਾਰਾ॥**
**ਭਏ ਕ੍ਰਿਤਘਨ ਜਗਤ ਕੇ ਮਾਹੀਂ॥ ਧਰਮ ਪ੍ਰੀਤ ਇਨਕੋ ਕੁਛ ਨਾਹੀਂ॥**

**ਵਾਰਤਕ**

ਇਸ ਪਥ ਦੇ ਆਦਿ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਨ। ਉਹਨਾਂ ਦੇ ਜੀਵਨ ਚਰਿੱਤ੍ਰ ਪੜ੍ਹਨੇ ਤੇ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਕੇਹੇ-ਕੇਹੇ ਕਟ ਸਹਾਰ ਕੇ ਏਹਨਾਂ ਦੇ ਲਾਭ ਲਈ ਯਤਨ ਕੀਤੇ। ਦੇਖੋਂ ਉਨ੍ਹਾਂ ਨੇ ਲੋਕਾਂ ਕੋਲੋਂ ਕੁਰਾਹੀ



ਨਾਮ ਰਖਾਯਾ, ਏਮਨਾਬਾਦ ਵਿਚ ਮਲਕਭਾਗੋ ਤੇ ਨਰਾਦ੍ਰ ਕਰਾਇਆ ਅਤੇ ਪਾਣੀਪਤ ਕਰਨਾਲ ਵਿਚ ਇਬਰਾਹੀਮ ਲੋਧੀ ਪਾਸ ਸੱਤ ਮਹੀਨੇ ਕੈਦ ਰਹੇ ਅਤੇ ਚੱਕੀ ਪੀਸੀ। ਜਗਨਨਾਥ, ਬਰਮਾ, ਆਸਾਮ, ਸੰਗਲਾਦੀਪ, ਮੱਕਾ, ਮਦੀਨਾ, ਕਾਬਲ, ਕੰਧਾਰ ਅਤੇ ਤਿੱਬਤ ਆਦਿ ਦੇਸਾਂ ਵਿਚ ਭ੍ਰਮਨ ਕਰ ਕੇ ਲੋਕਾਂ ਨੂੰ ਆਪਨੇ ਸੱਤ ਮਤ ਦਾ ਉਪਦੇ ਕੀਤਾ, ਜੈਸਾ ਬ੍ਰਹਮਣ ਜਾਂ ਹਿੰਦੂਆਂ ਨੂੰ ਇਹ ਉਪਦੇ ਕੀਤਾ ਕਿ ਤੁਸੀਂ ਕੱਚੇ ਸੂਤ ਦੇ ਧਾਗੇ ਵਾਲੇ ਜਨੇਊ ਨੂੰ ਤਿਆਗ ਕੇ ਇਸ ਸੱਚੇ ਜੰਞੂ ਨੂੰ ਪਹਿਰੋ ਅਤੇ ਜੋ ਜੰਞੂ ਪੁਰਾਣਾ ਹੋ ਕੇ ਟੁੱਟ ਜਾਂਦਾ ਹੈ ਯਾ ਦੁਮਨ ਤੋੜ ਦਿੰਦੇ ਹਨ, ਠੀਕ ਨਹੀਂ ਹੈ,

**ਯਥਾ :** **ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥** (ਅਗ 471)

**ਪੁਨਾ :** **ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥**
**ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥3॥** (ਅਗ 471)

ਇਸ ਬਦ ਤੇ ਸਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਾਲਸਾ ਪਥ ਦੇ ਧਾਰਮਿਕ ਜੰਞੂ ਦਾ ਹਿੰਦੂ ਕੌਮ ਨੂੰ ਕਾ ਉਪਦੇ ਕੀਤਾ ਹੈ ਜਿਸ ਤੇ ਉਨ੍ਹਾਂ ਦਾ ਤਾਤਪਰਜ ਇਸ ਾਲਸਾ ਧਰਮ ਰੂਪੀ ਸੱਤ ਮਤ ਦੇ ਪ੍ਰਚਾਰ ਲਈ ਸਾ ਕਿ ਪ੍ਰਗਟ ਹੋਵੇ। ਫਿਰ ਉਨ੍ਹਾਂ ਨੇ ਇੱਕ ਅਕਾਲ ਪੁਰਖ ਦੇ ਅਰਾਧਨ ਤੇ ਛੁੱਟ ਹੋਰ ਕਿਸੇ ਜੜ੍ਹ ਪਦਾਰਥ ਦੀ ਪੂਜਾ ਕਰਣ ਦਾ ਉਪਦੇ ਨਹੀਂ ਕੀਤਾ ਜੈਸਾ ਕਿ ਉਨ੍ਹਾਂ ਦੇ ਮੁਖਾਰਬਿੰਦ ਤੇ ਉਚਰੇ ਹੋਏ ਬਦ ਦੱਸਦੇ ਹਨ। ਯਥਾ ਆਦਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੂਰਤੀ ਪੂਜਾ ਪ੍ਰਤਿ ਕਥਨ ਹੈ :

**ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥**
**ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥1॥**
**ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ॥**
**ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥1॥ ਰਹਾਉ॥**

(ਅਗ 1170)

**ਪੁਨਾ**

**ਘਰਿ ਨਾਰਾਇਣੁ ਸਭਾ ਨਾਲਿ ॥**
**ਪੂਜ ਕਰੇ ਰਖੈ ਨਾਵਾਲਿ॥**

**ਕੁਗੂ ਚਨਣੁ ਫੁਲ ਚੜਾਏ॥**
**ਪੈਰੀ ਪੈ ਪੈ ਬਹੁਤੁ ਮਨਾਏ॥**
**ਮਾਣੂਆ ਮਗਿ ਮਗਿ ਪੈਨ ੈ ਖਾਇ॥**
**ਅਧੀ ਕਮੀ ਅਧ ਸਜਾਇ॥**
**ਭੁਖਿਆ ਦੇਇ ਨ ਮਰਦਿਆ ਰਖੈ॥**
**ਅਧਾ ਝਗੜਾ ਅਧੀ ਸਥੈ ॥ 1॥** (ਅਗ 1240)

ਏਹਨਾਂ ਬਦਾਂ ਤੇ ਸਾਂ ਪਾਇਆ ਜਾਂਦਾ ਹੈ ਜੋ ਸਿੱਖ ਲੋਕ ਸਾਡੇ ਕਥਨ ਕੀਤੇ ਹੋਏ ਅਕਾਲ ਪੁਰਖ ਦੇ ਅਰਾਧਨ ਤੇ ਛੁੱਟ ਹੋਰ ਕਿਸੇ ਜੜ੍ਹ ਪਦਾਰਥ ਨੂੰ ਨਾ ਸੇਵਨ ਅਤੇ ਜੜ੍ਹ ਪਦਾਰਥ ਮਨਣ ਵਾਲਿਆਂ ਤੋਂ ਹੋਰ ਕੌਮਾਂ ਵਾਂਗ ਜੁਦੇ ਹੋ ਜਾਣ।

ਇਸੀ ਪ੍ਰਕਾਰ ਜਦ ਅਸੀਂ ਉਨ੍ਹਾਂ ਦੀ ਜਨਮ ਸਾਖੀਆਂ ਪੜ੍ਹਦੇ ਹਾਂ ਤਦ ਉਨ੍ਹਾਂ ਤੇ ਭੀ ਸਾਨੂੰ ਇਹੋ ਉਪਦੇ ਮਿਲਦਾ ਹੈ ਕਿ ਗੁਰੂ ਜੀ ਦਾ ਅਸਲੀ ਤਾਤਪਰਜ ਇਹ ਥਾ ਕਿ ਸੰਸਾਰ ਪਰ ਸਾਰੇ ਫੋਕਟ ਕਰਮ ਧਰਮ ਹਟਾ ਕੇ ਇਕ ਸੱਚਾ ਰਸਤਾ ਅਕਾਲ ਪੁਰਖ ਦੇ ਪਾਉਨ ਦਾ ਦੱਸਿਆ ਜਾਏ, ਜੈਸਾ ਕਿ ਇਕ ਸਾੀ ਹਰਦੁਆਰ ਦੀ ਹੈ। ਜਦ ਗੁਰੂ ਜੀ ਹਰਦੁਆਰ ਪਰ ਗਏ, ਓਥੇ ਜਾ ਕੇ ਕਾ ਦੇਖਦੇ ਹਨ ਕਿ ਮੇਲਾ ਭਰਿਆ ਹੋਯਾ ਹੈ ਅਤੇ ਲੋਗ ਵੱਡੀ ਰਧਾ ਨਾਲ ਹਰਦ੍ਵਾਰ ਵਿਚ ਗੰਗਾਜਲ ਦੀਆਂ ਚੁਲੀਆਂ ਭਰ-ਭਰ ਅਪਨੇ ਪਿਤਰਾਂ ਨੂੰ ਜਲ ਦੇਂਦੇ ਹਨ। ਇਸ ਪਰ ਗੁਰੂ ਜੀ ਨੇ ਪੁੱਛਯਾ ਕਿ ਭਾਈ ਤੁਸੀਂ ਇਹ ਕਾ ਕਰਦੇ ਹੋ ? ਇਸ ਦਾ ਉੱਤਰ ਉਨ੍ਹਾਂ ਨੇ ਦਿਤਾ ਕਿ ਅਸੀਂ ਅਪਨੇ ਸੂਰਗਵਾਸੀ ਪਿਤ੍ਰਾਂ ਨੂੰ ਜਲ ਦੇ ਕੇ ਤ੍ਰਿਪਤ ਕਰਦੇ ਹਾਂ। ਇਸ ਗੱਲ ਨੂੰ ਸੁਣ ਕੇ ਗੁਰੂ ਜੀ ਅਪਨੇ ਪਿਡ ਕਰਤਾਰਪੁਰ ਵਲ ਮੁਖ ਕਰਕੇ ਦੋਨੋਂ ਹੱਥਾਂ ਨਾਲ ਪਾਣੀ ਸਿੰਜਣ ਲੱਗ ਪਏ। ਇਸ ਗੱਲ ਨੂੰ ਦੇਖ ਕੇ ਲੋਕ ਹੈਰਾਨ ਹੋ ਕੇ ਆਖਨ ਲੱਗੇ ਕਿ ਇਹ ਕੋਈ ਦੀਵਾਨਾ ਹੈ, ਅਰ ਪੁੱਛਣ ਲੱਗੇ ਕਿ ਸੰਤ ਜੀ ਇਹ ਕਿਾ ਕਰਦੇ ਹੋ? ਗੁਰੂ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਸਾਡੀ ਕਰਤਾਰਪੁਰ ਵਿਚ ਪੈਲੀ ਬੀਜੀ ਹੋਈ ਹੈ, ਉਹ ਪਾਣੀ ਖੁਣੋਂ ਸੁਕਦੀ ਜਾਂਦੀ ਹੈ, ਉਸ ਨੂੰ ਸਿੰਜਦੇ ਹਾਂ। ਇਸ ਬਾਤ ਪਰ ਸਾਰੇ ਠੱਠਾ ਕਰਨ ਲੱਗੇ , ਆਖਿਆ ਕਿ ਭਾਈ ਤੂੰ ਤਾਂ ਭੋਲਾ ਹੈਂ ਜੋ ਇਹ ਨਹੀਂ ਜਾਨਦਾ ਕਿ ਇਤਨੀ ਦੂਰ ਤੇ ਰਾ ਸਿੰਜਿਆ ਹੋਇਆ ਪਾਣੀ ਕਿਕੁਰ ਪਹੁੰਚੇਗਾ। ਇਸ ਦਾ ਉੱਤ੍ਰ ਗੁਰੂ ਜੀ ਨੇ ਹਸ ਕੇ ਇਹ ਦਿਤਾ ਕਿ ਭਾਈ ਮੇਰੀ ਪੈਲੀ ਜੋ ਏਸੇ ਧਰਤੀ ਪਰ ਹੈ, ਓਥੇ ਮੇਰਾ ਸਿੰਜਿਆ ਹੋਇਆ ਪਾਣੀ ਨਹੀਂ ਪਹੁੰਚਦਾ ਤਾਂ ਤੁਹਾਡੇ ਉਨ੍ਹਾਂ ਪਿਤਰਾਂ ਨੂੰ ਜੋ ਪਰਲੋਕ ਵਿਚ ਹਨ



ਤੁਸਾਂ ਦਾ ਪਾਣੀ ਕਿਸ ਤਰ੍ਹਾਂ ਪਹੁੰਚੇਗਾ? ਗੁਰੂ ਦੇ ਇਸ ਉਪਦੇ ਤੇ ਬਹੁਤ ਹਿੰਦੂ ਭਾਈਆਂ ਦੇ ਸੰਸੇ ਦੂਰ ਹੋ ਕੇ ਗੁਰੂ ਮਤ ਨੂੰ ਅਗੀਕਾਰ ਕਰਨ ਲਈ ਤਾਰ ਹੋ ਗਏ।

ਏਸੇ ਪ੍ਰਕਾਰ ਜਦ ਕੁਰਖੇਤ੍ਰ ਵਿਚ ਸੂਰਜ ਗ੍ਰਹਿਣ ਨੂੰ ਗਏ ਤਾਂ ਓਥੇ ਭੀ ਗ੍ਰਹਿਣ ਸਮਯ ਮਹਾਂ-ਪ੍ਰਾਦ ਚੜ੍ਹਾਯਾ ਜਿਸ ਕੰਮ ਨੂੰ ਹਿੰਦੂ ਲੋਕਾਂ ਨੇ ਆਪਣੇ ਧਰਮ ਤੇ ਅਤੀ ਉਲਟ ਸਮਝ ਕੇ ਗੁਰੂ ਜੀ ਨਾਲ ਇਸ ਵਿਖ ਪਰ ਬਹੁਤ ਬਿਬਾਦ ਕੀਤਾ ਅਰ ਪਡਤਾਂ ਨੇ ਆਖਿਆ ਕਿ ਤੈਂ ਕੁਰਖੇਤ੍ਰ ਜੈਸੇ ਤੀਰਥ ਪਰ ਗ੍ਰਹਿਣ ਦੇ ਪੁਰਬ ਪਰ ਜੋ ਮਾਸ ਰਿੱਧਾ ਹੈ ਸੋ ਮਹਾਂ ਘੋਰ ਪਾਪ ਕੀਤਾ ਹੈ ਅਤੇ ਤੂੰ ਮਹਾਂ ਪਾਪੀ ਪੁਰਖ ਹੈਂ। ਇਸ ਪਰ ਗੁਰੂ ਜੀ ਨੇ ਉਹਨਾਂ ਨੂੰ ਇਸ ਪ੍ਰਕਾਰ ਦੀ ਸਿੱਖਾ ਦਿਤੀ, ਯਥਾ :-

**ਸਲੋਕ ਮ: 1॥**

**ਪਹਿਲਾਂ ਮਾਸਹੁ ਨਿੰਮਿਆ ਮਾਸੈ ਅਦਰਿ ਵਾਸੁ॥**
**ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚਮੁ ਤਨੁ ਮਾਸੁ॥**
**ਮਾਸਹੁ ਬਾਹਰਿ ਕਢਿਆ ਮਮਾ ਮਾਸੁ ਗਿਰਾਸੁ॥**
**ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅਦਰਿ ਸਾਸੁ॥**
**ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥**
**ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥**
**ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ॥**
**ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਨਾਸੁ ॥1॥**

**ਮ: 1॥**

**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥**
**ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥**
**ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥**
**ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥**
**ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥**
**ਨਾਨਕ ਅਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥**
**ਅਧਾ ਸੋਇ ਜਿ ਅਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥**
**ਮਾਤ ਪਿਤਾ ਕੀ ਰਕਤੁ ਨਿਪਨੇ ਮਛੀ ਮਾਸੁ ਨ ਖਾਂਹੀ ॥**
**ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮਧੁ ਕਮਾਹੀ॥**

ਮਾਸਹੁ ਨਿਮੇ ਮਾਸਹੁ ਜਮੇ ਹਮ ਮਾਸੈ ਕੇ ਭਾਂਡੇ ।।
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ।।
ਬਾਹਰ ਕਾ ਮਾਸੁ ਮਦਾ ਸੁਆਮੀ ਘਰ ਕਾ ਮਾਸੁ ਚਗੇਰਾ ।।
ਜੀਅ ਜਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ।।
ਅਭਖੁ ਭਖਹਿ ਭਖੁ ਤਜਿ ਛੋਡਹਿ ਅਧੁ ਗੁਰੂ ਜਿਨ ਕੇਰਾ ।।
ਮਾਸਹੁ ਨਿਮੇ ਮਾਸਹੁ ਜਮੇ ਹਮ ਮਾਸੈ ਕੇ ਭਾਂਡੇ ।।
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ।।
ਮਾਸੁ ਪੁਰਾਣੀ ਮਾਸੁ ਕਤੇਬੀ. ਚਹੁ ਜੁਗਿ ਮਾਸੁ ਕਮਾਣਾ ।।
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ।।
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ।।
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ਹ ਕਾ ਦਾਨੁ ਨ ਲੈਣਾ ।।
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ।।
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ।।
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪਨਾ ।।
ਤੋਇਅਹੁ ਅਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗਨਾ।।
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ।।
ਏਤੇ ਰਸ ਛੋਡਿ ਹੋਵੈ ਸਨਿਆਸੀ ਨਾਨਕੁ ਕਹੈ ਵਿਚਾਰਾ ।।2।।

(ਅਗ 1289)

ਇਸ ਉਪਦੇ ਨਾਲ ਉਨ੍ਹਾਂ ਦੇ ਉਸ ਅਗਾਨ ਵਾਲੇ ਖਿਆਲ ਨੂੰ, ਜੋ ਉਹ ਗ੍ਰਹਨ ਨੂੰ ਸੂਰਜ ਨਾਲ ਕੇਤੂ ਰਾਕਸ ਦੀ ਲੜਾਈ ਸਮਝਕੇ ਉਸ ਦੀ ਰੱਖਾ ਲਈ ਯਤਨ ਕਰਦੇ ਸਨ ਅਤੇ ਉਸ ਸਮ ਪਰ ਮਾਸ ਆਦਿਕ ਦਾ ਖਾਣਾ ਪਾਪ ਜਾਨਦੇ ਸਨ, ਦੂਰ ਕੀਤਾ।

ਫੇਰ ਜਦ ਜੋਗੀਆਂ ਨੂੰ ਮਿਲੇ ਤਦ ਉਨ੍ਹਾਂ ਨੂੰ ਭੀ ਅਪਣੇ ਮਤ ਦੇ ਸੱਚੇ ਜੋਗ ਦਾ ਉਪਦੇ ਕੀਤਾ ਅਤੇ ਦੱਸਿਆ ਕਿ ਤੁਸੀਂ ਇਸ ਪ੍ਰਕਾਰ ਦੇ ਜੋਗੀ ਹੋਵੋ, ਜੈਸਾ ਕਿ ਕਥਨ ਹੈ :

**ਸੂਹੀ ਮਹਲਾ 1 ਘਰੁ 7**

**ੴ ਸਤਿਗੁਰ ਪ੍ਰਸਾਦਿ ।।**



ਜੋਗੁ ਨ ਖਿਥਾ ਜੋਗੁ ਨ ਡਡੈ ਜੋਗੁ ਨ ਭਸਮ ਚੜਾਈਐ ।।
ਜੋਗੁ ਨ ਮੁਦੀ ਮੂਡਿ ਮੁਡਾਇਐ ਜੋਗੁ ਨ ਸਿਙੀ ਵਾਈਐ ।।
ਅਜਨ ਮਾਹਿ ਨਿਰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।। 1।।
ਗਲੀ ਜੋਗੁ ਨ ਹੋਈ।।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ।।1।। ਰਹਾਉ।।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ।।
ਜੋਗੁ ਨ ਦੇਸਿ ਦਿਸਤਰਿ ਭਵਿਐ ਜੋਗੁ ਨ ਤੀਰਥਿ ਨਾਈਐ।।
ਅਜਨ ਮਾਹਿ ਨਿਰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।। 2।।
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ।।
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ।।
ਅਜਨ ਮਾਹਿ ਨਿਰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।। 3।।
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ
ਵਾਜੇ ਬਾਝਹੁ ਸਿਙੀ ਵਾਜੈ ਤਉ ਨਿਰਭਉ ਪਦੁ ਪਾਈਐ
ਅਜਨ ਮਾਹਿ ਨਿਰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ।। 4।।1।।8।।

(ਅਗ 730)

ਫੇਰ ਜਪੁਜੀ ਸਾਹਿਬ ਵਿਖੇ ਕਥਨ ਹੈ, ਯਥਾ :

ਮੁਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।।
ਖਿਥਾ ਕਾਲ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।।
ਆਈ ਪਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।।
ਆਦੇਸੁ ਤਿਸੈ ਆਦੇਸੁ।।
ਆਦਿ ਅਨੀਲ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।। (ਅਗ 6)

ਏਸ ਬਦ ਵਿਚ ਗੁਰੂ ਜੀ ਨੇ ਜੋਗੀਆਂ ਦੇ ਕਲਪਤ ਜੋਗ ਦਾ ਖਡਨ ਕਰਦੇ ਸੱਚੇ ਜੋਗ ਦਾ ਉਪਦੇ ਕੀਤਾ ਅਤੇ ਦੱਸਿਆ ਕਿ ਖਿਥਾ ਡੰਡਾ ਅਤੇ ਭਸਮ ਲਗਾਕੇ ਫਿਰਨੇ ਦਾ ਨਾਮ ਜੋਗ ਨਹੀਂ ਹੈ ਅਤੇ ਨਾ ਮੂਡ ਮੂਡਾ ਕੇ ਸਿੰਙੀ ਵਜਾਉਣ ਯਾ ਤਾੜੀ ਲਾਉਣ ਤੇ ਹੀ ਜੋਗ ਹੁੰਦਾ ਹੈ, ਗੱਲਾਂ ਨਾਲ ਜੋਗ ਨਹੀਂ ਹੁੰਦਾ। ਅਜਨ ਜੋ ਮਾਇਆ ਹੈ ਉਸ ਦੇ ਵਿੱਚ ਰਹਿਕੇ ਹੀ ਨਿਰਲੇਪ ਰਹਿਣੇ ਦਾ ਨਾਮ ਜੋਗ ਹੈ। ਤਾਂ ਤੇ ਤੁਸੀ ਉਸ ਜੋਗ ਨੂੰ ਧਾਰਨ ਕਰੋ; ਅਤੇ ਇਸ ਪ੍ਰਕਾਰ ਦੀਆਂ ਮੁਦ੍ਰਾਂ ਝੋਲੀ ਬਿਭੂਤ ਨੂੰ ਧਾਰੋ ਜਿਸ

ਦੇ ਧਾਰਨ ਕਰਨੇ ਤੇ ਤੁਸਾਡਾ ਅਕਾਲ ਪੁਰਖ ਨਾਲ ਜੋਗ ਅਰਥਾਤ ਮਿਲਾਪ ਹੋਵੇ, ਅਤੇ ਸੱਚੇ ਜੋਗੀ ਕਹਿਲਾਵੋ। ਏਸ ਉਪਦੇ ਤੇ ਸਿੱਧ ਹੁੰਦਾ ਹੈ ਕਿ ਗੁਰੂ ਜੀ ਨੇ ਜੋਗੀਆਂ ਨੂੰ ਭੀ ਆਪਣੇ ਉਪਦੇ ਦੁਵਾਰਾ ਏਹੋ ਕਥਨ ਕੀਤਾ ਕਿ ਪੁਰਾਣੇ ਕਲਪਤ ਜੋਗ ਨੂੰ ਛੱਡ ਕੇ ਤੁਸੀਂ ਇਸ ਸੱਚੇ ਖਾਲਸਾ ਧਰਮ ਦੇ ਜੋਗ ਨੂੰ ਧਾਰਨ ਕਰੋ ਜਿਸ ਵਿੱਚ ਕੰਨ ਪੜਾਉਣ, ਖਿਥਾ ਪਹਿਰਨ, ਝੋਲੀ ਹੱਥ ਲੈ ਕੇ ਦਰ ਦਰ ਮਗਣ ਦੀ ਕੋਈ ਲੋੜ ਨਹੀਂ ਹੈ। ਇਸੀ ਪ੍ਰਕਾਰ ਜਦ ਜੋਗੀਆਂ ਨੇ ਗੁਰੂ ਜੀ ਨੂੰ ਰਾਬ ਪੀਨ ਲਈ ਆਖਿਆ ਅਤੇ ਇਹ ਕਥਨ ਕੀਤਾ ਕਿ ਇਹ ਅਮ੍ਰਿਤ ਹੈ ਇਸ ਦੇ ਪੀਣੇ ਤੇ ਚਿੱਤ ਇਕਾਗਰ ਹੋ ਕੇ ਬ੍ਰਹਮ ਵਿੱਚ ਲਗ ਜਾਂਦਾ ਹੈ। ਤਦ ਗੁਰੂ ਜੀ ਨੇ ਇਹ ਨਹੀਂ ਸਮਝਿਆ ਸਾਧੂ ਲੋਗ ਧਰਮ ਦਾ ਉਪਦੇ ਕਰਦੇ ਹਨ, ਜਿਸ ਤੇ ਮਨ ਲੈਨਾ ਚਾਹੀਏ, ਕਿੰਤੂ ਉਸ ਪਰ ਭੀ ਗੁਰੂ ਜੀ ਨੇ ਇਹ ਖਿਆਲ ਕਰਕੇ ਕਿ ਇਹ ਬਾਹਰ ਮੁਖੀ ਪਦਾਰਥਾਂ ਵਿੱਚ ਲੰਪਟ ਹੋ ਕੇ ਅਪਨੇ ਜੀਵਨ ਦਾ ਨਾਸ ਕਰ ਰਹੇ ਹਨ, ਇਹ ਆਖਿਆ, ਯਥਾ :

**ਆਸਾ ਮਹਲਾ 1**

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥**
**ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥1॥**
**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰਗ ਰਚਿ ਰਹਿਆ॥**
**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥1॥ ਰਹਾਉ॥**
**ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ॥**
**ਅਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥2॥**
**ਗੁਰ ਕੀ ਸਾਖੀ ਅਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ**
**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁਠੈ ਕਰੈ ਕਿਆ ॥3॥**
**ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ॥**
**ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅਮ੍ਰਿਤ ਧਾਰੈ ॥ 4॥**

(ਅਗ 360)

ਇਸ ਬਦ ਵਿਚ ਗੁਰੂ ਜੀ ਨੇ ਜੋਗੀਆਂ ਨੂੰ ਸੱਚੀ ਰਾਬ ਦੇ ਪੀਣ ਦਾ ਉਪਦੇ ਕਰਕੇ ਸਮਝਾਇਆ ਕਿ ਹੇ ਭਾਈ ਜੇ ਤੁਸੀਂ ਅਜਿਹੀ ਰਾਬ ਦੇ ਅਮਲੀ ਹੋਣਾਂ ਚਾਹੁੰਦੇ ਹੋ ਤਾਂ ਹੋਵੋ ਜਿਸ ਦੇ ਅਗੇ ਮੁਕਤਿ ਅਤੇ ਬੈਕੁੰਠ ਭੀ ਤੁੱਛ ਹਨ, ਅਰ



ਜਦ ਤੁਸੀਂ ਇਸ ਸੱਚੇ ਅਮ੍ਰਿਤ ਦੇ ਬਾਪਾਰੀ ਹੋ ਜਾਓਗੇ ਤਦ ਇਸ ਹੋਛੇ ਮਦ ਨੇ ਤੁਹਾਡਾ ਕੀ ਸਵਾਰਨਾ ਹੈ। ਇਸ ਤੇ ਤੁਸੀਂ ਦੇਖ ਸਕਦੇ ਹੋ ਕਿ ਗੁਰੂ ਜੀ ਨੇ ਸੱਚੀ ਰਾਬ ਦਾ ਭੀ ਜੋਗੀਆਂ ਨੂੰ ਉਪਦੇ ਕੀਤਾ।

ਫਿਰ ਮੁਸਲਮਾਨਾਂ ਨੂੰ ਭੀ ਗੁਰੂ ਜੀ ਨੇ ਓਹੋ ਸੱਤ ਉਪਦੇ ਕੀਤਾ ਜੋ ਹੋਰਨਾਂ ਨੂੰ ਕੀਤਾ ਸੀ ਕਿ ਤੁਸੀਂ ਪੱਕੇ ਮੁਸਲਮਾਨ ਤਾਂ ਹੀ ਹੋ ਸਕਦੇ ਹੋ ਜੇ ਇਸ ਤਰ੍ਹਾਂ ਦੀ ਨਮਾ ਪੜ੍ਹੋਗੇ ਅਤੇ ਅਜੇਹੀ ਮਸੀਤ ਅਤੇ ਮਸੁੱਲਾ ਬਣਾਓਗੇ ਜੈਸਾ ਕਿ ਗੁਰੂ ਜੀ ਦਾ ਵਾਕ ਹੈ :-

**ਸਲੋਕੁ ਮ: 1 ॥**

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥**
**ਸਰਮ ਸੁਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥**
**ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥1॥**

**ਮ: 1 ॥**

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥**
**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥**
**ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥2॥**

**ਮ: 1 ॥**

**ਪਜਿ ਨਿਵਾਜਾ ਵਖਤ ਪਜਿ ਪਜਾ ਪਜੇ ਨਾਉ॥**
**ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥**
**ਚਉਥੀ ਨੀਅਤਿ ਰਾਸਿ ਮਨੁ ਪਜਵੀ ਸਿਫਤਿ ਸਨਾਇ॥**
**ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥**
**ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥3॥** (ਅਗ 140)

ਏਸ ਬਦ ਵਿੱਚ ਗੁਰੂ ਜੀ ਨੇ ਮੁਸਲਮਾਨਾਂ ਨੂੰ ਾਲਸਾ ਧਰਮ ਦੇ ਸੱਚੇ ਈਮਾਨਦਾਰ ਮੋਮਨ ਹੋਣ ਦਾ ਉਪਦੇ ਕੀਤਾ ਅਤੇ ਦੱਸਿਆ ਕਿ ਇਸ ਪ੍ਰਕਾਰ ਦੀ ਮਸੀਤ ਅਤੇ ਮੁਸਲਾ ਬਣਾਕੇ ਇਸ ਪ੍ਰਕਾਰ ਦੀ ਨਮਾ ਪੜ੍ਹਕੇ ਸੱਚੇ ਮੁਸਲਮਾਨ ਹੋਵੋ।

ਇਸ ਉਪਦੇ ਨੂੰ ਸੁਨਕੇ ਉਨ੍ਹਾਂ ਨੇ ਗੁਰੂ ਜੀ ਅੱਗੇ ਇੱਕ ਢੁੱਚਰ ਡਾਹੀ ਕਿ ਕਾਮਤ ਨੂੰ ਹਿੰਦੂ ਨਰਕ ਵੱਲ ਭੇਜੇ ਜਾਨਗੇ ਅਤੇ ਮੁਸਲਮਾਨ ਸਭ ਦੇ ਸਭ ਬਹਿਤ ਵਿਚ ਜਾਨਗੇ ਕਿਉਂਕਿ ਹਿੰਦੂ ਅੱਗ ਨਾਲ ਜਲਾਏ ਜਾਂਦੇ ਹਨ ਅਤੇ ਮੁਸਲਮਾਨ ਕਬਰ ਵਿੱਚ ਦੰਨਾਏ ਜਾਂਦੇ ਹਨ, ਕਿਆਮਤ ਦੇ ਦਿਨ ਜਦੋਂ ਅਰਾਈਲ ਿਰਿਤਾ ਅਪਨਾ ਰਣਸਿੰਗਾ ਬਜਾਏਗਾ ਤਦ ਮੁਸਲਮਾਨ ਤਾਂ ਉਸੀ ਤਰ੍ਹਾਂ ਆਪੋ ਆਪਨੇ ਗੀਰ ਲੈ ਕੇ ਉੱਠ ਖੜਨਗੇ ਅਰ੍ਦਾ ਦੇ ਸਾਮ੍ਹਨੇ ਜਾਨਗੇ ਜਿਨ੍ਹਾਂ ਦੀ ਹਰਤ ਮੁਹੰਮਦ ਸਾਹਿਬ ਸਿੰਾਰਸ ਕਰਨਗੇ ਜਿਸ ਤੇ ਉਨ੍ਹਾਂ ਨੂੰ ਬਹਿਤ ਮਿਲੇਗਾ ਦੂਸਰੇ ਹਿੰਦੂ ਜੋ ਪਹਿਲੇ ਹੀ ਜਲਕੇ ਸੁਆਹ ਹੋ ਚੁੱਕੇ ਹਨ ਤਦ ਉਨ੍ਹਾਂ ਦੇ ਰੂਹ ਾਲੀ ਭਟਕਦੇ ਫਿਰਨਗੇ ਜਿਨ੍ਹਾਂ ਨੂੰ ਦਾ ਨਰਕ ਵਿੱਚ ਭੇਜ ਦੇਵੇਗਾ।

ਗੁਰੂ ਜੀ ਨੇ ਉਨ੍ਹਾਂ ਦੀ ਇਸ ਬਾਤ ਨੂੰ ਸੁਨਕੇ ਇਹ ਉਪਦੇ ਕੀਤਾ, ਯਥਾ :

**(ਵਾਰ ਆਸਾ) ਸਲੋਕ ਮ: 1**

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿ~ਆਰ॥**
**ਘੜਿ ਭਾਂਡੇ ਇਟਾ ਕੀਆਂ ਜਲਦੀ ਕਰੇ ਪੁਕਾਰ॥**
**ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅਗਿਆਰ॥**
**ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥** (ਅਗ **466**)

ਇਸ ਬਦ ਵਿੱਚ ਮੁਸਲਮਾਨਾਂ ਲਈ ਇਹ ਸਿੱਖਾ ਕੀਤੀ ਕਿ ਤੁਸੀਂ ਇਹ ਿਆਲ ਨਾ ਕਰੋ ਕਿ ਜਿਸ ਨੂੰ ਜਲਾਇਆ ਜਾਂਦਾ ਹੈ ਸੋ ਨਰਕ ਦਾ ਅਧਕਾਰੀ ਹੁੰਦਾ ਹੈ, ਅਰ ਦੰਨ ਕੀਤਾ ਹੋਇਆ ਬਹਿਤ ਵਿੱਚ ਜਾਂਦਾ ਹੈ; ਕਿੰਤੂ ਇਸ ਗੱਲ ਦੀ ਕਿਸੇ ਮਨੁੱਖ ਮਾਤਰ ਨੂੰ ਬਰ ਨਹੀਂ ਹੈ ਕਿ ਅੱਗੇ ਕੀ ਹੋਵੇਗਾ। ਇਹ ਬਾਤ ਓਹ ਅਕਾਲ ਪੁਰਖ ਜਾਨਦਾ ਹੈ ਜਿਸ ਨੇ ਸਾਰੀ ਸ੍ਰਿਟੀ ਨੂੰ ਸਾਜਿਆ ਹੈ, ਉਸ ਤੇ ਬਿਨਾਂ ਜੋ ਜਾਨਨ ਦਾ ਦਾਹਵਾ ਕਰਦਾ ਹੈ ਸੋ ਗੱਪ ਮਾਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਅਤੇ ਮੁਸਲਮਾਨਾਂ ਵਿੱਚੋਂ ਕਿਸੇ ਨਾਲ ਰਾਗ ਅਤੇ ਦ੍ਵੈਤ ਨਹੀਂ ਕੀਤਾ ਅਤੇ ਨਾ ਇਹ ਆਖਿਆ ਹੈ ਕਿ ਇਨ੍ਹਾਂ ਵਿੱਚੋਂ ਲਾਨਾ ਸੱਚਾ ਹੈ ਯਾਂ ਲਾਨਾ ਝੂਠਾ ਹੈ, ਕਿਉਂਕਿ ਓਹ ਜਾਨਦੇ ਸੇ ਕਿ ਇਹ ਦੋਨੋਂ ਰਿਕੇ ਆਪਸ ਵਿੱਚ ਅਗਾਨ ਕਰਕੇ ਭੇਦ ਸਮਝਦੇ ਹਨ ਅਤੇ ਇੱਕ ਦੂਜੇ ਦੇ ਵਿਰੋਧੀ ਬਨੇ ਹੋਏ ਹਨ। ਅਸਲ ਵਿੱਚ ਇਹ ਦੋਨੋਂ ਝੂਠ ਹਨ ਅਤੇ ਤੀਸਰਾ ਪਥ ਜੋ



ਇਨ੍ਹਾਂ ਤੇ ਨਾਰਾ ਕੇਵਲ ਅਕਾਲ ਪੁਰਖ ਵੱਲੋਂ ਹੈ ਸੋਈ ਸੱਚਾ ਹੈ, ਜੈਸਾ ਕਿ ਪਾਕਪਟਨ ਵਿੱਚ ਗੁਰੂ ਜੀ ਨੇ ਖ ਫਰੀਦ ਦੇ ਸੇਵਕ ਨੂੰ ਉਪਦੇ ਕੀਤਾ ਸੀ ਜਦ ਉਸ ਨੇ ਇਹ ਆਖਾ ਕਿ ਇਕ ਸਾਹਿਬ ਤੇ ਦੋਈਂ ਹੱਦੀਂ। ਕੇਹੜਾ ਸੇਵੀਂ ਕੇਹੜਾ ਰਦੀਂ" ਜਿਸ ਦਾ ਗੁਰੂ ਜੀ ਨੇ ਏਹ ਉੱਤ੍ਰ ਦਿੱਤਾ ਕਿ ਹਿਕੋ ਸਾਹਿਬ ਹਿਕੋ ਹਦ। ਹਿਕੋ ਸੇਵੀ ਦੂਜਾ ਰਦ" ਇਸ ਤੇ ਸਾਂ ਪ੍ਰਗਟ ਹੁੰਦਾ ਹੈ ਕਿ ਹਿੰਦੂ ਅਤੇ ਮੁਸਲਮਾਨ-ਪਨਾ ਜੋ ਆਦਮੀਆਂ ਦੇ ਚਿੱਤਾਂ ਵਿਚ ਧਸਿਆ ਹੋਇਆ ਹੈ ਸੋ ਰੱਦ ਹੋਨੇ ਦੇ ਜੋਗ ਹੈ ਅਤੇ ਅਸਲ ਵਿੱਚ ਇਨ੍ਹਾਂ ਦੋਨਾਂ ਤੇ ਨਿਆਰਾ ਪਥ ਜੋ ਇੱਕ ਨੂੰ ਹੀ ਮਨਨੇ ਵਾਲਾ ਹੈ ਸੋਈ ਸੱਚਾ ਹੈ।

ਗੁਰੂ ਜੀ ਨੇ ਅਪਨੇ ਇਸ ਪੁਰਖਾਰਥ ਨੂੰ ਨਿਰਾ ਪਜਾਬ ਯਾ ਹਿੰਦੁਸਤਾਨ ਦੇ ਵਾਸਤੇ ਹੀ ਨਹੀਂ ਜਾਤਾ ਸੀ ਅਤੇ ਨਾ ਇਹ ਿਆਲ ਕੀਤਾ ਸੀ, ਕਿ ਸਾਡੇ ਜੀਵਨ ਦਾ ਲਾਭ ਇਸੀ ਦੇਸ ਦੇ ਆਦਮੀ ਉਠਾਉਣ ਪਰੰਤੂ ਉਨ੍ਹਾਂ ਨੇ ਅਰਬ ਆਦਿਕ ਦੇਸਾਂ ਵਿੱਚ ਜਾ ਕੇ ਅਪਨੇ ਮਤ ਦਾ ਪਰਚਾਰ ਕੀਤਾ ਅਰ ਉਸ ਜਗ੍ਹਾ ਦੇ ਉਨ੍ਹਾਂ ਲੋਕਾਂ ਨੂੰ ਸਤ ਧਰਮ ਦਾ ਉਪਦੇ ਕਰਕੇ ਅਪਨੇ ਮਤ ਵਿੱਚ ਲਿਆਉਨ ਦਾ ਪੁਰਖਾਰਥ ਕੀਤਾ ਅਰ ਉਨ੍ਹਾਂ ਪਰ ਸਾਬਤ ਕੀਤਾ ਕਿ ਪੁਰਖ ਦੀ ਜਾਤ ਹਿੰਦੂ ਅਤੇ ਮੁਸਲਮਾਨ ਨਹੀਂ ਹੈ ਕਿੰਤੂ ਇਸ ਦਾ ਸਰੀਰ ਪਜ ਤੱਤਾਂ ਦਾ ਬਨਿਆ ਹੋਇਆ ਹੈ ਅਤੇ ਇਸ ਵਿਚ ਆਤਮਾ ਨਿਵਾਸ ਕਰਦਾ ਹੈ; ਜੈਸਾ ਕਿ ਕਥਨ ਹੈ ਹਿੰਦੂ ਕਹਾਂ ਜੇ ਮਾਰੀਐ ਮੁਸਲਮਾਨ ਭੀ ਨਾਹਿ। ਪਚ ਤਤ ਕਾ ਪੁਤਲਾ ਖੇਲੈ ਗੈਬੀ ਮਾਹਿ।"

ਇਨ੍ਹਾਂ ਉਪਦੇਾਂ ਤੇ ਸਿੱਧ ਹੁੰਦਾ ਹੈ ਕਿ ਉਨ੍ਹਾਂ ਨੇ ਇਸ ਸੰਸਾਰ ਦੇ ਸਾਰੇ ਹਿੱਸਾਂ ਵਿੱਚ ਉਸ ਕੌਮ ਦੇ ਪੈਦਾ ਕਰਨ ਦਾ ਬੀਜ ਬੀਜਿਆ ਸੀ ਜੋ ਹਿੰਦੂ ਮੁਸਲਮਾਨਾਂ ਦੇ ਭੇਦ ਤੇ ਬਿਨਾਂ ਤੇ ਨਿਰਾਲੀ ਹੋਵੇ। ਏਨ੍ਹਾਂ ਉਪਦੇਾਂ ਦੇ ਪ੍ਰਤਾਪ ਕਰਕੇ ਹੀ ਮੁਸਲਮਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਪਨਾ ਪੀਰ ਮਨਦੇ ਹਨ। ਅਤ ਨੂੰ ਓਨ੍ਹਾਂ ਨੇ ਇਸ ਪਥ ਪਰ ਏਹ ਪਰਉਪਕਾਰ ਕੀਤਾ ਜੋ ਆਪਣੀ ਜਗ੍ਹਾ ਯਾ ਆਪਣੇ ਨਾਮ ਦੇ ਧਨ ਦਾ ਾਨਾ ਪੁਤ੍ਰਾਂ ਦਾ ਮਾਲ ਨਹੀਂ ਕਰ ਗਏ ਪਰੰਤੂ ਓਹ ਇਸ ਦੇ ਦੇ ਇਕ ਹੋਰ ਮਹਾਤਮਾ ਨੂੰ, ਜੋ ਓਨ੍ਹਾਂ ਨਾਲ ਕੋਈ ਸੰਬੰਧ ਨਹੀਂ ਰੱਖਦਾ ਸੀ ਕਿੰਤੂ ਇਸ ਕੰਮ ਦੇ ਜੋਗ ਸਾ ਜਿਸ ਦਾ ਨਾਉਂ ਲਹਿਣਾ ਸੀ, ਦੇ ਗਏ ਅਤੇ ਇਹ ਆਖ ਗਏ ਕਿ ਜੋ ਅਸੀਂ ਇਹ ਾਲਸਾ ਧਰਮ ਦਾ ਬੀਜ ਬੀਜਿਆ ਹੈ ਤੁਸਾਂ ਇਸ ਨੂੰ ਪਾਨੀ ਦੇਣਾ ਅਤੇ ਰੱਖਾ ਕਰਣੀ, ਆਦਿ। ਗੁਰੂ ਜੀ ਦੇ ਸਾਰੇ ਜੀਵਨ ਚਰਿੱਤ੍ਰ ਦੇ ਵਿਚਾਰ ਕਰਨੇ ਤੇ ਇਹ ਭਾਵ ਸਾਂ ਨਿਕਲਦਾ ਹੈ ਕਿ ਓਨ੍ਹਾਂ ਨੇ ਇੱਕ ਅਜੇਹੀ ਕੌਮ ਦੇ ਪੈਦਾ ਕਰਨੇ ਦਾ ਬੀਜ

ਬੀਜਿਆ ਸੀ ਜੋ ਦੁਨੀਆਂ ਦੇ ਸਾਰੇ ਆਦਮੀਆਂ ਯਾ ਸਾਰੀਆਂ ਕੌਮਾਂ ਵਿਚੋਂ ਇਕ ਅਜੇਹੀ ਨਵੀਂ ਕੌਮ ਪੈਦਾ ਹੋ ਜਾਵੇ ਜਿਸ ਦਾ ਤਾਤਪਰਜ ਸੰਸਾਰ ਵਿੱਚ ਅਕਾਲ ਪੁਰਖ ਦੇ ਸੱਚੇ ਉਪਦੇ ਕਰਨ ਦਾ ਹੋਵੇ ਅਤੇ ਜਿਸ ਦੇ ਅਸੂਲ ਸੁਲਹ ਕੁਲ ਅਤੇ ਪਖਡ ਦੇ ਖਡਨ ਹਾਰੇ ਹੋਨ।

ਭਾਵੇਂ ਇਹ ਤਾਤਪਰਜ ਸਾਂ ਤੌਰ ਪਰ ਪ੍ਰਗਟ ਨਹੀਂ ਹੁੰਦਾ ਪਰ ਅਤਰਮੁਖੀ ਬਿਰਤੀ ਨਾਲ ਸਾਂ ਪ੍ਰਤੀਤ ਹੋ ਜਾਂਦਾ ਹੈ। ਜਿਸ ਪ੍ਰਕਾਰ ਬੀਜ ਵਿੱਚ ਯਾ ਉਸ ਦੇ ਛੋਟੇ ਅਗੂਰ ਵਿੱਚ ਭਾਵੇਂ ਓਹ ਵੱਡੇ ਵੱਡੇ ਟਾਹਨ ਅਤੇ ਫੁੱਲ ਫਲ ਨਹੀਂ ਹਨ ਪਰ ਵਿਚਾਰ ਕਰਨੇ ਤੇ ਓਹ ਸਾਰੀਆਂ ਢਖਾਂ ਪੱਤ੍ਰ ਫੁੱਲ ਫਲ ਆਦਿਕ ਉਸ ਦੇ ਵਿੱਚ ਹੀ ਪ੍ਰਤੀਤ ਹੁੰਦੇ ਹਨ; ਅਤੇ ਉਸ ਦੇ ਬੀਜਣ ਵਾਲਾ ਮਾਲਿਕ ਜਾਣਦਾ ਹੈ ਕਿ ਸਮਾਂ ਪਾ ਕੇ ਇਸ ਅਗੂਰ ਵਿੱਚੋਂ ਏਹ ਸੱਭੇ ਵਸਤਾਂ ਆਪੇ ਹੀ ਉਤਪੱਤ ਹੋ ਜਾਣਗੀਆਂ। ਇਸੀ ਪ੍ਰਕਾਰ ਉਸ ਵੇਲੇ ਭਾਵੇਂ ਇਸ ਮਤ ਦੇ ਪ੍ਰਚਾਰਕ ਨੇ ਸਿੱਧੇ ਸਾਦੇ ਉਪਦੇ ਕੀਤੇ ਸਨ ਪਰ ਓਹ ਚਿੱਤ ਵਿਚ ਜਾਣਦੇ ਸਨ ਕਿ ਜਦੋ ਓਹ ਸਮ ਰੂਰ ਆਵੇਗਾ ਜਦ ਇਹ ਕੌਮ ਸਭ ਕੌਮਾਂ ਤੇ ਇੱਕ ਵੱਖਰੀ ਕੌਮ ਬਣਕੇ ਇਸ ਸੰਸਾਰ ਪਰ ਪ੍ਰਸਿੱਧ ਹੋਵੇਗੀ॥

**ਦੋਹਿਰਾ**

**ਅਪਣੇ ਤਨ ਪਰ ਖੇਦ ਸਹਿ ਕੀਨੇ ਪਰਉਪਕਾਰ॥**
**ਪਥ ਾਲਸਾ ਹੇਤ ਥਾ ਗੁਰੁ ਨਾਨਕ ਅਵਤਾਰ॥**
**ਸ੍ਰੀ ਗੁਰ ਨਾਨਕ ਦੇਵ ਨੇ ਜੌਨ ਮਨੋਰਥ ਕੀਨ॥**
**ਸੋ ਸਭ ਅਪਨੇ ਹਾਥ ਸੇ ਗੁਰ ਅਗਦ ਕੋ ਦੀਨ॥**

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮਗਰੋਂ ਦੂਸਰੀ ਪਾਤਾਹੀ ਗੁਰੂ ਅਗਦ ਸਾਹਿਬ ਜੀ ਨੇ ਆਦਿ ਗੁਰੂ ਦੇ ਸਿੱਧਾਂਤ ਨੂੰ ਅੱਛੀ ਤਰਾਂ ਸਮਝ ਲੀਤਾ ਸੀ ਕਿ ਓਨ੍ਹਾਂ ਦਾ ਸੰਕਲਪ ਯਾ ਸੰਸਾਰ ਵਿੱਚ ਆਉਣ ਦਾ ਪ੍ਰਯੋਜਨ ਸੱਤ ਮਤ ਦੇ ਪ੍ਰਚਾਰ ਅਤੇ ਇੱਕ ਨਵੀਂ ਕੌਮ ਦੇ ਪੈਦਾ ਕਰਨ ਦਾ ਹੈ ਸੀ। ਇਸ ਪਰ ਓਨ੍ਹਾਂ ਨੇ ਏਹ ਵਿਚਾਰ ਕੀਤਾ ਕਿ ਹਰ ਇੱਕ ਦੇ ਦੀ ਭਾਾ ਅਤੇ ਉਸ ਦੇ ਅੱਖਰ ਭਿੰਨ-ਭਿੰਨ ਹਨ; ਜੈਸਾ ਕਿ ਬੰਗਾਲ ਦੇਸ ਦੇ ਬੰਗਾਲੀ, ਮਦਰਾਸ ਦੇ ਮਦਰਾਸੀ, ਫਰਾਂਸ ਦੇਂ ਰਾਂਸੀਸੀ, ਅਰਬ ਦੇ ਅਰਬੀ ਪ੍ਰਸਿੱਧ ਹਨ ਅਤੇ ਹਿੰਦੁਸਤਾਨ ਵਿਚ ਹਿੰਦੀ ਪ੍ਰਗਟ ਹੈ। ਇਸ ਤੇ ਵਰਣਮਾਲਾ ਓਨ੍ਹਾਂ ਦੇ ਦੇਸੀ ਯਾ ਕੌਮੀ ਵਰਣਮਾਲਾ ਹੈ ਅਤੇ ਉਸ ਭਾਾ ਵਿੱਚ ਉਨ੍ਹਾਂ ਦੇ ਧਾਰਮਿਕ ਪੁਸਤਕਾਂ ਦੇ ਰਚੇ ਜਾਣ ਤੇ ਧਾਰਮਕ ਯਾ ਮਹਬੀ ਭਾਾ ਬਨ ਗਈ ਹੈ। ਤਾਤੇ ਸ੍ਰੀ



ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਜਾਬ ਵਿਚ ਜਨਮ ਲੀਤਾ ਅਤੇ ਇਸ ਦੇਸ ਦੀ ਭਾਾ ਵਿਚ ਹੀ ਬਦ ਰਚੇ। ਇਸ ਵਾਸਤੇ ਕੋਈ ਵਰਣਮਾਲਾ ਰੂਰ ਹੋਣੀ ਚਾਹੀਦੀ ਹੈ ਜਿਸ ਪਰ ਇਹ ਵਿਚਾਰ ਕੇ ਉਨ੍ਹਾਂ ਨੇ ਪੈਂਤੀ ਅੱਖਰਾਂ ਦੀ ਵਰਣਮਾਲਾ ਜਿਸ ਦਾ ਨਾਮ ਗੁਰਮੁਖੀ ਆਖਦੇ ਹਨ ਅਰ ਅੱਜ ਕੱਲ ਪਜਾਬੀ ਵਰਣਮਾਲਾ ਭੀ ਸੱਦਦੇ ਹਨ, ਬਹੁਤ ਸੁੰਦਰ ਰਚੀ ਜੋ ਗੁਰੂ ਜੀ ਨੇ ਬਦਾਂ ਨੂੰ ਪੂਰੀ ਤਰ੍ਹਾਂ ਆਪਣੇ ਵਿਚ ਪੂਰਣ ਕਰੇ। ਏਨ੍ਹਾਂ ਦੇ ਸਵਾਇ ਉਨ੍ਹਾਂ ਨੇ ਆਪਣੀ ਬਾਣੀ ਭੀ ਰਚੀ ਪ੍ਰਤੂ ਓਹ ਬਾਣੀ ਉਸ ਦੇ ਅਨੁਸਾਰ ਹੀ ਰਚੀ ਜੋ ਆਦਿ ਗੁਰੂ ਜੀ ਨੇ ਰਚੀ ਸੀ। ਇਸ ਕਥਨ ਤੇ ਇਹ ਬਾਤ ਅੱਛੀ ਤਰਹ ਸਿੱਧ ਹੋ ਗਈ ਹੈ ਜੋ ਦੂਸਰੀ ਪਾਤਾਹੀ ਸ੍ਰੀ ਗੁਰੂ ਅਗਦ ਜੀ ਨੇ ਭੀ ਇਸ ਾਲਸਾ ਕੌਮ ਨੂੰ ਹੋਰਨਾਂ ਕੌਮਾਂ ਨਾਲੋਂ ਵੱਖਰਾ ਕਰਨ ਦਾ ਉਪਾਇ ਕੀਤਾ, ਅਤੇ ਅਜਿਹਾ ਰਸਤਾ ਨਿਕਾਲਿਆ ਜਿਸ ਵਿਚ ਚੱਲ ਕੇ ਇਹ ਕੌਮ ਆਪੇ ਹੀ ਸਭ ਤੇ ਵਖਰੀ ਹੋ ਜਾਏ ਜੈਸਾ ਕਿ ਕਾਉਂ ਨਾਲੋਂ ਕੋਇਲ ਦੇ ਬੱਚੇ ਸਿਆਣੇ ਹੋ ਕੇ ਆਪੇ ਹੀ ਵੱਖਰੇ ਹੋ ਜਾਂਦੇ ਹਨ।

**ਦੋਹਰਾ : ਬਾਵਨ ਤੇ ਪੈਂਤੀ ਕਰੇ, ਅੱਖਰ ਧਰ ਮਨ ਚੌਂਪ।**
**ਨਾਮ ਗੁਰਮੁਖੀ ਤਿਹ ਧਰਾ, ਅਮਰਦੇਵ ਕੋ ਸੌਂਪ॥**
**ਦਯੋ ਤਿਲਕ ਜਿਨ ਹਾਥ ਸੇ, ਅਮਰਦੇਵ ਕੋ ਦੇਵ॥**
**ਲੀਨ ਭਏ ਨਿਜ ਰੂਪ ਮੇਂ, ਭਾਖ ਸਗਲ ਮਨ ਭੇਵ॥**

ਤੀਸਰੀ ਪਾਤਾਹੀ ਗੁਰੂ ਅਮਰਦਾਸ ਜੀ ਨੇ ਭੀ ਅਪਨੇ ਜੀਵਨ ਨੂੰ ਉਸੀ ਪੁਰਖਾਰਥ ਵਿਚ ਲਾਇਆ ਜਿਸ ਦਾ ਬੀਜ ਪਹਿਲੀ ਪਾਤਾਹੀ ਨੇ ਰੱਖਿਆ ਅਤੇ ਅਗੂਰ ਦੂਸਰੀ ਪਾਤਾਹੀ ਨੇ ਲਿਆਂਦਾ। ਹੁਣ ਏਨ੍ਹਾਂ ਨੇ ਓਸ ਨੂੰ ਪਾਣੀ ਦੇ ਕੇ ਛੋਟੇ-ਛੋਟੇ ਅਤੇ ਹਰੇ-ਹਰੇ ਪੱਤਰ ਲਾਏ; ਪ੍ਰਤੂ ਓਹ ਪੱਤਰ ਕਿਹੜੇ ਸੇ? ਤਪ, ਸਤ ਸਹਿਣ-ਲਿਤਾ ਅਤੇ ਦਾਨ ਆਦਿਕ ਸੁਭ ਗੁਣ ਸੇ, ਤਪ ਤਾਂ ਉਨ੍ਹਾਂ ਨੇ ਅਜਿਹਾ ਕੀਤਾ ਸੀ ਜੋ ਗੁਰੂ ਅਗਦ ਦੇਵ ਜੀ ਦੇ ਇਨਾਨ ਕਰਾਉਣ ਲਈ ਗੋਇੰਦਵਾਲੋਂ ਦਰਯਾ ਦੇ ਵਿਚੋਂ ਨਿੱਤਨੇਮ ਨਾਲ ਆਪ ਗਾਗਰ ਭਰ ਕੇ ਜਲ ਲਿਆਉਂਦੇ ਸਨ ਤੇ ਜਾਂਦੇ ਹੋਏ ਪਿਛਲੀ ਪੈਰੀਂ ਜਾਂਦੇ ਸਨ ਕਿ ਗੁਰੂ ਜੀ ਵਲ ਪਿੱਠ ਨਾ ਹੋਵੇ। ਆਖਦੇ ਹਨ ਕਿ ਦਿਨ ਪਾਣੀ ਲਈ ਰਾਤ ਨੂੰ ਚਲੇ ਆਉਂਦੇ ਸੇ ਅਰ ਅਧੇਰੇ ਦੇ ਕਾਰਣ ਦੇਖ ਨਾ ਸਕੇ ਇਕ ਜੁਲਾਹੇ ਦੀ ਖੱਡੀ ਵਿਚ ਸਣੇ ਗਾਗਰ ਡਿੱਗ ਪਏ। ਜੁਲਾਹੇ ਨੇ ਆਖਿਆ ਕਿ ਕੌਣ ਹੈ ? ਇਹ ਗੱਲ ਸੁਣ ਕੇ ਉਸ ਦੀ ਜੁਲਾਹੀ ਨੇ ਆਖਿਆ ਕਿ ਇਸ ਵੇਲੇ ਹੋਰ ਕੌਣ

ਹੋਣਾ ਹੈ, ਅਮਰੂ ਨਿਥਾਵਾਂ ਹੋਵੇਗਾ। ਇਹ ਸੁਣ ਕੇ ਚੁੱਪ ਰਹੇ ਅਰ ਗਾਗਰ ਲੈ ਕੇ ਫਿਰ ਜਲ ਨੂੰ ਗਏ। ਜਦ ਗੁਰੂ ਅਗਦ ਸਾਹਿਬ ਨੇ ਗੁਰੂ ਅਮਰਦਾਸ ਜੀ ਦੀ ਬਾਬਤ ਇਹ ਗਲ ਸੁਣੀ ਤਦ ਆਖਿਆ ਕਿ ਇਹ ਨਿਥਾਵਿਆਂ ਦਾ ਥਾਉਂ ਹੋਵੇਗਾ ਅਤੇ ਨਿਆਸਰਿਆਂ ਦਾ ਆਸਰਾ ਹੋਵੇਗਾ।" ਇਸ ਤੇ ਵਧ ਹੋਰ ਤਪ ਕੀ ਹੋ ਸਕਦਾ ਹੈ ? ਦੂਸਰਾ ਸੱਤ ਓਨ੍ਹਾਂ ਨੇ ਅਜਿਹਾ ਪਾਲਿਆ ਜੋ ਵੱਡੀਆਂ ਤਕਲੀਂ ਵਿਚ ਵੀ ਅਪਨੇ ਪ੍ਰਣ ਨੂੰ ਨਹੀਂ ਤਾਗਯਾ। ਤੀਸਰਾ ਸਹਿਨੀਲਤਾ ਦਾ ਉਪਦੇ ਓਹਨਾਂ ਨੇ ਵਰਤ ਕੇ ਅਜਿਹਾ ਦਿਖਾਇਆ ਜੋ ਅੱਜ ਤਕ ਕਿਸੇ ਮਹਾਤਮਾ ਨੇ ਅਪਨੇ ਵਰਤਾਓ ਵਿਚ ਨਹੀਂ ਆਂਦਾ। ਇਸ ਤੇ ਵਧ ਕੇ ਸਹਿਨੀਲਤਾ ਹੋਰ ਕੀ ਹੋ ਸਕਦੀ ਹੈ ? ਅਜੀਲ ਵਿਚ ਲਿਖਾ ਹੈ ਕਿ ਤੇਰੀ ਇਕ ਗੱਲ੍ਹ ਪਰ ਤੁਮਾਚਾ ਮਾਰੇ ਤੂੰ ਦੂਸਰੀ ਭੀ ਅੱਗੇ ਕਰ ਦੇਹ। ਪ੍ਰੰਤੂ ਅੱਜ ਤਾਈਂ ਦ ਇਸ ਕਲਾਮ ਦੇ ਕਰਤਾ ਯਾ ਉਸ ਦੇ ਸੇਵਕਾਂ ਨੇ ਪੂਰੀ-ਪੂਰੀ ਵਰਤ ਕੇ ਨਹੀਂ ਦਿਖਾਈ। ਪਰ ਤੀਸਰੀ ਪਾਤਾਹੀ ਨੇ ਇਹ ਆਪਣੇ ਉੱਪਰ ਪੂਰਾ-ਪੂਰਾ ਵਰਤ ਕੇ ਦੱਸਿਆ ਹੈ, ਜਦ ਆਪ ਗੱਦੀ ਪਰ ਬੈਠੇ ਸੇ ਅਤੇ ਉਨ੍ਹਾਂ ਦੇ ਸਿੱਖ ਪਾਣੀ ਨੂੰ ਜਾਣ ਤਦ ਮੁਸਲਮਾਨ ਲੋਕ ਕਾਂਰ ਆਖ ਕੇ ਇੱਟਾਂ ਨਾਲ ਘੜੇ ਭੰਨ ਦਿੰਦੇ ਹਨ। ਤਦ ਗੁਰੂ ਜੀ ਨੇ ਆਖਿਆ ਕਿ ਤੁਸੀਂ ਚਮੜੇ ਦੀਆਂ ਮਕਾਂ ਬਣਾ ਲਵੋ। ਜਦ ਸਿੱਖਾਂ ਮਕਾਂ ਬਣਾਈਆਂ ਤਦ ਓਹ ਤੀਰ ਮਾਰ ਕੇ ਫਾੜ ਦੇਣ ਲੱਗੇ ਅਤੇ ਕਾਂਰ ਕਾਂਰ ਆਖ ਕੇ ਗਾਲੀ-ਗਲੋਚ ਦੇਣ ਲੱਗੇ। ਤਦ ਸਿੱਖਾਂ ਨੇ ਫਿਰ ਗੁਰੂ ਜੀ ਅੱਗੇ ਅਰ ਕੀਤੀ ਕਿ ਮਹਾਰਾਜ ਓਹ ਤਾਂ ਤੀਰਾਂ ਨਾਲ ਮਕਾਂ ਭੀ ਫਾੜ ਦਿੰਦੇ ਹਨ। ਇਸ ਪਰ ਗੁਰੂ ਜੀ ਨੇ ਆਖਿਆ ਕਿ ਤੁਸੀ ਲੋਹੇ ਦੀਆਂ ਗਾਗਰਾਂ ਬਣਾ ਲੇਵੋ ਓਹ ਤੀਰਾਂ ਨਾਲ ਨਹੀਂ ਟੁੱਟਣੀਆਂ। ਤਦੋਂ ਸਿੱਖਾਂ ਨੇ ਓਹ ਬਣਾ ਲਿਤੀਆਂ ਪਰ ਮੁਸਲਮਾਨ ਫੇਰ ਭੀ ਤੰਗ ਕਰਨ। ਸਿੱਖਾਂ ਨੇ ਆਖਿਆ ਕਿ ਮਹਾਰਾਜ ਸਾਨੂੰ ਇਹ ਵੱਡਾ ਤੰਗ ਕਰਦੇ ਹਨ ਹੁਣ ਕੀ ਕਰੀਏ। ਗੁਰੂ ਜੀ ਨੇ ਆਖਿਆ ਕਿ ਇਹਨਾਂ ਤੇ ਜੋ ਦੁੱਖ ਮਿਲਦਾ ਹੈ ਸੋ ਤੁਸੀਂ ਸਹਾਰੋ। ਸਿੱਖਾਂ ਆਖਿਆ ਕਦ ਤੱਕ? ਗੁਰੂ ਜੀ ਨੇ ਆਖਿਆ ਕਿ ਜਦ ਤਕ ਏਹ ਦਿੰਦੇ ਹਨ ਅਤੇ ਤੁਸੀਂ ਜੀਉਂਦੇ ਹੋ; ਪਰਮੇਰ ਨੇ ਤੁਸਾਂ ਨੂੰ ਦੁਖ ਸਹਾਰਨ ਲਈ ਅਤੇ ਏਹਨਾਂ ਨੂੰ ਦੁੱਖ ਦੇਣ ਲਈ ਪੈਦਾ ਕੀਤਾ ਹੈ; ਪਰੰਤੂ ਤੁਸੀ ਇਹਨਾਂ ਵਾਸਤੇ ਅਕਾਲ ਪੁਰਖ ਅੱਗੇ ਬੇਨਤੀ ਕਰੋ ਕਿ ਹੇ ਕਰਤਾਰ ਏਹਨਾਂ ਨੂੰ ਸੁਬੁਧ ਪ੍ਦਾਨ ਕਰ, ਹੋਰ ਇਹਨਾਂ ਪਰ ਗੁੱਸਾ ਨਾ ਕਰੋ, ਕਿਉਂਕਿ ਬਦਲਾ ਲੈਣਾ ਸਾਡਾ ਕੰਮ ਨਹੀਂ ਹੈ।



ਤੁਸੀ ਦੇਖ ਸਕਦੇ ਹੋ ਕਿ ਜੋ ਗੁਰੂ ਜੀ ਨੇ ਵਰਤੀ ਹੈ ਇਸ ਤੇ ਵਧ ਕੇ ਹੋਰ ਕਾ ਸਹਿਨੀਲਤਾ ਹੋ ਸਕਦੀ ਹੈ।

ਤੀਸਰਾ ਓਹਨਾਂ ਨੇ ਸਾਰੀ ਉਮਰ ਅਪਨੇ ਹੱਥੀਂ ਮਿਹਨਤ ਕਰ ਕੇ ਭੋਜਨ ਖਾਧਾ ਹੈ। ਜੋ ਪੂਜਾ ਦਾ ਪੈਸਾ ਆਉਂਦਾ ਸੀ ਉਸ ਨੂੰ ਅਗੀਕਾਰ ਨਹੀਂ ਕਰਦੇ ਸਨ, ਉਸ ਦਾ ਸੰਗਤ ਲਈ ਲੰਗਰ ਜਾਰੀ ਰਹਿੰਦਾ ਸੀ। ਓਹਨਾਂ ਦੇ ਭੰਡਾਰ ਵਿਚ ਕੋਈਂ ਰਕ ਨਹੀਂ ਸੀ, ਸਾਰੇ ਇਕੋ ਜਗ੍ਹਾ ਬੈਠ ਕੇ ਛਕਦੇ ਸੇ ਭਾਵੇਂ ਕੋਈ ਅਮੀਰ ਹੋਵੇ ਭਾਵੇਂ ਗੀਬ। ਆਖਦੇ ਹਨ ਕਿ ਇਕ ਬ੍ਰਹਮਚਾਰੀ ਜੋ ਅਪਨੇ ਹੱਥ ਦੀ ਰਸੋਈ ਖਾਂਦਾ ਸੀ, ਦਰਨ ਲਈ ਆਇਆ। ਗੁਰੂ ਜੀ ਨੇ ਆਖਿਆ ਕਿ ਸਾਡੇ ਪਾਸ ਉਹ ਆਵੇ ਜੋ ਪਹਿਲੇ ਭੰਡਾਰੇ ਵਿਚ ਪਗਤ ਨਾਲ ਪ੍ਰਾਦ ਛਕੇ ਜਾਂ ਉਸ ਨੇ ਏਹੋ ਕੀਤਾ ਤਾਂ ਦਰਨ ਦਿੱਤਾ। ਫੇਰ ਤੀਸਰੀ ਪਾਤਾਹੀ ਨੇ ਸੱਤਵਾਦਤਾ ਦਾ ਉਪਦੇ ਸਿੱਖਾਂ ਨੂੰ ਆਪ ਪਰ ਵਰਤ ਕੇ ਅਜਿਹਾ ਦੱਸਿਆ ਜੋ ਅੱਜ ਤੱਕ ਅਜਿਹਾ ਕੋਈ ਦ੍ਰਿਟਾਂਤ ਸਾਨੂੰ ਨਹੀਂ ਦਿਸਦਾ ਜੋ ਪਾਠਕਾਂ ਅੱਗੇ ਪ੍ਰਗਟ ਕਰੀਏ।

ਉਹਨਾਂ ਦੇ ਜੀਵਨ ਚਰਿੱਤ੍ਰ ਵਿਚ ਕਥਨ ਹੈ ਕਿ ਜਦ ਉਹਨਾਂ ਦੀ ਲੜਕੀ, ਜਿਸ ਦਾ ਨਾਉਂ ਬੀਬੀ ਭਾਨੀ ਸੀ, ਜੁਆਨ ਹੋਈ ਤਦ ਗੁਰੂ ਜੀ ਦੇ ਘਰੋਂ, ਜੋ ਮਾਤਾ ਜੀ ਸਨ, ਜੋ ਆਖਿਆ ਕਰਨ ਕਿ ਹੇ ਮਹਾਰਾਜ ਹੁਣ ਕੰਨਾ ਦੇ ਵਾਸਤੇ ਕੋਈ ਵਰ ਢੂੰਡਨਾ ਚਾਹੀਏ। ਇਸ ਪਰ ਇੱਕ ਦਿਨ ਹੁਕਮ ਦਿਤਾ ਕਿ ਜੋ ਤੁਸੀਂ ਕਰਨਾ ਚਾਹੁੰਦੇ ਹੋ ਸੋ ਕਰ ਲੇਵੋ। ਮਾਤਾ ਜੀ ਨੇ ਇਕ ਸੇਵਕ ਨੂੰ ਬੁਲਾ ਕੇ ਆਖਾ ਕਿ ਭਾਈ ਤੂੰ ਕਿਤੇ ਜਾ ਕੇ ਚੰਗੇ ਘਰ ਵਰ ਨੂੰ ਵੇਖ ਕੇ ਕਾਕੀ ਦੀ ਕੁੜਮਾਈ ਕਰ ਆ। ਓਹ ਸੇਵਕ ਸੱਤ ਬਚਨ ਕਹਿ ਕੇ ਘਰ ਤੇ ਬਾਹਰ ਆਇਆ। ਅੱਗੇ ਕਾ ਦੇਖਦਾ ਹੈ ਕਿ ਗੁਰੂ ਜੀ ਬੈਠੇ ਹਨ ਅਰ ਪਾਸ ਹੀ ਦਰਵਾੇ ਦੇ ਇਕ ਲੜਕਾ ਬੈਠਾ ਘੁਗਣੀਆਂ ਬੇਚਦਾ ਹੈ। ਜਦ ਉਹ ਆਦਮੀ ਗੁਰੂ ਜੀ ਨੂੰ ਨਮਸਕਾਰ ਕਰ ਕੇ ਅੱਗੇ ਨੂੰ ਜਾਣ ਲੱਗਾ ਤਦ ਅਦਰ ਥੋਂ ਮਾਤਾ ਨੇ ਆਵਾ ਦਿੱਤੀ ਕਿ ਭਾਈ ਲੜਕਾ ਅੱਛਾ ਟੋਲੀਂ। ਉਸ ਸਿੱਖ ਨੇ ਆਖਿਆ ਜੀ ਕੇਹੋ ਜਿਹਾ ਹੋਣਾ ਚਾਹੀਏ? ਇਸ ਪਰ ਫਿਰ ਮਾਤਾ ਜੀ ਨੇ ਉਸ ਘੁਗਣੀਆਂ ਬੇਚਣ ਵਾਲੇ ਬਾਲਕ ਨੂੰ ਦੇਖ ਕੇ ਆਖਿਆ ਕਿ ਭਾਈ ਇਹੋ ਜਿਹਾ ਵਰ ਲੜਕੀ ਵਾਸਤੇ ਢੂੰਡਨਾ। ਜਦ ਗੁਰੂ ਜੀ ਨੇ ਇਹ ਗੱਲ ਸੁਣੀ ਤਦ ਉਸ ਸੇਵਕ ਨੂੰ ਪਿਛੇ ਮੋੜ ਦਿਤਾ ਅਤੇ ਆਖਿਆ ਕਿ ਭਾਈ ਏਹੋ ਜੇਹਾ ਤਾਂ ਏਹੋ ਹੈ ਤੂੰ ਹੋਰ ਕਿੱਥੋਂ ਲੱਭੇਂਗਾ, ਬਸ ਜਾ ਹੁਣ ਏਹੋ ਵਰ ਕੰਨਾਂ ਲਈ ਢੂੰਡਿਆ ਗਿਆ; ਜਿਸ ਪਰ ਉਸ ਬਾਲਕ ਨੂੰ ਪਾਸ

ਬੁਲਾਕੇ ਪੁੱਛਿਆ ਕਿ ਹੇ ਬਾਲਕ ਤੇਰਾ ਕਾ ਨਾਉਂ ਹੈ? ਉਸ ਨੇ ਆਖਿਆ ਕਿ ਮਹਾਰਾਜ ਨਾਉਂ ਮੇਰਾ ਰਾਮਦਾਸ ਹੈ। ਇਸ ਬਾਤ ਨੂੰ ਸੁਨਕੇ ਗੁਰੂ ਜੀ ਨੇ ਪ੍ਰਮੇੂਰ ਦਾ ਧੰਨਵਾਦ ਕੀਤਾ ਅਤੇ ਆਖਿਆ ਕਿ ਹੇ ਪ੍ਰਮੇਰ ਆਪ ਨੇ ਮੇਰੀ ਲੱਜਿਆ ਰੱਖੀ ਹੈ ਕਿਉਂਕਿ ਇਹ ਜੋਗ ਵਰ ਦਿੱਤਾ ਹੈ। ਨਹੀਂ ਮੇਰਾ ਪ੍ਰਣ ਤਾਂ ਇਹ ਸੀ ਕਿ ਇਹ ਕੰਨਾ ਇਸੀ ਬਾਲਕ ਦਾ ਹੱਕ ਹੋ ਚੁੱਕੀ, ਸੋ ਜੇ ਇਹ ਬਾਲਕ ਯੋਗ ਨਾ ਹੁੰਦਾ ਤਾਂ ਕੰਨਾ ਨੂੰ ਦੁੱਖ, ਸਾਨੂੰ ਵਖੇਪ ਤੇ ਜਗਤ ਦੇ ਜੀਵ ਪਏ ਬਕਵਾਸ ਕਰਦੇ।

ਇਸ ਤੇ ਸਾਨੂੰ ਮਾਲੂਮ ਕਰਨਾ ਚਾਹੀਦਾ ਹੈ ਕਿ ਓਹਨਾਂ ਨੇ ਇਸ ਪਥ ਨੂੰ ਕਿਆ ਉਪਦੇ ਕੀਤਾ ਸੀ। ਇਕ ਤਾਂ ਏਹ ਕਿ ਆਪਣੇ ਦੁਮਣਾਂ ਨਾਲ ਭੀ ਪਿਆਰ ਕਰੋ। ਦੂਸਰਾ ਪੂਜਾ ਦਾ ਧਾਨ ਖਾ ਕੇ ਸੰਢੇ ਵਰਗੇ ਮੋਟੇ ਤਬਲੇ ਜੇਡਾ ਪੇਟ ਵਧਾ ਕੇ ਨਾ ਬੈਠੋ ਬਲਕਿ ਆਏ ਸਾਧ ਸੰਤ ਸਿਖ ਨੂੰ ਖੁਆਓ ਅਤੇ ਆਪ ਦਸਾਂ ਨੌਹਾਂ ਦੀ ਕਮਾਈ ਕਰ ਕੇ ਭੋਜਨ ਕਰੋ। ਤੀਸਰਾ ਤੁਸੀਂ ਪਿਛਲੀ ਾਤ-ਪਾਤ ਅਤੇ ਛੂਤ-ਛਾਤ ਦੇ ਬਖੇੜੇ ਛੱਡ ਕੇ ਸੰਗਤ ਦੀ ਪਗਤ ਇਕ ਕਰੋ ਕਿਉਂਕਿ ਹਿੰਦੁਸਤਾਨ ਵਿਚ ਸਾਰਾ ਬਿਖੇੜਾ ਚੌਂਕੇ ਦਾ ਹੈ। ਚੌਥਾ ਉਹਨਾਂ ਨੇ ਇਹ ਉਪਦੇ ਕੀਤਾ ਕਿ ਜੋ ਤੁਸੀ ਪ੍ਰਤੱਗਯਾ ਕਰ ਲੇਵੋ ਉਸ ਦਾ ਪਾਲਨ ਕਰੋ। ਇਸ ਤੇ ਸਿਵਾਏ ਉਹਨਾਂ ਨੇ ਆਪਣੀ ਬਾਣੀ ਭੀ ਰਚੀ ਜੋ ਆਦਿ ਗੁਰੂ ਨਾਨਕ ਜੀ ਅਰ ਗੁਰੂ ਅਗਦ ਦੇਵ ਜੀ ਦੀ ਰੀਤੀ ਅਨੁਸਾਰ ਹੈ।

ਅਤ ਦੀ ਗੱਲ ਇਹ ਹੈ ਜੋ ਓਹਨਾਂ ਨੇ ਇਸ ਬਾਤ ਨੂੰ ਅੱਛੀ ਤਰ੍ਹਾਂ ਜਾਣ ਲੀਤਾ ਸੀ ਕਿ ਇਹ ਪਥ ਕੌਮ ਬਣਕੇ ਸੰਸਾਰ ਵਿੱਚ ਰਹੇਗਾ ਜਿਸ ਦਾ ਰੂਪ ਰੰਗ ਢੰਗ ਹੋਰਨਾਂ ਕੌਮਾਂ ਤੇ ਵੱਖਰਾ ਪ੍ਰਤੀਤ ਹੋਵੇਗਾ ਅਤੇ ਇਸ ਦੀਆਂ ਰਸਮਾਂ ਭੀ ਹੋਰਨਾਂ ਕੌਮਾਂ ਤੇ ਵਖਰੀਆਂ ਹੋਣਗੀਆਂ। ਪਰੰਤੂ ਉਹਨਾਂ ਦਾ ਸਰੀਰ ਦਾ ਬਹੁਤ ਬ੍ਰਿਧ ਸੀ ਇਸ ਵਾਸਤੇ ਓਹਨਾਂ ਨੇ ਸੋਚਿਆ ਕਿ ਮੁਸਲਮਾਨ ਲੋਕ ਮਰੇ ਪਰ ਦਰੂਦ ਦੁਆਉਂਦੇ ਹਨ ਅਤੇ ਹਿੰਦੂ ਦੀਵਾ, ਪੱਤਲ ਪਿਡ ਭਰਾਉਂਦੇ ਹਨ, ਗੰਗਾ ਫੁੱਲ; ਕ੍ਰਿਆ ਅਤੇ ਗਰੜ ਪੁਰਾਣ ਦੀ ਕਥਾ ਕਰਾਉਂਦੇ ਹਨ, ਤਾਂਤੇ ਇਸ ਪਥ ਵਾਸਤੇ ਦੇਹਾਂਤ ਦੀ ਕ੍ਰਿਆ ਕਰਮ ਕੀ ਹੋਣੀ ਚਾਹੀਏ? ਪਰ ਉਹਨਾਂ ਨੇ ਆਪਣੀ ਦੇਹ ਦੇ ਅਤ ਸਮਯ ਪਰ ਸਭ ਪ੍ਰਵਾਰ ਨੂੰ ਸੱਦ ਕੇ ਆਪਣਾ ਸਿਧਾਂਤ ਕਥਨ ਕੀਤਾ ਕਿ ਭਾਈ ਸਾਡੇ ਪਿਛੋਂ ਤੁਸਾਂ ਇਸ ਤਰ੍ਹਾਂ ਬਿਵਹਾਰ ਕਰਨਾ। ਓਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੱਦ" ਕਰ ਕੇ ਪ੍ਰਸਿਧ ਹੈ ਜੋ ਹੇਠਾਂ ਲਿਖੀ ਹੈ:

**ਰਾਮਕਲੀ ਸਦੁ**



**ਸਤਿਗੁਰ ਪ੍ਰਸਾਦਿ॥**

**ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ॥**
**ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥**
**ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ॥**
**ਪਰਸਾਦਿ ਨਾਨਕ ਗੁਰੂ ਅਗਦ ਪਰਮ ਪਦਵੀ ਪਾਵਹੇ॥** (ਅਗ 923)
**ਆਇਆ ਹਕਾਰਾ ਚਲਣਹਾਰਾ ਹਰਿ ਰਾਮ ਸਮਾਇਆ॥**
**ਜਗਿ ਅਮਰੁ ਅਟਲੁ ਅਤੋਲ ਠਾਕੁਰੁ ਭਗਤਿ ਤੇ ਹਰਿ ਪਾਇਆ॥1॥**

ਇਸ ਪਹਿਲੇ ਸਦ ਵਿਚ ਗੁਰੂ ਅਮਰ ਦੇਵ ਜੀ ਨੇ ਸਿੱਖਾਂ ਨੂੰ ਏਹ ਉਪਦੇ ਅਤ ਦੇ ਸਮੇਂ ਕੀਤਾ ਕਿ ਸਾਰੀ ਸ੍ਰਿਟੀ ਦਾ ਦਾਤਾ ਇੱਕ ਅਕਾਲ ਪੁਰਖ ਹੀ ਹੈ ਜੋ ਭਗਤਾਂ ਦਾ ਪਿਆਰਾ ਹੈ। ਜੋ ਗੁਰੂ ਦੇ ਬਚਨਾਂ ਪਰ ਭਰੋਸਾ ਰੱਖਦਾ ਹੈ ਸੋ ਉਸਤੇ ਬਿਨਾਂ ਦੂਸਰੇ ਨੂੰ ਨ ਮਨੇ ਇੱਕ ਅਕਾਲ ਪੁਰਖ ਦਾ ਹੀ ਅਰਾਧਨ ਕਰੇ। ਏਸੇ ਉਪਦੇ ਦੀ ਕ੍ਰਿਪਾ ਗੁਰੂ ਨਾਨਕ ਦੇਵ ਜੀ ਨੇ ਗੁਰੂ ਅਗਦ ਜੀ ਨੂੰ ਕੀਤੀ ਜਿਸ ਤੇ ਓਨ੍ਹਾਂ ਨੇ ਗੁਰੂ ਪਦਵੀ ਪਾਈ ਅਤੇ ਪ੍ਰਮਾਤਮਾ ਨੂੰ ਜਾਤਾ। ਉਸ ਤੇ ਪਿਛੇ ਫੇਰ ਗੁਰੂ ਅਗਦ ਜੀ ਨੇ ਓਹੋ ਉਪਦੇ ਆਪਣੇ ਭਾਣਾ ਵਰਤਾਉਣੇ ਦੇ ਸਮ ਮੈਨੂੰ ਦੇ ਕੇ ਅਮਰ ਕੀਤਾ ਅਤੇ ਆਪ ਜੋਤੀ ਜੋਤ ਸਮਾਏ, ਜਿਸ ਤੇ ਮੈਂ ਓਨ੍ਹਾਂ ਦੀ ਸੇਵਾ ਤੇ ਅਤੁਲ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ ਹੈ।

ਇਸ ਪਉੜੀ ਵਿੱਚ ਗੁਰੂ ਜੀ ਨੇ ਸਭ ਪ੍ਰਤੀ ਏਹ ਸਿਧਾਂਤ ਪ੍ਰਗਟ ਕੀਤਾ ਕਿ ਗੁਰੂ ਨਾਨਕ ਦੇਵ ਅਤੇ ਗੁਰੂ ਅਗਦ ਦੇਵ ਜੀ ਦਾ ਇਹੋ ਤਾਤਪਰਯ ਹੈ ਜੋ ਮੈਂ ਤੁਹਾਨੂੰ ਕਥਨ ਕਰਦਾ ਹਾਂ; ਤਾਂਤੇ ਤੁਸੀਂ ਅਕਾਲ ਪੁਰਖ ਤੇ ਛੁੱਟ ਕਿਸੇ ਦੇਵੀ ਦੇਵਤੇ ਮੜ੍ਹੀ ਮਸਾਣੀ ਅਤੇ ਜੜ੍ਹ ਮੂਰਤੀ ਆਦਿਕ ਨੂੰ ਨਾ ਮਨਨਾ।

**ਦੂਜੀ ਪਉੜੀ**

**ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥**
**ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥**
**ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰਜਨੋ॥**
**ਅਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖਜਨੋ॥**
**ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥**
**ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ॥2॥**

(ਅਗ 923)

ਇਸ ਦੂਸਰੀ ਪਉੜੀ ਵਿਚ ਗੁਰੂ ਜੀ ਨੇ ਆਪਣੇ ਪਰਵਾਰ ਅਤੇ ਸਿੱਖਾਂ ਪ੍ਰਤਿ ਏਹ ਕਥਨ ਕੀਤਾ ਕਿ ਸਾਨੂੰ ਹੁਣ ਅਕਾਲ ਪੁਰਖ ਦਾ ਭਾਣਾ ਭਾਇਆ ਅਰਥਾਤ ਚੰਗਾ ਲਗਿਆ ਹੈ, ਜਿਸ ਤੇ ਅਸੀਂ ਹੁਣ ਉਸ ਦੇ ਸਮੀਪ ਪ੍ਰਾਪਤ ਹੋਵਾਂਗੇ, ਅਰਥਾਤ ਦੇਹ ਨੂੰ ਤਿਆਗਾਂਗੇ, ਇਸ ਵਾਸਤੇ ਅਸੀਂ ਉਸੀ ਅਕਾਲ ਪੁਰਖ ਅਗੇ ਬੇਨਤੀ ਕਰਦੇ ਹਾਂ ਜੋ ਅਤ ਨੂੰ ਸਹਾਈ ਹੋਣੇ ਵਾਲਾ ਹੈ ਅਰਥਾਤ ਉਸ ਸਮਯ ਹੋਰ ਕੋਈ ਸੰਬੰਧੀ ਸਾਥੀ ਨਹੀਂ ਹੁੰਦਾ ਪਰੰਤੂ ਅਕਾਲ ਪੁਰਖ ਉਸ ਸਮ ਭੀ ਨਾਲ ਰਹਿੰਦਾ ਹੈ। ਇਸ ਵਾਸਤੇ ਸਾਡੀ ਬੇਨਤੀ ਅਕਾਲ ਪੁਰਖ ਨੇ ਅਗੀਕਾਰ ਕਰ ਲੀਤੀ ਹੈ ਅਤੇ ਸਾਨੂੰ ਧੰਨ ਧੰਨ ਅਤੇ ਾਬਾ ਕਰਕੇ ਆਪਨੇ ਸਮੀਪ ਬੁਲਾਇਆ ਹੈ।

ਇਸ ਪਉੜੀ ਤੇ ਇਹ ਸਿੱਧ ਹੁੰਦਾ ਹੈ ਕਿ ਅਤ ਸਮੇਂ ਗਊ ਦਾਨ ਕਰਨਾ ਯਾ ਹੋਰ ਚੀਾਂ ਮਨਸਣੀਆਂ ਪੁਰਖ ਦੀ ਸਹਾਇਤਾ ਨਹੀਂ ਕਰਦੀਆਂ ਅਤੇ ਨਾ ਅਕਾਲ ਪੁਰਖ ਦੇ ਸਮੀਪ ਆਦਰ ਹੀ ਕਰਾਉਂਦੀਆਂ ਹਨ, ਤਾਂਤੇ ਜੋ ਪਰਮੇਰ ਦਾ ਪਾਰਾ ਅਤੇ ਔਖੇ ਸਮ ਪਰ ਸਹਾਇਤਾ ਚਾਹੁਣੇ ਵਾਲਾ ਹੈ ਉਸੀ ਦਾ ਅਰਾਧਨ ਕਰੇ। ਸੋ ਤੁਸੀਂ ਭੀ ਇਹੋ ਕਰਨਾ। ਇਸ ਪਉੜੀ ਵਿਚ ਆਪਨੇ ਸਿੱਖਾਂ ਅਤੇ ਪ੍ਰਵਾਰ ਨੂੰ ਹੋਰ ਦੀ ਪੂਜਾ ਯਾ ਮਨਸਣ ਆਦਿ ਤੇ ਰੋਕ ਦਿੱਤਾ ਹੈ।

## ਤੀਜੀ ਪਉੜੀ

**ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥**
**ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥**
**ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ॥**
**ਆਨਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ॥**
**ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ॥**
**ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥3॥**
(ਅਗ 923)

ਏਸ ਤੀਸਰੀ ਪਉੜੀ ਵਿਚ ਭੀ ਆਪਣੇ ਪੁੱਤ੍ਰਾਂ ਭਾਈਆਂ ਸਿਖਾਂ ਨੂੰ ਬੁਲਾ ਕੇ ਆਖਿਆ ਕਿ ਤੁਸੀਂ ਸਭ ਮੇਰੇ ਪਾਸ ਆਵੋ ਅਤੇ ਮੈਂ ਹੁਣ ਪ੍ਰਮੇਰ ਦਾ ਭਾਣਾ ਮਨਿਆ ਹੈ, ਅਤੇ ਅਕਾਲ ਪੁਰਖ ਨੇ ਮੈਨੂੰ ਆਪ ਗਲ ਨਾਲ ਲਾਇਆ ਹੈ; ਇਸ ਵਾਸਤੇ ਤੁਸੀਂ ਮਨ ਵਿਚ ਵਿਚਾਰ ਲਵੋ ਜੋ ਉਸ ਦੀ ਇੱਛਾ ਹੈ ਸੋਈ ਹੋਵੇਗੀ, ਅਨਥਾ ਨਹੀਂ ਅਤੇ ਮੈਂ ਉਸ ਦੇ ਸਮੀਪ ਪ੍ਰਾਪਤ ਹੋਵਾਂਗਾ।



ਏਸ ਵਿਚ ਗੁਰੂ ਜੀ ਨੇ ਏਹ ਉਪਦੇ ਕੀਤਾ ਕਿ ਸਿੱਖਾਂ ਨੂੰ ਅਕਾਲ ਪੁਰਖ ਦਾ ਭਾਣਾ ਮਨਣਾ ਚਾਹੀਏ ੋਕ ਨਾ ਕਰਨ।

## ਚੌਥੀ ਪਉੜੀ

**ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥**
**ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥**
**ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥**
**ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥**
**ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥**
**ਸਭਿ ਸਿਖ ਬਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥4॥** (ਅਗ 923)

ਇਸ ਚੌਥੀ ਪਉੜੀ ਵਿਚ ਗੁਰੂ ਜੀ ਨੇ ਆਪਣੇ ਸਾਰੇ ਪ੍ਰਵਾਰ ਨੂੰ ਸਿਖ ਸੰਗਤ ਸਮੇਤ ਸੱਦ ਕੇ ਆਖਿਆ ਕਿ ਤੁਸਾਂ ਰੋਣਾ ਨਹੀਂ, ਕਿਉਂਕਿ ਮੈਂ ਅਕਾਲ ਪੁਰਖ ਦੇ ਸਮੀਪ ਪ੍ਰਾਪਤ ਹੋਵਾਂਗਾ। ਜੋ ਮੇਰੇ ਪਿੱਛੇ ਮੈਨੂੰ ਰੋਵੇਗਾ ਸੋ ਮੇਰੇ ਆਤਮਾ ਨੂੰ ਨਹੀਂ ਭਾਵੇਗਾ। ਮੈਂ ਹੁਣ ਆਪਣੀ ਜਗਹ ਗੁਰੂ ਰਾਮਦਾਸ ਜੀ ਨੂੰ ਬਣਾਉਂਦਾ ਹਾਂ, ਤੁਸੀਂ ਏਹਨਾਂ ਦੇ ਚਰਨੀ ਪਵੋ ਅਤੇ ਮੇਰੀ ਜਗਹ ਸਮਝੋ।

ਏਸ ਪਉੜੀ ਵਿਚ ਗੁਰੂ ਜੀ ਨੇ ਹਿੰਦੂਆਂ ਵਿਚ ਜੋ ਫੂਹੜੀ ਦੀ ਰਸਮ ਹੈ, ਉਸ ਨੂੰ ਦੂਰ ਕੀਤਾ, ਕਿਉਂਕਿ ਜਦ ਇਹ ਾਲਸਾ ਕੌਮ ਏਹਨਾਂ ਤੋਂ ਜੁਦੀ ਹੋਵੇਗੀ ਤਦ ਫੂਹੜੀ ਨਾ ਪਾ ਬੈਠੇ। ਦੂਸਰਾ ਹਰ ਇੱਕ ਸਿੱਖ ਨੂੰ ਯਾ ਸਾਰੇ ਪਥ ਨੂੰ ਇਹ ਭੀ ਦੱਸਿਆ ਕਿ ਜਿਸ ਤਰ੍ਹਾਂ ਅਸੀਂ ਗੁਰਿਆਈ ਦੇ ਕੰਮ ਤੋਰਨ ਜੋਗ ਗੁਰੂ ਰਾਮਦਾਸ ਜੀ ਨੂੰ ਦੇਖਿਆ ਅਤੇ ਪੁੱਤ੍ਰ ਪੋਤ੍ਰਿਆਂ ਨੂੰ ਛੱਡ ਕੇ ਗੁਰਿਆਈ ਏਨ੍ਹਾਂ ਨੂੰ ਦਿੱਤੀ, ਇਸੀ ਤਰ੍ਹਾਂ ਹਰ ਇਕ ਪੁਰਖ ਆਪਣੇ ਜੀਓਂਦੇ ਅਪਨੇ ਮਨੋਰਥ ਦੇ ਸਿੱਧ ਕਰਨ ਲਈ ਉਸ ਪੁਰ ਨੂੰ ਕਰ ਦੇਵੇ ਜਿਸ ਪਰ ਉਸ ਨੂੰ ਪੂਰਾ ਭਰੋਸਾ ਹੋਵੇ।

## ਪਜਵੀਂ ਪੌੜੀ

**ਅਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥**
**ਕੇਸੋ ਗੋਪਾਲ ਪਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥**

---

*ਕੋ ਅਤੇ ਗੋਪਾਲ ਇਹ ਦੋਨੋਂ ਨਾਮ ਅਕਾਲ ਪੁਰਖ ਦੇ ਹਨ। ਇਸ ਵਾਸਤੇ ਏਥੇ ਕਿਸੇ ਪੁਰਖ ਦਾ ਨਾਮ ਨਹੀਂ ਸਮਝਣਾ ਜੈਸਾ ਕਈ ਕੁ ਗਿਆਨੀ ਆਖਦੇ ਹਨ ਕਿ ਕੋ ਓਨ੍ਹਾਂ ਦਾ ਪ੍ਰੋਹਤ ਸੀ, ਸੋ ਇਹ ਠੀਕ ਨਹੀਂ ਹੈ, ਕਿਉਂ ਜੋ ਗੁਰੂ ਜੀ ਨੇ ਹਰਿ ਹਰਿ ਕਥਾ ਦਸੀ ਹੈ ਨਾ ਗਰੜ ਦੀ।

**ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰਗੁ ਗੁਰ ਭਾਵਏ॥**
**ਪਿਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥**
**ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥**
**ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥5॥**

(ਅਗ **923**)

ਏਸ ਪਜਵੀਂ ਪਉੜੀ ਵਿੱਚ ਗੁਰੂ ਜੀ ਨੇ ਆਪਣਾ ਸਾਰਾ ਬਿਵਹਾਰ ਦੱਸ ਦਿਤਾ ਕਿ ਤੁਸਾਂ ਕੋਈ ਪ੍ਰੇਤ ਕਿਰਿਆ ਨਹੀਂ ਕਰਨੀ; ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਅਗਦ ਜੀ ਨੇ ਜਿਸ ਪਥ ਦੀ ਨੀਂਵ ਰੱਖੀ ਹੈ ਸੋ ਇਹ ਉਸ ਦਾ ਧਰਮ ਨਹੀਂ ਹੈ, ਪਰੰਤੂ ਉਸ ਵਾਸਤੇ ਇਹ ਕ੍ਰਿਯਾ ਕਰਮ ਹੈ ਜੋ ਮੈਂ ਦੱਸਦਾ ਹਾਂ। ਇਸ ਵਾਸਤੇ ਗੁਰੂ ਜੀ ਨੇ ਜੋ ਕ੍ਰਿਯਾ ਅਪਨੇ ਲਈ ਦੱਸੀ ਸੋ ਇਹ ਹੈ ਕਿ ਤੁਸਾਂ ਸਾਡੇ ਪਿੱਛੇ ਨਿਰਬਾਣ ਜੋ ਪ੍ਰਮਾਤਮਾ ਹੈ, ਜਿਸ ਵਿੱਚ ਬਾਣੀ ਦੀ ਪਹੁੰਚ ਨਹੀਂ ਹੈ, ਉਸ ਦਾ ਕੀਰਤਨ ਅਰਥਾਤ ਯੱਸ ਕਰਨਾ ਕਿਤੇ ਢੋਲਕ ਪਕੜ ਕੇ ਕਿਸੇ ਦੇਹਧਾਰੀ ਦੇ ਚਬੋਲੇ ਨਾ ਗਾਉਣ ਲੱਗ ਪੈਣ, ਅਤੇ ਚੰਨੂੰ ਯਾ ਨੌਧਾ ਮਿਸਰ ਸੱਦਕੇ ਗਰੜ ਪੁਰਾਣ ਦੀ ਕਥਾ ਨਾ ਕਰਨ ਲੱਗ ਜਾਣ। ਤੁਸੀ ਕੌ ਗੁਪਾਲ ਅਰਥਾਤ ਪਰਮਾਤਮਾ ਰੂਪੀ ਪਡਿਤ ਨੂੰ ਜੋ ਸ੍ਰਬੱਗ ਹੈ ਸੱਦਣਾ ਅਰਥਾਤ ਅਰਾਧਨ ਕਰਨਾ, ਅਤੇ ਅਕਾਲ-ਪੁਰਖ ਦੇ ਕਥਨ ਦੀ ਕਥਾ ਦਾ ਹੀ ਪੁਰਾਣ ਪੜ੍ਹਨਾ ਅਰ ਓਸੇ ਨੂੰ ਸੁਣਨਾ, ਇਸ ਤੇ ਬਿਨ੍ਹਾਂ ਹੋਰ ਕੋਈ ਪੁਰਾਣ ਨਾ ਖੋਲ੍ਹਣਾ। ਫੇਰ ਜਗਤ ਵਿਚ ਇਹ ਮਰਯਾਦਾ ਹੈ ਜੋ ਬੁੱਢਿਆਂ ਦਾ ਬਿਬਾਣ ਕੱਢਦੇ ਹਨ, ਸੋ ਤੁਸੀਂ ਇਹ ਬਿਬਾਨ ਨਾ ਕੱਢੋ, ਸਾਡਾ ਬਿਬਾਣ ਪਰਮਾਤਮਾ ਨਾਲ ਰੰਗਣਾ ਹੈ, ਜੋ ਸਾਨੂੰ ਭਾਉਂਦਾ ਹੈ ਅਤੇ ਇਹੋ ਹਰਿ ਦੇ ਰੰਗ ਦੀ ਪ੍ਰੀਤੀ ਮੇਰਾ ਪਿਡ ਪੱਤਲ ਕ੍ਰਿਾ ਅਤੇ ਦੀਵਾ ਹੈ, ਇਸ ਤੇ ਬਿਨਾਂ ਮੇਰੇ ਵਾਸਤੇ ਹੋਰ ਕੋਈ ਪਿਡ ਪੱਤਲ ਦੀਵਾ ਯਾ ਕ੍ਰਿਾ ਆਦਿਕ ਨਾ ਕਰਨੇ ਅਤੇ ਏਹੋ ਕਰਨੇ ਜੋ ਮੈਂ ਕਥਨ ਕੀਤੇ ਹਨ, ਜੋ ਸਾਡੇ ਧਰਮ ਵਿਚ ਪ੍ਰਮਾਣ ਹਨ ਅਤੇ ਜਿਸ ਨੂੰ ਆਦਿ ਗੁਰੂ ਜੀ ਨੇ ਭੀ ਕਥਨ ਕੀਤਾ ਹੈ, ਯਥਾ :-

**ਆਸਾ ਮਹਲਾ 1 ॥**

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥**
**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥1॥**
**ਲੋਕਾ ਮਤ ਕੋ ਫਕੜਿ ਪਾਇ॥**



**ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥1॥ ਰਹਾਉ॥**
**ਪਿਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥**
**ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥2॥**
**ਗਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥**
**ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥3॥**
**ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿਡੁ ਖਾਇ॥**
**ਨਾਨਕ ਪਿਡੁ ਬਖਸੀਸ ਕਾ ਕਬਹੂ ਨਿਖੂਟਸਿ ਨਾਹਿ ॥ 4॥2॥32॥**

(ਅਗ **358**)

ਕਿਉਂ ਭਾਈ ਤੁਸਾਂ ਸੁਣਿਆ ਜੋ ਆਦਿ ਗੁਰੂ ਜੀ ਨੇ ਭੀ ਏਹੀ ਕਥਨ ਕੀਤਾ ਹੈ ਕਿ ਮੇਰਾ ਪਿਡ ਪੱਤਲ ਕੌ ਅਰਥਾਤ ਪ੍ਰਮਾਤਮਾ ਹੈ ਅਤੇ ਓਹੋ ਮੇਰੀ ਕ੍ਰਿਯਾ ਹੈ ? ਇਸ ਵਾਸਤੇ ਏਥੇ ਕੌ ਤੇ ਗੁਪਾਲ ਕਿਸੇ ਪੁਰਖ ਦਾ ਨਾਮ ਨਹੀਂ ਹੈ, ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਥਨ ਕੀਤਾ ਹੈ ਕਿ ਸਾਡੇ ਵਾਸਤੇ ਸਭ ਪਿਛਲਾ ਸਾਧਨ ਅਕਾਲ ਪੁਰਖ ਹੀ ਹੈ, ਸਾਡੇ ਫੁੱਲ ਚੁਗਾ ਕੇ ਕਿਸੇ ਾਸ ਨਦੀ ਵਿਚ ਜੋ ਜਲ ਦਾ ਪ੍ਰਵਾਹ ਹੈ ਨਾ ਸਿੱਟਣੇ, ਪ੍ਰਤੂ ਹਰਿ ਰੂਪੀ ਸਰ ਵਿੱਚ ਪਾਉਣੇ। ਇਤਨਾ ਉਪਦੇ ਕਰ ਕੇ ਆਖਿਆ ਕਿ ਹੁਣ ਮੈਂ ਰਾਮਦਾਸ ਸੋਢੀ ਨੂੰ, ਜੋ ਗੁਰੂ ਪਾਦ ਦੇ ਸੱਚੇ ਲੱਖ ਹਨ ਅਰਥਾਤ ਜਿਨ੍ਹਾਂ ਵਿੱਚ ਸਾਰੇ ਲੱਖਣ ਪਾਏ ਜਾਂਦੇ ਹਨ, ਤਿਲਕ ਦਿੱਤਾ ਹੈ।

ਏਸ ਸਾਰੀ ਪਉੜੀ ਤੇ ਸਮਝਿਆ ਜਾਂਦਾ ਹੈ ਕਿ ਤੀਸਰੀ ਪਾਤਾਹੀ ਜਾਣਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਨਵਾਂ ਬੀਜ ਬੀਜਿਆ ਹੈ ਜਿਸ ਨੂੰ ਪਾਲਣਾ ਮੇਰਾ ਧਰਮ ਹੈ। ਸੋ ਓਨ੍ਹਾਂ ਨੇ ਏਹ ਦੇਹਾਂਤ ਕਿਰਿਆ ਹੋਰ ਧਰਮਾਂ ਤੇ ਭਿੰਨ ਕਰ ਦਿੱਤੀ ਜੋ ਾਲਸਾ ਪਥ ਯਾ ਕੌਮ ਦੇ ਵਾਸਤੇ ਕਰਨੀ ਯੋਗ ਸੀ।

**ਦੋਹਿਰਾ॥**

**ਪਥ ਾਲਸਾ ਕੇ ਲੀਏ ਇਤਨਾ ਕਰਕੇ ਕਾਜ॥**
**ਜੋਤੀ ਜੋਤ ਸਮਾਇਯੋ ਰਾਮਦਾਸ ਦੇ ਰਾਜ॥**
**ਰਾਮਦਾਸ ਗੁਰਦੇਵ ਜੂ ਕਰੇ ਕਿਤੇ ਉਪਕਾਰ॥**
**ਕਿਤ ਮੁਖ ਤਾਹਿ ਸਰਾਹੀਐ ਜਾਨਤ ਹੈ ਸੰਸਾਰ॥**

ਪ੍ਰਨ :- ਕਾ ਾਲਸਾ ਕੌਮ ਗੁਰੂ ਜੀ ਕੇ ਕਥਨ ਪਰ ਚੱਲੀ ?
ਚੌਥੀ ਪਾਤਾਹੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਤਖਤ ਪਰ ਬੈਠਕੇ ਓਸੇ

ਕਾਰਜ ਦੇ ਸਿੱਧ ਕਰਨ ਲਈ ਪੁਰਖਾਰਥ ਕੀਤਾ ਜਿਸਨੂੰ ਪਹਿਲੇ ਤਿੰਨੇ ਗੁਰੂ ਜੀ ਕਰਦੇ ਆਏ ਸਨ। ਓਨ੍ਹਾਂ ਨੇ ਭੀ ਆਪਣੀ ਬਦ ਬਾਣੀ ਓਸੇ ਸਿਧਾਂਤ ਨਾਲ ਭਰੀ ਹੋਈ ਲਿਖੀ ਜੇਹੀ ਆਪ ਤੇ ਪਹਿਲਿਆਂ ਨੇ ਲਿਖੀ ਸੀ। ਨਾਲ ਇੱਕ ਹੋਰ ਬਾਤ ਨੂੰ ਭੀ ਵਧਾਯਾ, ਓਹ ਏਹ ਸੀ ਕਿ ਓਨ੍ਹਾਂ ਨੇ ਉਜਾੜ ਵਿੱਚ ਬੈਠ ਕੇ ਇੱਕ ਛੋਟੇ ਜਿਹੇ ਤਲਾਬ ਦੇ ਕਿਨਾਰੇ ਪਰ ਪਿਡ ਬੰਨ੍ਹ ਲੀਤਾ ਅਤੇ ਉਸਦਾ ਨਾਮ ਗੁਰੂ ਕਾ ਚੱਕ ਰੱਖ ਦਿੱਤਾ। ਗੁਰੂ ਜੀ ਦੇ ਏਸ ਤਾਤਪਰਯ ਨੂੰ ਓਹੋ ਜਾਣਦੇ ਹਨ ਜੋ ਦੁਨੀਆਂ ਦੀਆਂ ਕੌਮਾਂ ਦੇ ਹਾਲਾਤ ਤੋਂ ਵਾਕਫ ਹਨ। ਇਸ ਦਾ ਭਾਵ ਏਹ ਸੀ ਜੋ ਓਹ ਜਾਣਦੇ ਸਨ ਕਿ ਹੁਣ ਸਾਥੋਂ ਇੱਕ ਨਵੀਂ ਕੌਮ ਬਣੇਗੀ, ਪਰ ਕੌਮ ਹਮੇਂ ਹੀ ਝੌਂਪੜੀਆਂ ਵਿੱਚ ਰਹਿੰਦੀ ਹੈ, ਸੋ ਓਨ੍ਹਾਂ ਨੇ ਓਥੇ ਝੌਂਪੜੀ ਬਣਾ ਕੇ ਕੌਮ ਦੇ ਲਈ ਨਮੂਨਾ ਦੱਸਿਆ ਸੀ ਕਿ ਸਿੱਖ ਜੰਗਲ ਵਿਚ ਨਗਰ ਬਨਾ ਲੈਨ। ਹਿਰ ਛੱਡ ਕੇ ਉਜਾੜ ਵਿੱਚ ਝੁੱਗੀ ਪਾਉਣੇ ਦਾ ਤਾਤਪਰਜ ਏਹੋ ਸੀ ਜੋ ਸਭ ਤੇ ਵੱਖਰੀ ਕੌਮ ਜੇੜ੍ਹੀ ਨਗਰ ਬੰਨ੍ਹ ਕੇ ਪਜਾਬ ਵਿੱਚ ਰਹੇਗੀ। ਉਸਨੂੰ ਤਰੀਕਾ ਦੱਸਿਆ ਜਾਵੇ। ਉਸ ਛਪੜੀ ਦਾ ਸਰ ਬਨਾਕੇ ਅਮ੍ਰਿਤਸਰ ਨਾਮ ਰੱਖਯਾ ਅਤੇ ਉਸ ਵਿੱਚ ਇੱਕ ਮਦਰ ਬਨਾ ਕੇ ਉਸਦਾ ਨਾਮ ਹਰਿਮਦਰ ਅਰਥਾਤ ਅਕਾਲ ਪੁਰਖ ਦੇ ਅਰਾਧਨ ਦਾ ਅਸਥਾਨ ਰੱਖਿਆ। ਇਸ ਤਰ੍ਹਾਂ ਓਨ੍ਹਾਂ ਨੇ ਖਾਲਸਾ ਕੌਮ ਨੂੰ ਏਹ ਉਪਦੇ ਕੀਤਾ ਕਿ ਜਿੱਥੇ ਨਗਰ ਬੰਨ੍ਹੋ ਓਥੇ ਅਕਾਲ ਪੁਰਖ ਦੇ ਅਰਾਧਨ ਲਈ ਕੋਈ ਧਰਮਾਲਾ ਰੂਰ ਅਸਥਾਪਨ ਕਰਨੀ, ਜਿਸ ਵਿੱਚ ਸਾਰੇ ਨਗਰ ਦੇ ਲੋਕ ਆਕੇ ਅਰਾਧਨ ਕਰਨ ਅਤੇ ਮਿਲਕੇ ਬੈਠਨ ਅਰ ਗੁਰਮਤੇ ਪਕਾਉਣ। ਓਸੇ ਛਪੜੀ ਅਤੇ ਓਸੇ ਝੁੱਗੀ ਨੇ ਸ੍ਰੀ ਅਮ੍ਰਿਤਸਰ ਜੀ ਅਤੇ ਹਰਿਮਦਰ ਜੀ ਦੀ ਸੂਰਤਿ ਬਦਲਕੇ ਅੱਜਕੱਲ੍ਹ ਆਪਨੇ ਆਪ ਨੂੰ ਹੀ ਨਹੀਂ, ਕਿੰਤੂ ਸਾਰੇ ਪਜਾਬ ਨੂੰ ਪੁਨੀਤ ਬਨਾ ਦਿੱਤਾ ਹੈ। ਐਸੇ ਹਿਰ ਅਤੇ ਐਸੇ ਅਮ੍ਰਿਤ ਪੂਰਤ ਸਰੋਵਰ ਵਿਚ ਹਰਿਮਦਰ ਜੀ ਵਾਲਾ ਪਵਿੱਤ੍ਰ ਅਸਥਾਨ ਸਾਰੀ ਦੁਨੀਆਂ ਪਰ ਫਿਰਕੇ ਦੇਖੋ ਕਿਤੇ ਭੀ ਨਰ ਨਹੀਂ ਆਏਗਾ। ਸ੍ਰੀ ਗੁਰੂ ਅਮਰਦੇਵ ਜੀ ਮਹਾਰਾਜ ਦੀ ਓਹ ਪੇਨਗੋਈ, ਜੋ ਇਸ ਸਰੋਵਰ ਅਤੇ ਨਗਰੀ ਦੀ ਬਾਬਤ ਉਸ ਸਮ ਕੀਤੀ ਗਈ ਸੀ ਜਦ ਇਸ ਅਸਥਾਨ ਪਰ ਜੰਗਲ ਦੇ ਰੁੱਖ ਅਤੇ ਜੰਗਲੀ ਜਾਨਵਰ ਕੂਕਦੇ ਸੇ, ਅੱਜਕੱਲ ਉਸੀ ਪੁਰੀ ਨੂੰ ਪਜਾਬ ਦੇ ਸਾਰੇ ਹਿਰਾਂ ਨਾਲੋਂ ਵੱਡਾ ਅਤੇ ਪੂਜਨੀਯ ਕਰਕੇ ਦਿਖਾ ਰਹੀ ਹੈ, ਅਤੇ ਮੋਰਾਂ ਅਰ ਕੋਇਲਾਂ ਦੀ ਆਵਾਂ ਦੀ ਜਗ੍ਹਾ ਤਾਊਸ ਅਤੇ ਸਰੰਦਿਆਂ ਦੇ ਨਾਲ ਬਦਾਂ ਦੀ ਧੁਨੀ ਅੱਠੇ ਪਹਰ ਹੋ ਰਹੀ ਹੈ, ਯਥਾ :



**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥**
**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥**
**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥** (ਅਗ **1362**)

ਪ੍ਰ੍ਨ–ਕਾ ਤੁਹਾਨੂੰ ਕਿਸ ਪੇਨਗੋਈ ਦੇ ਪੂਰਾ ਹੋਨ ਵਿੱਚ ਕੋਈ ੱਕ ਹੈ ?

ਇਸ ਤੇ ਅੱਗੇ ਗੁਰੂ ਜੀ ਨੇ ਇਹ ਭੀ ਦੇਖਾ ਕਿ ਤੀਜੀ ਪਾਤਾਹੀ ਨੇ ਭੀ ਇਸ ਕੌਮ ਦੇ ਜੁਦਾ ਕਰਨ ਲਈ ਕਈ ਰਸਮਾਂ ਹਿੰਦੂਆਂ ਥੋਂ ਜੁਦੀਆਂ ਕਰ ਦਿੱਤੀਆਂ ਸਨ ਜਿਸ ਤੇ ਇਸਦੇ ਫੰਧੇ ਵਿਚੋਂ ਸਾਡੇ ਸਿੱਖ ਨਿਕਲ ਜਾਨ। ਇਸੇ ਵਾਸਤੇ ਉਨ੍ਹਾਂ ਨੇ ਦੇਹਾਂਤ ਦਾ ਰਸਤਾ ਅਪਨੇ ਅਨੁਭਵ ਨਾਲ ਜੁਦਾ ਕਰ ਦਿੱਤਾ। ਗੁਰੂ ਰਾਮਦਾਸ ਜੀ ਨੇ ਾਦੀ ਵਾਲੀ ਰਸਮ ਹਿੰਦੂਆਂ ਨਾਲੋਂ ਭਿੰਨ ਕਰਨ ਲਈ ਇੱਕ ਨਵੀਆਂ ਲਾਵਾਂ ਰਚ ਦਿੱਤੀਆਂ। ਇਹ ਚਾਰੇ ਲਾਵਾਂ ਵੱਡੇ ਤਤ ਨਾਲ ਪੂਰਤ ਹਨ ਜਿਨ੍ਹਾਂ ਵਿਚ ਬਿਵਾਹ ਦੀ ਪੂਰੀ ਪੂਰੀ ਰੀਤੀ ਪ੍ਰਗਟ ਹੋ ਜਾਂਦੀ ਹੈ। ਇਨ੍ਹਾਂ ਦਾ ਨਾਮ ਲਾਵਾਂ ਇਸ ਵਾਸਤੇ ਰੱਖਾ ਗਿਆ ਹੈ ਕਿ ਜਿਸ ਪ੍ਰਕਾਰ ਦੋ ਬੈਲਾਂ ਦੇ ਗਲ ਵਿੱਚ ਇਕ ਰੱਸਾ ਬੰਨ੍ਹਕੇ ਗੱਡੀ ਨਾਲ ਜੋੜ ਦੇਈਦਾ ਹੈ, ਏਸੇ ਪ੍ਰਕਾਰ ਲੜਕੇ ਅਤੇ ਲੜਕੀ ਨੂੰ, ਜੋ ਪਹਿਲੇ ਸੁਤੰਤ੍ਰ ਹੁੰਦੇ ਹਨ, ਬਿਯਾਹ ਦੇ ਸਮ ਪ੍ਰੇਮ ਦੀਆਂ ਲਾਵਾਂ ਨਾਲ ਬੰਨ੍ਹ ਕੇ ਗ੍ਰਹਸਤ ਦੇ ਗੱਡੇ ਨਾਲ ਜੋਤ ਦੇਈਦਾ ਹੈ; ਅਰ ਉਹ ਅਜੇਹੇ ਕੱਸਕੇ ਬੰਨ੍ਹੇ ਜਾਂਦੇ ਹਨ, ਜੋ ਿੰਦਗੀ ਤਕ ਜੁਦਾ ਨਹੀਂ ਹੋ ਸਕਦੇ।

ਇਸ ਤੇ ਬਿਨ੍ਹਾਂ ਉਨ੍ਹਾਂ ਦੋਹਾਂ ਨੂੰ ਵਾਰੋ ਵਾਰੀ ਅੱਗੇ ਪਿੱਛੇ ਫੇਰਿਆ ਜਾਂਦਾ ਹੈ ਜਿਸ ਤੇ ਉਨ੍ਹਾਂ ਨੂੰ ਇਹ ਸਿੱਖਾ ਦਿੱਤੀ ਜਾਂਦੀ ਹੈ ਕਿ ਤੁਸੀਂ ਇੱਕ ਦੂਜੇ ਦੇ ਅਨੁਸਾਰੀ ਹੋ ਕੇ ਚਲਨਾ। ਇਹ ਉਪਦੇ ਗੁਰੂ ਜੀ ਨੇ ਇਸ ਪ੍ਰਕਾਰ ਕੀਤਾ ਹੈ, ਯਥਾ :

**ਸੂਹੀ ਮਹਲਾ 4**

**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥**
**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥**
**ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥**
**ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥**
**ਸਹਜ ਅਨਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥**

**ਜਨੁ ਕਹੈ ਨਾਨਕੁ ਲਾਵ ਪਹਿਲੀ ਆਰਭੁ ਕਾਜੁ ਰਚਾਇਆ॥1॥**

(ਅਙ 773)

ਇਸ ਪਹਿਲੀ ਲਾਵ ਵਿੱਚ ਇਸਤ੍ਰੀ ਪੁਰਖ ਨੂੰ ਪ੍ਰਵਿਰਤੀ ਦੀ ਮਰਯਾਦਾ ਦੱਸੀ ਗਈ ਹੈ ਜਿਸ ਤੇ ਪਰਮਾਤਮਾ ਦਾ ਗਾਨ ਬਾਣੀ ਦੁਵਾਰਾ ਜੋ ਧਰਮ ਹੈ ਦ੍ਰਿੜਾ ਕੇ ਦੁਰਾਚਾਰ, ਜੋ ਮਹਾਂ ਪਾਪ ਹੈ, ਤਿਆਗਨ ਕਰਾਇਆ ਗਿਆ ਹੈ; ਅਰਥਾਤ ਦੱਸਿਆ ਗਿਆ ਹੈ ਕਿ ਇਹ ਤੇਰਾ ਪਤੀ ਅਰ ਇਹ ਤੇਰੀ ਸੁਪਤਨੀ ਹੈ ਇਸਤੇ ਬਿਨਾਂ ਅਨ ਇਸਤ੍ਰੀ ਪੁਰਖ ਨਾਲ ਸਨੇਹ ਕਰਨਾ ਦੁਰਾਚਾਰ ਸਦਾਉਂਦਾ ਹੈ, ਤਾਂਤੇ ਤੁਸੀਂ ਇਸ ਧਰਮ ਨੂੰ ਦ੍ਰਿੜ ਕਰਕੇ ਅਕਾਲ ਪੁਰਖ ਦੇ ਨਾਮ ਦਾ ਅਰਾਧਨ ਕਰੋ ਜੋ ਆਪਣੇ ਮਹਾਤਮਾਂ ਭੀ ਦ੍ਰਿੜ ਕਰਦੇ ਆਏ ਹਨ। ਇਸ ਅਰਾਧਨ ਦੇ ਸਮਯ ਪਰ ਸਤਿਗੁਰੂ ਅਰਥਾਤ ਸਭ ਤੇ ਮਹਾਨ ਪਰਮਾਤਮਾ ਦਾ ਧਿਆਨ ਕਰਕੇ ਪਾਪਾਂ ਦਾ ਖਡਨ ਕਰੋ ਜਿਸ ਤੇ ਤੁਸੀਂ ਸੁਭਾਗੀ ਹੋ ਕੇ ਪਰਮਾਤਮਾਂ ਨੂੰ ਹੀ ਮਿੱਠਾ ਾਲ ਕਰੋ, ਅਰਥਾਤ ਨਿਰਾ ਵਿਖ, ਸੁਖ ਨੂੰ ਹੀ ਮਿੱਠਾ ਨਾ ਜਾਨ ਲੇਨਾ।

**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥**
**ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥**
**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥**
**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥**
**ਅਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮਗਲ ਗਾਏ॥**
**ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥2॥**

(ਅਙ 774)

ਇਸ ਦੂਸਰੀ ਲਾਵ ਦਾ ਭਾਵ ਇਹ ਹੈ ਕਿ ਜਿਸ ਵਕਤ ਸਿਮਰਨ ਕਰੀਦਾ ਹੈ ਅਕਾਲ ਪੁਰਖ ਅਰਥਾਤ ਨਿਰਮਲ ਪ੍ਰਮਾਤਮਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੇ ਭੈ ਦੂਰ ਹੋ ਜਾਂਦੇ ਹਨ। ਗੁਰੂ ਮਹਾਰਾਜ ਕੈਂਹਦੇ ਹਨ ਕਿ ਤੁਸੀਂ ਪਰਵਾਰ ਦੇ ਪਸਾਰੇ ਪਰ ਹੀ ਮਸਤ ਨਾ ਹੋ ਬੈਠਨਾ, ਕਿੰਤੂ ਸਰਬ ਦੇ ਸੁਆਮੀ ਪਰਮਾਤਮਾਂ ਦੇ ਸੰਸਾਰ ਰੂਪੀ ਪਸਾਰੇ ਦਾ ਸੈਰ ਕਰਨਾ ਅਤੇ ਉਸ ਨੂੰ ਅਪਨੇ ਅਗ ਸੰਗ ਅਰ ਯਾਪਕ ਜਾਨਕੇ ਮਹਾਤਮਾਂ ਪੁਰਖਾਂ ਨਾਲ ਉਸਦਾ ਮਗਲਾਚਾਰ ਗਾਉਨਾ।

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥**
**ਸਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥**



**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥**
**ਸਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥**
**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥**
**ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥3॥**

(ਅਙ 774)

ਤੀਜੀ ਲਾਵ ਦਾ ਭਾਵ ਏਹ ਹੈ ਕਿ ਤੁਸੀਂ ਨਿਰੇ ਪੁਰੇ ਅਪਨੇ ਬਾਲ ਬੱਚੇ ਨਾਲ ਹੀ ਮਸਤ ਨਾ ਰਹਿਨਾ ਕਿੰਤੂ ਮਹਾਤਮਾ ਪੁਰਖਾਂ ਦਾ ਮੇਲ ਜੋਲ ਕਰਕੇ ਵੱਡੇ ਭਾਗਾਂ ਵਾਲੇ ਹੋਨਾ ਅਤੇ ਓਨ੍ਹਾਂ ਨਾਲ ਹੀ ਮਿਲਕੇ ਹਰਿ ਦੀ ਕਥਾ ਵਾਰਤਾ ਕਰਨੀ ਅਰ ਹਿਰਦੇ ਵਿਚ ਉਸਦਾ ਪ੍ਰੇਮ ਪੈਦਾ ਕਰਨਾ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥**
**ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥**
**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥**
**ਮਨ ਚਿਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥**
**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥**
**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥4॥2॥**

(ਅਙ 774)

ਚੌਥੀ ਲਾਵ ਵਿੱਚ ਅਤ ਦਾ ਫਲ ਕਥਨ ਕੀਤਾ ਹੈ ਕਿ ਇਸ ਤਰ੍ਹਾਂ ਜੀਵਨ ਬਤੀਤ ਕਰਨੇ ਤੇ ਪ੍ਰਮਾਤਮਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਅਰ ਅੱਛੇ ਪੁਰਖਾਂ ਦੇ ਨਾਲ ਅਚਾਰੋ ਬਿਹਾਰ ਰਖਨੇ ਕਰਕੇ ਅਪਨੇ ਮਨ ਅਤੇ ਤਨ ਨੂੰ ਉਸ ਮਿੱਠੇ ਅਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਤੇ ਮਨ ਦੀ ਇੱਛਾ ਵਾਲਾ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਇਹ ਕਾਰਜ ਪ੍ਰਮਾਤਮਾਂ ਦੇ ਵਲੋਂ ਹੀ ਅਰਥਾਤ ਉਸਦੀ ਇੱਛਾ ਤੇ ਹੀ ਆਰੰਭ ਕੀਤਾ ਗਿਆ ਹੈ। ਇਸਤੇ ਜਿਸ ਤਰ੍ਹਾਂ ਇਸ ਕੰਨਾ ਨੂੰ ਵਰ ਦੀ ਪ੍ਰਾਪਤੀ ਦਾ ਅਨੰਦ ਪ੍ਰਾਪਤ ਹੋਇਆ ਹੈ, ਇਸੀ ਪ੍ਰਕਾਰ ਤੁਸੀਂ ਓਸ ਅਬਿਨਾਸੀ ਪਦ ਨੂੰ ਪ੍ਰਾਪਤ ਹੋ ਕੇ ਆਨੰਦ ਹਾਸਲ ਕਰੋ।

ਇਨ੍ਹਾਂ ਲਾਵਾਂ ਤੇ ਸਾਫ ਸਿੱਧ ਹੈ ਕਿ ਗੁਰੂ ਜੀ ਨੇ ਏਸ ਕੌਮ ਦੀ ਵਿਵਾਹ ਰੀਤੀ ਭੀ ਭਿੰਨ ਕਰ ਦਿੱਤੀ ਸੀ; ਅਤੇ ਓਹਨਾਂ ਨੇ ਆਪ ਭੀ ਅਪਨੇ ਜੀਵਨ ਵਿੱਚ ਅਪਨੇ ਸਿੱਖਾਂ ਪਰ ਇਸ ਰੀਤੀ ਨੂੰ ਵਰਤਿਆ ਸੀ ਜਿਸ ਪਰ ਹਿੰਦੂ ਲੋਗਾਂ ਨੇ ਵੱਡਾ ਵਿਵਾਦ

ਕੀਤਾ ਸੀ ਅਰ ਬਾਦਾਹ ਤਕ ਨੌਬਤ ਪਹੁੰਚੀ ਸੀ; ਪ੍ਰਤੂ ਫਿਰ ਭੀ ਗੁਰੂ ਜੀ ਨੇ ਇਸ ਅਸੂਲ ਨੂੰ ਨਹੀਂ ਤੋੜਿਆ ਸੀ।

ਕਾ ਗੁਰੂ ਜੀ ਦੇ ਸਿੱਖ ਇਸ ਮਰਯਾਦਾ ਪਰ ਚੱਲੇ ?

ਦੋਹਰਾ – **ਵਹੀ ਜੋਤ ਚਤਰਥ ਗੁਰੂ ਅਰਜਨ ਮਹਿ ਧਰ ਦੀਨ।।**
**ਜਿਨ ਸਾਗਰ ਸੰਸਾਰ ਹਿਤ ਗ੍ਰੰਥ ਨਾਵਕਾ ਕੀਨ।।**

ਪਜਵੀਂ ਪਾਤਾਹੀ ਗੁਰੂ ਅਰਜਨ ਦੇਵ ਜੀ ਨੇ ਆਪ ਤੇ ਪਹਿਲੇ ਗੁਰੂਆਂ ਦੀ ਕਾਰਵਾਈ ਨੂੰ ਸਮਝਿਆ ਕਿ ਓਹਨਾਂ ਸਭਨਾਂ ਦਾ ਤਾਤਪਰਜ ਸਭ ਤੋਂ ਜੁਦਾ ਝੰਡਾ ਗੱਡਨ ਦਾ ਸੀ, ਅਤੇ ਗੁਰੂ ਨਾਨਕ ਦੇਵ, ਗੁਰੂ ਅਗਦ ਜੀ, ਗੁਰੂ ਅਮਰਦਾਸ ਜੀ ਦੇ ਬਦ ਜੋ ਰਚੇ ਹੋਏ ਹਨ ਸੋ ਏਹ ਜਗਤ ਦੇ ਉਧਾਰ ਲਈ ਹਨ ਅਤੇ ਏਹੀ ਇਸ ਧਰਮ ਦੇ ਲੋਕਾਂ ਦਾ ਧਰਮ ਪੁਸਤਕ ਹੋਨਾ ਚਾਹੀਏ। ਜਿਸ ਪ੍ਰਕਾਰ ਮੁਹੰਮਦ ਸਾਹਿਬ ਦੇ ਮੁਖ ਤੇ ਨਿਕਲੀਆਂ ਹੋਈਆਂ ਆਇਤਾਂ ਅਸਮਾਨ ਲੀ ਨੇ ਕੱਠੀਆਂ ਕੀਤੀਆਂ ਸਨ ਜੋ ਮੁਸਲਮਾਨਾਂ ਦੇ ਮਤ ਦੀ ਮਹਬੀ ਕਿਤਾਬ ਕੁਰਾਨ ਕਹਾਉਂਦੀ ਹੈ, ਅਰ ਰਿਖੀਆਂ ਦੇ ਉਚਰੇ ਹੋਏ ਮਤ੍ਰ ਇੱਕਤ੍ਰ ਹੋ ਕੇ ਹਿੰਦੂ ਧਰਮ ਦੇ ਵੇਦ ਸਦਾਉਂਦੇ ਹਨ, ਓਸੇ ਪ੍ਰਕਾਰ ਸਾਡੇ ਗੁਰੂਆਂ ਦੇ ਉਚਰੇ ਹੋਏ ਪਵਿੱਤਰ ਬਦ ਭੀ ਇੱਕਤ੍ਰ ਹੋਨੇ ਚਾਹੀਏ ਜੋ ਇਸ ਮਤ ਦੇ ਲੋਕਾਂ ਦਾ ਯਾ ਏਸ ਕੌਮ ਦਾ ਧਰਮ ਪੁਸਤਕ ਹੋਵੇ। ਦੂਸਰਾ ਗੁਰੂ ਅਗਦ ਜੀ ਦੇ ਰਚੇ ਹੋਏ ਗੁਰਮੁਖੀ ਅੱਖਰ ਸੰਸਾਰ ਵਿੱਚ ਪ੍ਰਚਲਤ ਹੋਣ, ਜੈਸਾ ਕਿ ਹੋਰ ਦੇਸਾਂ ਦੀ ਵਰਣਮਾਲਾ ਹਨ।

ਏਹ ਬਾਤ ਪ੍ਰਸਿੱਧ ਹੈ ਕਿ ਜੋ ਕੌਮ ਜੁਦਾ ਹੁੰਦੀ ਹੈ ਉਸਦਾ ਧਰਮ ਭੀ ਜੁਦਾ ਹੁੰਦਾ ਹੈ; ਏਸ ਵਾਸਤੇ ਓਸਦਾ ਧਰਮ ਪੁਸਤਕ ਭੀ ਰੂਰ ਵੱਖਰਾ ਹੋਣਾ ਲੋੜੀਦਾ ਹੈ। ਏਸ ਾਲ ਨੂੰ ਰਿਦੇ ਵਿੱਚ ਰੱਖਕੇ ਓਨ੍ਹਾਂ ਨੇ ਦੂਰ ਦੂਰ ਜਾ ਕੇ ਅਤੇ ਕਟ ਸਹਾਰ ਕੇ ਗੁਰੂਆਂ ਦੇ ਬਦ ਇੱਕਠੇ ਕੀਤੇ; ਔਰ ਜੋ ਨਾ ਦੇਵੇ ਉਸਦੀ ਮਿਨਤ੍ ਾਮਦ ਕੀਤੀ। ਜੈਸਾ ਕਿ ਮੋਹਨ ਨਹੀਂ ਦੇਂਦਾ ਸੀ, ਉਸਨੂੰ ਸਤਾਰ ਬਜਾਕੇ ਉਸਦੀ ਵਡਿਆਈ ਦੇ ਰਾਗ ਗਾਕੇ ਰਿਝਾਇਆ ਅਰ ਬਦ ਲਏ। ਫੇਰ ਤਦਾਨਕੂਲ ਹੋਰਨਾਂ ਭਗਤਾਂ ਦੀਆਂ ਬਾਣੀਆਂ ਭੀ ਜਾਤ-ਪਾਤ ਦੇ ਲਿਹਾ ਨੂੰ ਛੱਡ ਕੇ ਇੱਕਤ੍ਰ ਕੀਤੀਆਂ ਜੈਸਾ ਕਿ ਕਬੀਰ, ਧੰਨਾ, ਤ੍ਰਿਲੋਚਨ, ਜੈ ਦੇਵ, ਨਾਮਾਂ, ਭੀਖਨ, ਰਵਿਦਾਸ ਅਤੇ ਖੰ ਰੀਦ ਆਦਿਕਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਸਿੱਧ ਹੈ। ਬਾਣੀ ਚੜ੍ਹਾਉਣ ਦੇ ਵੇਲੇ ਏਹ ਭੀ ਆਖਿਆ ਕਿ ਜੋ ਮਹਾਤਮਾ ਗੁਰੂਆਂ ਦੀ ਬਾਣੀ ਦੇ ਅਨੁਸਾਰ ਕੋਈ



ਬਾਣੀ ਦੇਵੇਗਾ ਓਹ ਭੀ ਚੜ੍ਹਾਈ ਜਾਵੇਗੀ। ਇਹ ਸੁਣਕੇ ਚਾਰ ਮਹਾਤਮਾਂ ਹੋਰ ਆਏ ਜਿਨ੍ਹਾਂ ਦੀ ਬਾਣੀ ਗੁਰੂਆਂ ਦੀ ਬਾਣੀ ਤੇ ਉਲਟ ਦੇਖਕੇ ਨਾ ਚੜ੍ਹਾਈ; ਅਤੇ ਓਹ ਵੱਡੇ ਗੁੱਸੇ ਭੀ ਹੋ ਗਏ, ਪਰ ਤਾਂ ਭੀ ਗੁਰੂ ਜੀ ਨੇ ਅਸੂਲ ਨੂੰ ਨਾ ਤੋੜਿਆ।

ਓਹਨਾਂ ਵਿੱਚੋਂ ਪਹਿਲਾ ਕਾਹਨਾ ਬੈਰਾਗੀ ਸੀ, ਦੂਸਰਾ ਛੱਜੂ ਭਗਤ ਸੀ, ਤੀਸਰਾ ਪੀਲੋ ਭਗਤ ਸੀ, ਚੌਥਾ ਾਹ ਹੁਸੈਨ ਸੀ। ਏਹਨਾਂ ਚੌਹਾਂ ਨੇ ਆਕੇ ਗੁਰੂ ਅੱਗੇ ਪ੍ਰਾਰਥਨਾ ਕੀਤੀ ਕਿ ਸਾਡੀ ਬਾਣੀ ਭੀ ਚੜ੍ਹਾਈ ਜਾਵੇ। ਗੁਰੂ ਜੀ ਨੇ ਆਖਿਆ ਕਿ ਤੁਸੀਂ ਆਪੋ ਆਪਣੇ ਬਦ ਸੁਨਾਓ। ਪਹਿਲੇ ਕਾਹਨੇ ਬੈਰਾਗੀ ਨੇ ਏਹ ਬਦ ਆਖਿਆ ਮੈਂ ਓਹੀ ਕਾਹਨਾ ਓਹੀ। ਜਾਕੋ ਵੇਦ ਪੁਰਾਨ ਯ ਗਾਵੈਂ ਖੋਜ ਦੇਖੇ ਮਤ ਕੋਈ”। ਏਸ ਬਦ ਨੂੰ ਸੁਣਕੇ ਗੁਰੂ ਜੀ ਨੇ ਆਖਿਆ ਕਿ ਅਜੇਹੇ ਬਦਾਂ ਨੂੰ ਲੋਕ ਪੜ੍ਹਕੇ ਨਾਸਤਕ ਹੋ ਜਾਨਗੇ ਅਤੇ ਯਥੇਟ ਕਰਮਾਂ ਵਿੱਚ ਪਰਵਿਰਤ ਹੋ ਜਾਣਗੇ। ਗੁਰੂ ਨਾਨਕ ਜੀ ਤੇ ਆਦਿ ਲੈ ਕੇ ਗੁਰੂਆਂ ਦਾ ਸਿਧਾਂਤ ਭਗਤੀ ਸਹਿਤ ਗਾਨ ਦਾ ਹੈ, ਨਾਸਤਕਪਨ ਦਾ ਨਹੀਂ, ਇਸ ਵਾਸਤੇ ਇਹ ਬਦ ਨਹੀਂ ਚੜ੍ਹਾਇਆ ਜਾਂਦਾ।

ਇਸਤੇ ਪਿੱਛੇ ਛੱਜੂ ਭਗਤ ਬੋਲਿਆ ਕਿ ਕਾਗਤ ਸੰਦੀ ਪੂਤਰੀ ਤਊ ਨਾ ਤ੍ਰਿਆ ਨਿਹਾਰ। ਐਸੇ ਮਾਰ ਲਜਾਇਗੀ ਜਿਉਂ ਬਲੋਚ ਦੀ ਧਾੜ”। ਇਸ ਪਰ ਗੁਰੂ ਜੀ ਨੇ ਆਖਿਆ ਕਿ ਭਾਵੇਂ ਏਹ ਬਚਨ ਵੈਰਾਗ ਦਾ ਹੈ ਪਰ ਗੁਰੂਆਂ ਨੇ ਅਜੇਹੇ ਵੈਰਾਗ ਨੂੰ ਆਦਰ ਨਹੀਂ ਕੀਤਾ ਜੋ ਇਸਤ੍ਰੀਆਂ ਥੋਂ ਇਤਨੀ ਘ੍ਰਿਣਾਂ ਕਰੇ ਕਿ ਪ੍ਰਾਨੀ ਗ੍ਰਿਹਸਤ ਦੇ ਧਰਮ ਥੋਂ ਬੇਮੁਖ ਹੋ ਜਾਵੇ, ਕਿੰਤੂ ਗੁਰੂਆਂ ਦਾ ਤਾਤਪਰਜ ਗ੍ਰਿਹਸਤ ਵਿੱਚ ਰਹਿਕੇ ਹੀ ਅਕਾਲ ਪੁਰਖ ਦੇ ਅਰਾਧਨ ਦਾ ਹੈ; ਤਾਂਤੇ ਏਹ ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਹੀਂ ਚੜ੍ਹ ਸਕਦਾ, ਕਿਉਂਕਿ ਜੇ ਸਿੱਖ ਇਸਤ੍ਰੀਆਂ ਤੇ ਦੂਰ ਰਹਿਨਗੇ ਤਾ ਪਥ ਦਾ ਪ੍ਰਚਾਰ ਕਿਸ ਤਰ੍ਹਾਂ ਹੋਵੇਗਾ।

ਏਹਨਾਂ ਤੋਂ ਪਿੱਛੋਂ ਪੀਲੋਂ ਨੇ ਕਥਨ ਕੀਤਾ ਕਿ ਅਸਾਂ ਨਾਂਲੋਂ ਸੋ ਭਲੇ ਜੇਹੜੇ ਜੰਮਦਿਆਂ ਮਰੇ। ਓਹਨਾਂ ਚਿੱਕੜ ਪੈਰ ਨਾ ਬੋੜਿਆ ਨਾ ਆਲੂਦ ਭਰੇ।” ਇਸ ਨੂੰ ਸੁਨਕੇ ਗੁਰੂ ਜੀ ਨੇ ਕਥਨ ਕੀਤਾ ਕਿ ਭਾਵੇਂ ਏਸ ਬਾਨੀ ਵਿੱਚ ਪਾਪਾਂ ਤੇ ਦੂਰ ਰਹਿਣਾ ਤਾਂ ਸਿੱਧ ਹੁੰਦਾ ਹੈ ਪਰ ਉਪਦੇ ਹੱਛਾ ਨਹੀਂ ਕਿਉਂਕਿ ਗੁਰੂਆਂ ਦਾ ਤਾਤਪਰਜ ਏਹ ਹੈ ਜੋ ਪੁਰ ਜਗਤ ਵਿਚ ਆਕੇ ਸਤਪੁਰਾਂ ਦਾ ਸਤ ਸੰਗ ਕਰੇ ਅਰ ਆਪਣੇ ਬਿਵਹਾਰ ਪ੍ਰਮਾਰਥ ਨੂੰ ਸਿੱਧ ਕਰੇ ਅਤੇ ਸੰਸਾਰ ਵਿੱਚ ਰਹਿਕੇ ਹੀ ਪਾਪਾਂ ਤੇ ਬਚੇ। ਜੈਸਾ ਕਥਨ ਹੈ :

**ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥**
**ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥1॥**
**ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥**
**ਪਤਿ ਪਾਵੈ ਦਰਬਾਰ ਸਤਿਗੁਰ ਸਬਦਿ ਭੈ॥** (ਅਗ **751**)

ਤੁਸਾਡੇ ਬਦ ਵਿੱਚ ਜੋ ਭਾਵ ਹੈ ਸੋ ਏਹ ਹੈ ਕਿ ਜੋ ਜੀਵ ਅਧਕਾਰ ਵਿੱਚੋਂ ਆ ਕੇ ਉਸੀ ਅਧਕਾਰ ਵਿੱਚ ਚਲਿਆ ਜਾਵੇ ਉਹ ਉਨ੍ਹਾਂ ਨਾਲੋਂ ਹੱਛਾ ਹੈ ਜੋ ਸੰਸਾਰ ਵਿੱਚ ਆਕੇ ਸ੍ਵਾਰਥ ਅਤੇ ਪਰਸ੍ਵਾਰਥ ਈਸ਼੍ਵਰ ਅਰਾਧਨ ਆਦਿਕ ਕਾਰਜਾਂ ਨੂੰ ਕਰਨ। ਤਾਂਤੇ ਏਹ ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਚੜ੍ਹਾਉਣ ਦੇ ਯੋਗ ਨਹੀਂ ਹੈ।

ਜਦ ਏਹਨਾਂ ਤਿੰਨਾਂ ਨੂੰ ਜਵਾਬ ਮਿਲਿਆ ਤਾਂ ਪਿੱਛੇ ਾਹ ਹੁਸੈਨ ਨੇ ਦੇਖਿਆ ਕਿ ਏਹ ਤਾਂ ਸਭ ਦੇ ਕਥਨ ਵਿੱਚ ਵਿਚਾਰ ਕੇ ਦੇਸ ਨਿਕਾਲਦੇ ਹਨ ਤਾਂਤੇ ਮੇਰਾ ਭੀ ਏਹੋ ਹਾਲ ਹੋਵੇਗਾ। ਇਤਨਾ ਸੋਚ ਕੇ ਏਹ ਕਾਂਫੀ ਕਥਨ ਕੀਤੀ ਕਿ ਚੁੱਪ ਵੇ ਅੜਿਆ ਚੁੱਪ। ਐਥੇ ਬੋਲਣ ਦੀ ਨਹੀਂ ਜਾਇ ਵੇ ਅੜਿਆ।" ਇਸ ਪਰ ਭੀ ਗੁਰੂ ਜੀ ਨੇ ਏਹ ਕਥਨ ਕੀਤਾ ਕਿ ਗੁਰੂਆਂ ਦਾ ਏਹ ਤਾਤਪਰਜ ਨਹੀਂ ਹੈ ਜੋ ਅਕਾਲ ਪੁਰਖ ਦੇ ਅਤਰੇ ਨੂੰ ਪਾ ਕੇ ਚੁੱਪ ਕਰ ਰਹੇ; ਸਗੋਂ ਗੁਰੂਆਂ ਦਾ ਕਥਨ ਹੈ ਕਿ ਆਪ ਜਪੇ ਅਵਰਹ ਨਾਮ ਜਪਾਵੈ।" ਪੁਨਾ ਜਬ ਲਗ ਜਗ ਮਹਿ ਰਹੀਐ ਨਾਨਕ ਕਛੁ ਸੁਣੀਐ ਕਛੁ ਕਹੀਐ।" ਸੋ ਜੇ ਚੁੱਪ ਹੀ ਕਰ ਗਿਆ ਤਾਂ ਸੰਸਾਰ ਨੂੰ ਸੱਚੇ ਉਪਦੇ ਦੇ ਕੇ ਸੁਮਾਰਗ ਕੌਣ ਪਾਵੇਗਾ ? ਸੋ ਇਹ ਬਾਣੀ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਯੋਗ ਨਹੀਂ ਹੈ। ਏਸੇ ਤਰ੍ਹਾਂ ਚੋਹਾਂ ਨੂੰ ਜਵਾਬ ਦਿੱਤਾ; ਜਿਸ ਤੇ ਓਹ ਗੁੱਸੇ ਹੋ ਕੇ ਖਿਝਕੇ, ਵਿਖਾਦ ਭੀ ਕਰਨ ਲੱਗੇ, ਪਰ ਗੁਰੂ ਜੀ ਨੇ ਓਹਨਾਂ ਦੇ ਗੁੱਸੇ ਨੂੰ ਝੱਲਕੇ ਭੀ ਅਸੂਲ ਨੂੰ ਨਾ ਤੋੜਿਆ ਅਤੇ ਗੁਰੂ ਸਿਧਾਂਤ ਤੇ ਵਿਰੁੱਧ ਬਾਣੀ ਨਾ ਚੜ੍ਹਾਈ।

ਜਦ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹੀ ਅਤੇ ਹਿੰਦੂ ਮੁਸਲਮਾਨਾਂ ਨੇ ਦੇਖਿਆ ਕਿ ਏਸ ਵਿੱਚ ਕਿਸੇ ਨਬੀ ਯਾ ਅਵਤਾਰ ਦੀ ਸੋਭਾ ਨਹੀਂ ਅਤੇ ਕੋਈ ਧਰਮ ਦਾ ਹਾਦੀ ਨਹੀਂ ਮਨਿਆ, ਏਸ ਗ੍ਰੰਥ ਵਿਚ ਜੜ੍ਹ ਮੂਰਤੀਆਂ ਤੇ ਭੇਖਾਂ ਦਾ ਖਡਨ ਹੈ ਤਦ ਦੋਹਾਂ ਦੀਨਾਂ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋੜਨ ਲਈ ਮਿਲ ਬੈਠੇ। ਮੁਸਲਮਾਨ ਆਖਨ ਲੱਗੇ ਕਿ ਅਸੀਂ ਚਾਹੁੰਦੇ ਸਾਂ ਕਿ ਦੋਹਾਂ ਦੀਨਾਂ ਤੇ ਇਕ ਦੀਨ ਹੋਵੇ ਅਤੇ ਵੇਦਾਂ ਦਾ ਨਾਸ ਕਰਕੇ ਇੱਕ ਕੁਰਾਨ ਹੀ ਧਰਮ ਪੁਸਤਕ ਹੋਵੇ, ਸਗੋਂ ਏਹ ਤੀਸਰਾ ਹੋਰ ਬਣਨ ਲੱਗਿਆ ਹੈ, ਅਤੇ ਇੱਕ ਨਵਾਂ ਧਰਮ ਗ੍ਰੰਥ ਬਣਾ ਦਿੱਤਾ



ਹੈ; ਤਾਂਤੇ ਇਸ ਦਾ ਨਾ ਕਰੋ, ਹਿੰਦੂ ਆਖਨ ਲੱਗੇ ਕਿ ਦੇਖੋ ਯਾਰੋ ਜਿਸ ਭਾ ਦਾ ਪੜ੍ਹਨਾ ਸੁਨਣਾ ਹਿੰਦੂ ਨੂੰ ਪਾਪ ਹੈ ਅਤੇ ਜਿਨ੍ਹਾਂ ਨੀਚ ਜਾਤਾਂ ਦੇ ਪਰਛਾਵੇਂ ਲੈਣੇ ਤੇ ਧਰਮ ਜਾਂਦਾ ਹੈ ਏਹ ਅਰਜਨ ਦੇਵ ਓਸ ਭਾ ਨੂੰ ਗੁਰਮੁਖੀ ਵਿੱਚ ਲਿਖਕੇ ਓਨ੍ਹਾਂ ਨਾਈਆਂ, ਛੀਬਿਆਂ,ਜੱਟਾਂ, ਚੁਮਿਆਰਾਂ, ਮੁਸਲਮਾਨਾਂ ਦੀਆਂ ਬਾਣੀਆਂ ਨੂੰ ਚੜ੍ਹਾਕੇ ਮੱਥਾ ਟਿਕਾਉਂਦਾ ਹੈ ਅਤੇ ਉਨ੍ਹਾਂ ਪਰ ਚੌਰੀਆਂ ਕਰਾਉਂਦਾ ਹੈ। ਜੇ ਏਹ ਗ੍ਰੰਥ ਫੈਲ ਗਿਆ ਤਾਂ ਹਿੰਦੂ ਧਰਮ ਨੂੰ ਨੁਕਸਾਨ ਪਹੁੰਚਾਵੇਗਾ; ਤਾਂਤੇ ਇਸ ਦਾ ਨਾਸ ਕਰੋ। ਇਸ ਗੱਲ ਨੂੰ ਠਾਨਕੇ ਦੋਹਾਂ ਦੀਨਾਂ ਨੇ ਪਹਿਲੇ ਅਕਬਰ ਬਾਦਾਹ ਨੂੰ ਆਗਰੇ ਵਿੱਚ ਜਾਕੇ ਆਖਿਆ; ਪਰ ਉਸ ਨੇ ਧਿਆਨ ਨਾ ਦਿੱਤਾ। ਫੇਰ ਜਹਾਂਗੀਰ ਦੇ ਸਮਯ ਵਿੱਚ ਉਨ੍ਹਾਂ ਨੇ ਗੁਰੂ ਜੀ ਨੂੰ ਆਖਿਆ ਕਿ ਤੁਸੀ ਗ੍ਰੰਥ ਦੀ ਬੀੜ ਤੋੜ ਦੇਓ ਯਾ ਜੋ ਮੁਸਲਮਾਨਾਂ ਅਤੇ ਹਿੰਦੂਆਂ ਦੇ ਧਰਮ ਦੇ ਵਿਰੁਧ ਬਦ ਹਨ ਉਨ੍ਹਾਂ ਨੂੰ ਵਿੱਚੋਂ ਕੱਢਕੇ ਤੁਸੀਂ ਉਨ੍ਹਾਂ ਦੀ ਜਗਹ ਨਬੀਆਂ ਅਵਤਾਰਾਂ ਦੀ ਵਡਿਆਈ ਪਾ ਦਿਓ। ਪਰ ਇਸ ਬਾਤ ਨੂੰ ਗੁਰੂ ਜੀ ਨੇ ਨਾ ਮਨਾ। ਇਸ ਪਰ ਉਨ੍ਹਾਂ ਨੇ ਬਾਦਾਹ ਨੂੰ ਝੂਠ ਸੱਚ ਸੁਣਾਕੇ ਉਸਤੇ ਗੁਰੂ ਜੀ ਨੂੰ ਦੁੱਖ ਦੇਣ ਦੀ ਆਗਾ ਲੈਕੇ ਦੁਖ ਦੇਣਾ ਅਰੰਭ ਕੀਤਾ। ਉਨ੍ਹਾਂ ਪਰ ਤੇਤੇ ਰੇਤੇ ਪੁਆਏ, ਤੱਤੇ ਤਵਿਆਂ ਪਰ ਚੜ੍ਹਾਏ, ਅਤ ਨੂੰ ਕੱਚੇ ਚਮੜੇ ਵਿੱਚ ਪਾਕੇ ਧੂਹਨ ਦਾ ਸੰਕਲਪ ਕੀਤਾ, ਜਿਸ ਤੇ ਗੁਰੂ ਜੀ ਨੇ ਲਾਹੌਰ ਕਿਲੇ ਦੇ ਹੇਠ ਰਾਵੀ ਦਰਿਆ ਦੇ ਵਿਚ ਗੋਤਾ ਮਾਰਕੇ ਅਪਨੀ ਦੇਹ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਕੌਮ ਪਰ ਕੁਰਬਾਨ ਕੀਤਾ। ਇਸ ਦਾ ਸਾਰਾ ਪ੍ਰਸੰਗ ਗੁਰ ਅਰਜਨ ਚਰਿੱਤ੍" ਦੇ ਦੇਖਨੇ ਤੇ ਮਾਲੂਮ ਹੋ ਜਾਂਦਾ ਹੈ।

ਚੰਦੂ ਲਾਲ ਦੀਵਾਨ ਨੇ, ਜਿਸ ਨੂੰ ਸਿੱਖ ਹੁਣ ਚੰਦੂ ਸੁਆਹੀ ਸੱਦਦੇ ਹਨ, ਗੁਰੂ ਜੀ ਨੂੰ ਕਿਸ ਪ੍ਰਕਾਰ ਖੇਦ ਦਿੱਤੇ ਅਤੇ ਨਾਲ ਅਪਨੀ ਲੜਕੀ ਦੀ ਕੁੜਮਾਈ ਛੱਡਨ ਵਾਲਾ ਵੈਰ ਭੀ ਲੀਤਾ! ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਬੰਨ੍ਹਣਾ ਮਾਨੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਖਤ ਨੂੰ ਇੱਕ ਵੱਡੇ ਸੰਘਣੇ ਸ਼ਾਖਾਂਦਾਰ ਪੱਤਰ ਲਾਉਣੇ ਸਨ ਜਿਸ ਨਾਲ ਇਹ ਬ੍ਰਿਖ ਸੁਹਾਵਾ ਅਤੇ ਘਨ-ਸਾਯਾ ਵਾਲਾ ਹੋਕੇ ੋਭਾ ਪਾਏ, ਕਿਉਂਕਿ ਹਰ ਇੱਕ ਧਰਮ ਦੇ ਲੋਕ ਆਪਣੇ ਪਾਪਾਂ ਦੀ ਗਰਮੀ ਤੇ ਆਪਣੇ ਧਰਮ ਪੁਸਤਕ ਦੇ ਰੁੱਖ ਦੀ ਛਾਯਾ ਹੇਠ ਆਕੇ ਆਰਾਮ ਪਾਉਂਦੇ ਹਨ। ਸੋ ਗੁਰੂ ਅਰਜਨ ਦੇਵ ਜੀ ਨੇ ਖਾਲਸਾ ਪਥ ਲਈ ਏਹ ਧਰਮ ਪੁਸਤਕ ਬਨਾਇਆ ਜਿਸ ਦੇ ਆਸਰੇ ਪਾਪਾਂ ਦੇ ਤਾਪ ਤੇ ਬਚਨ। ਫੇਰ **1644** ਸੰਮਤ ਵਿਚ ਤਰਨਤਾਰਨ ਜੀ ਦੀ

ਨੀਂਵ ਰੱਖੀ **1646** ਬਿੱਕ੍ਰਮੀ ਵਿਚ ਦਰਬਾਰ ਸਾਹਿਬ ਦੀ ਫਿਰ ਨੀਂਵ ਰੱਖੀ ਜੋ ਪਹਿਲੇ ਮੁਸਲਮਾਨਾਂ ਨੇ ਬਰੂਦ ਦੇ ਕੁੱਪੇ ਪਾਕੇ ਉਡਾ ਦਿੱਤਾ ਸੀ।

ਪ੍ਰਨਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਕਾਰ ਖੇਦ ਸਹਾਰ ਕੇ ਸਿੱਖਾਂ ਲਈ ਜਿਸ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਬੰਨ੍ਹੀ ਸੀ ਕਿਆ ਸਿੱਖ ਉਸਦੇ ਉਪਦੇ ਾਂ ਪਰ ਚੱਲੇ?

**ਦੋਹਿਰਾ**

**ਗੁਰ ਅਰਜਨ ਅਰਿਜਨੋਂ ਸੇ ਤਨ ਪਰ ਖੇਦ ਸਹਾਰ॥**
**ਹਰਿ ਗੋਬਿੰਦ ਗੁਰ ਕੋ ਦਯੋ ਨਿਜ ਕਾਰਜ ਕੋ ਭਾਰ॥ 1॥**
**ਜਿਸ ਪਰ ਛੇਵੇਂ ਗੁਰੂ ਨੇ ਦੇਖਹੁ ਕਿਆ ਕੁਛ ਕੀਨ॥**
**ਮੀਰੀ ਪੀਰੀ ਹਾਥ ਲੈ ਦੁਮਨ ਕੀਨੇ ਦੀਨ॥ 2॥**

ਇਨ੍ਹਾਂ ਮਗਰੋਂ ਛੇਵੀਂ ਪਾਤਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਦੇਖਿਆ ਕਿ ਹੋਰ ਕਾਰਵਾਈ ਤਾਂ ਜਿਤਨੀ ਕੌਮ ਨੂੰ ਧਰਮ ਦੇ ਲਈ ਲੋੜੀਂਦੀ ਸੀ ਸਭ ਹੋ ਚੁਕੀ ਹੈ ਪਰੰਤੂ ਕੌਮ ਦੇ ਵਿੱਚ ਇੱਕ ਹੋਰ ਗੁਣ ਭੀ ਹੁੰਦਾ ਹੈ ਜੋ ਉਸਨੂੰ ਕਾਇਮ ਰੱਖੇ। ਸੋ ਗੀਰਕ ਬਲ ਹੈ, ਜੋ ਸਨੇ ਸਨੇ ਕੌਮ ਦੇ ਬਣਨੇ ਤੇ ਨਾਲ ਹੀ ਉਤਪਤਿ ਹੋ ਜਾਂਦਾ ਹੈ। ਜਦ ਸੂਰਜ ਦੀਆਂ ਕਿਰਨਾਂ ਨਾਲ ਪਾਣੀ ਸਮੁਦ੍ਰ ਤੇ ਪ੍ਰਮਾਣੂ ਰੂਪ ਹੋ ਕੇ ਉੱਪਰ ਨੂੰ ਜਾਂਦਾ ਹੈ ਤਦ ਓਹ ਕਿਸੇ ਨੂੰ ਭੀ ਦਿਖਾਈ ਨਹੀਂ ਦੇਂਦਾ ਅਤੇ ਨਾ ਓਹ ਕਿਸੇ ਨੂੰ ਸੁਖ ਦੁਖ ਦਾ ਹੀ ਕਾਰਨ ਹੁੰਦਾ ਹੈ ਪਰ ਜਦ ਓਹ ਉਪਰ ਜਾਕੇ ਆਕਾ ਵਿੱਚ ਜਮਾਂ ਹੋ ਜਾਂਦਾ ਹੈ ਤਦ ਇੱਕ ਬੱਦਲ ਦੀ ਕਲ ਬਣ ਜਾਂਦੀ ਹੈ ਅਤੇ ਉਸਦੇ ਵਿੱਚੋਂ ਹੀ ਇੱਕ ਚਮਕ ਦਮਕ ਅਤੇ ਕੜਕ ਵਾਲੀ ਵਸਤੂ ਉਤਪਤ ਹੋ ਜਾਂਦੀ ਹੈ, ਜਿਸਨੂੰ ਬਿਜਲੀ ਕਹਿੰਦੇ ਹਨ। ਇਸੀ ਪ੍ਰਕਾਰ ਜਦ ਹਰ ਇੱਕ ਕੌਮ ਵਿੱਚੋਂ ਆਦਮੀ ਕਿਸੀ ਮਹਾਤਮਾਂ ਦੇ ਉਪਦੇ ਵੱਲ ਜਾਂਦੇ ਹਨ ਤਦ ਕੁਝ ਪ੍ਰਤੀਤ ਨਹੀਂ ਹੁੰਦਾ, ਪਰ ਜਦੋਂ ਉਹ ਜਾ ਕਰਕੇ ਸਾਰੇ ਮਿਲਦੇ ਹਨ ਤਕ ਇੱਕ ਕੌਮ ਰੂਪ ਭਾਰੀ ਘਟਾ ਹੋ ਜਾਂਦੇ ਹਨ ਜਿਨ੍ਹਾਂ ਵਿਚ ਜੰਗੀ ਸਮਰੱਥਾ ਰੂਪੀ ਬਿਜਲੀ ਉਤਪਤ ਹੋ ਜਾਂਦੀ ਹੈ ਜਿਸਤੇ ਲੋਕਾਂ ਦੇ ਦਿਲ ਕੰਬ ਜਾਂਦੇ ਹਨ। ਜਿਸ ਪ੍ਰਕਾਰ ਓਹ ਬੱਦਲ ਹਾਰਾਂ ਲਾਭ ਅਤੇ ਹਾਰਾਂ ਹੀ ਹਾਨੀਆਂ ਦਾ ਕਾਰਨ ਹੋ ਜਾਂਦਾ ਹੈ ਇਸੀ ਪ੍ਰਕਾਰ ਓਹ ਕੌਮ ਭੀ ਕਈਆਂ ਨੂੰ ਨਾਸ ਕਰਨ ਵਾਲੀ ਅਤੇ ਕਈਆਂ ਨੂੰ ਬਚਾਉਣ ਵਾਲੀ ਹੋ ਜਾਂਦੀ ਹੈ। ਹਰਤ ਈਸਾ ਮੁਹੰਮਦ ਸਾਹਿਬ ਅਤੇ ਸ੍ਰੀ ਗੁਰੂ ਨਾਨਕ ਜੀ ਆਦਿਕ ਮਹਾਤਮਾਂ ਦੇ ਹਾਲ ਤੇ ਪ੍ਰਤੀਤ ਹੁੰਦਾ ਹੈ ਕਿ



ਇਨ੍ਹਾਂ ਦੇ ਪਹਿਲੇ ਅਪਣੇ ਵਰਤਾਰੇ ਕਿਆ ਸਨ ਅਤੇ ਸਮਾਂ ਪਾਕੇ ਉਨ੍ਹਾਂ ਨੇ ਕਿਆ ਫਲ ਦਿਖਾਏ ਹਨ ਜੋ ਤਿੰਨੇ ਕੌਮਾਂ ਦੁਨੀਆਂ ਪਰ ਕੇਡੀਆਂ ਬਰਦਸਤ ਹਨ ਅਤੇ ਿੰਦਾ ਕੌਮਾਂ ਕਰਕੇ ਸੱਦੀ ਦੀਆਂ ਹਨ।

ਇਸ ਬਾਤ ਨੂੰ ਵਿਚਾਰ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ ਸ੍ਰੀ ਅਮ੍ਰਿਤਸਰ ਵਿੱਚ ਇੱਕ ਤਤ ਕਾਇਮ ਕੀਤਾ ਕਿਉਂਕਿ ਕੌਮ ਦੇ ਸਰਦਾਰ ਲਈ ਤਤ ਦਾ ਹੋਣਾ ਭੀ ਰੂਰੀ ਹੈ। ਉਸਦਾ ਨਾਮ ਅਕਾਲ ਤਤ ਰੱਖਕੇ ਪੀਰੀ ਤੇ ਮੀਰੀ ਦੀਆਂ ਦੋ ਤਲਵਾਰਾਂ ਗਾਤ੍ਰੇ ਪਾਈਆਂ, ਜਿਸਦਾ ਏਹ ਤਾਤਪਰਜ ਸੀ ਕਿ ਦੀਨ ਤੇ ਦੁਨੀਆਂ ਦੋਨੋਂ ਬਰਾਬਰ ਰੱਖਣੇ ਚਾਹੀਦੇ ਹਨ। ਜਿਸ ਕੌਮ ਦੇ ਦੀਨ ਤੇ ਦੁਨੀਆਂ ਦੋਵੇਂ ਸੁਧਰੇ ਹੋਏ ਹਨ ਓਹ ਕੌਮ ਭਾਗਵਾਨ ਹੈ, ਜਿਸਤੇ ਉਨ੍ਹਾਂ ਨੇ ਧਰਮ ਦੇ ਉਪਦੇ ਅਤੇ ਦੁਨੀਆਂ ਦੇ ਢੰਗ ਅਜੇਹੇ ਕੀਤੇ ਜੋ ਅਜ ਤਕ ਜਗਤ ਵਿੱਚ ਪ੍ਰਸਿੱਧ ਹਨ। ਸੰਸਾਰ ਵਿੱਚ ਸਭ ਤੇ ਵਧ ਕੇ ਦੋ ਚੀਾਂ ਹਨ ਜਿਨ੍ਹਾਂ ਵਿੱਚੋਂ ਪਹਿਲਾ ਧਰਮ ਅਤੇ ਦੂਸਰਾ ਬਲ ਹੈ। ਪਰੰਤੂ ਇਨ੍ਹਾਂ ਦੋਹਾਂ ਦੇ ਵਾਸਤੇ ਬੁੱਧੀ ਦਾ ਹੋਣਾ ਭੀ ਰੂਰੀ ਹੈ: ਜਿਸ ਦੇ ਪਾਸ ਧਰਮ, ਬੁੱਧੀ ਅਤੇ ਬਲ ਹੈ ਉਹੋ ਕੌਮ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਪ੍ਰਤਾਪਵਾਨ ਗਿਣੀ ਜਾਂਦੀ ਹੈ। ਇਸ ਵਾਸਤੇ ਖਾਲਸਾ ਕੌਮ ਵਾਸਤੇ ਬਲ ਦੀ ਲੋੜ ਸੀ ਸੋ ਛੇਵੇਂ ਪਾਤਾਹ ਜੀ ਨੇ ਪੂਰੀ ਕੀਤੀ। ਜਿਸ ਤਰ੍ਹਾਂ ਬ੍ਰਿਛ ਨੂੰ ਇੱਕ ਦਿਖਾਵੇ ਦੇ ਫੁੱਲ ਲਗਦੇ ਹਨ ਜਿੰਨ੍ਹਾਂ ਤੇ ਮਗਰੋਂ ਸੱਚੇ ਫੁੱਲ ਆਕੇ ਨਾਲ ਹੀ ਫਲ ਆ ਜਾਂਦੇ ਹਨ ਇਸੀ ਪ੍ਰਕਾਰ ਛੇਵੇਂ ਪਾਤਾਹ ਜੀ ਨੇ ਪੈਂਡੇ ਖਾਂ ਆਦਿਕ ਪਠਾਣਾਂ ਨਾਲ ਪ੍ਰੀਖਕ ਲੜਾਈਆਂ ਕਰਕੇ ੁਲਮ ਦੇ ਦੂਰ ਕਰਨੇ ਲਈ ਪਥ ਨੂੰ ਉਪਦੇ ਕਰ ਦਿੱਤਾ ਅਤੇ ਇਹ ਸਾਬਤ ਕਰ ਦਿੱਤਾ ਕਿ ਤੁਸੀਂ ਇੱਕ ਬਲਵਾਨ ਕੌਮ ਉਤਪਤਿ ਕੀਤੇ ਗਏ ਹੋ।

ਗੁਰੂ ਜੀ ਨੇ ਅਪਨੀ ਸੰਗਤ ਨੂੰ ਉਦਾਰਤਾ, ਸਮਤਾ ਅਤੇ ਨਿਰਭੈਤਾ ਆਦਿਕ ਗੁਣ ਅਪਨੇ ਵਿੱਚ ਵਰਤ ਕੇ ਦਿਖਾਏ ਸਨ ਜਿਸ ਤੇ ਇਹ ਸਿਧਾਂਤ ਸੀ ਕਿ ਇਹ ਪਥ ਭੀ ਇਨ੍ਹਾਂ ਗੁਣਾਂ ਵਾਲਾ ਹੋ ਕੇ ਜਗਤ ਦੇ ਜੀਵਾਂ ਨੂੰ ਅਪਨੇ ਅਧੀਨ ਕਰੇ।

ਇਨ੍ਹਾਂ ਦੇ ਜੀਵਨ ਚਰਿਤ ਵਿੱਚ ਲਿਖਿਆ ਹੈ ਕਿ ਇੱਕ ਸਿੱਖ, ਜੋ ਕਾਬਲ ਤੋਂ ਆਯਾ ਸੀ, ਇਕ ਕੀਮਤੀ ਘੋੜਾ, ਇੱਕ ਬਾ, ਇੱਕ ਤਲਵਾਰ ਅਤੇ ਇੱਕ ਵੱਡੇ ਭਾਰੀ ਮੁੱਲ ਵਾਲਾ ਪੁਾਕਾ ਲਿਆਯਾ, ਜੋ ਗੁਰੂ ਜੀ ਨੇ ਉਸੀ ਸਮ ਇੱਕ ਪੈਂਡੇ ਖਾਂ ਨਾਮੇਂ ਪਠਾਨ ਨੂੰ ਬਖ ਦਿੱਤਾ ਅਤੇ ਇਹ ਆਖਿਆ ਕਿ ਤੂੰ ਇਹ ਸਭ ਸਮਾਨ ਪਹਿਰ ਕੇ ਸਾਡੇ ਦਰਬਾਰ ਵਿੱਚ ਆਇਆ ਕਰ। ਨਾਲ ਹੀ ਉਪਦੇ ਕੀਤਾ ਕਿ ਗੁਰੂ ਅੱਗੇ

ਝੂਠ ਨਾ ਬੋਲੀਂ। ਉਸਨੇ ਓਹ ਸਾਰਾ ਅਸਬਾਬ ਕੁਝ ਦਿਨ ਪਾਕੇ ਅਪਨੇ ਜੁਆਈ ਨੂੰ ਦੇ ਦਿੱਤਾ। ਜਦ ਗੁਰੂ ਜੀ ਨੇ ਪੁੱਛਿਆ ਤਦ ਝੂਠ ਬੋਲ ਕੇ ਆਖਿਆ ਕਿ ਮਹਾਰਾਜ ਮੇਰੇ ਪਾਸ ਹੈ। ਗੁਰੂ ਜੀ ਨੇ ਉਸਦੇ ਝੂਠ ਬੋਲਣ ਦੀ ਸਾ ਅਜੇਹੀ ਦਿੱਤੀ ਕਿ ਅਪਨੇ ਦਰਬਾਰ ਤੇ ਧੱਕ ਦਿੱਤਾ। ਉਸ ਪੈਂਡੇ ਖਾਂ ਨੇ ਗੁਰੂ ਜੀ ਦੇ ਇਸ ਭਾਣੇ ਪਰ ਕੁਪਤ ਹੋ ਕੇ ਲਾਹੌਰੋਂ ਬਾਦਾਹੀ ਫੌਜ ਨੂੰ ਚੜ੍ਹਾਕੇ ਕਰਤਾਰਪੁਰ ਲੈ ਆਂਦਾ। ਾਹੀ ਫੌਜ ਨੇ ਸਾਰੇ ਨਗਰ ਨੂੰ ਘੇਰ ਲੀਤਾ ਅਤੇ ਗੋਲਾ ਬਰਸਨ ਲੱਗਾ। ਇਸ ਭਾਨਕ ਸਮ ਪਰ ਸਿੱਖ ਆ ਕੇ ਗੁਰੂ ਜੀ ਨੂੰ ਆਖਨ ਕਿ ਮਹਾਰਾਜ ਕਿਆ ਕੀਤਾ ਜਾਏ; ਤੁਰਕੀ ਫੌਜ ਟਿੱਡੀਦਲ ਆਕੇ ਉਤਰੀ ਹੈ ਅਤੇ ਯੁੱਧ ਹੋ ਰਿਹਾ ਹੈ; ਏਧਰ ਗਰੀਬ ਸੰਗਤ ਦੇ ਸਿੱਖ ਅਤੇ ਓਧਰ ਵੱਡੇ-ਵੱਡੇ ਭਾਰੀ ਸਰਕਾਰੀ ਸਿਪਾਹੀ ਹਨ। ਗੁਰੂ ਜੀ ਨੇ ਆਖਿਆ ਕਿ ਕੋਈ ਚਿੰਤਾ ਨਾ ਕਰੋ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਕੇ ਚੱਲਾਂਗੇ। ਜਦ ਸੁਖਮਨੀ ਸਾਹਿਬ ਦਾ ਭੋਗ ਪਿਆ ਤਦ ਕਮਰਕਸਾ ਕਰਕੇ ਬਾਹਿਰ ਜੰਗ ਦੇ ਮੈਦਾਨ ਵਿਚ ਆ ਕੇ ਤੀਰਾਂ ਦੀ ਅਜੇਹੀ ਬਰਖਾ ਅਤੇ ਦੁਧਾਰੇ ਖਡੇ ਦੀ ਮਾਰ ਕੀਤੀ ਜੋ ਾਹੀ ਫੌਜ ਨੂੰ ਨੱਸ ਕੇ ਪ੍ਰਾਨ ਬਚਾਉਨੇ ਪਏ, ਅਰ ਪੈਂਡੇ ਖਾਂ ਦੇ ਪ੍ਰਾਣ ਅਪਨੀ ਤੇਗ ਦੇ ਨਾਲ ਲੀਤੇ।

ਤੁਸੀਂ ਦੇਖ ਸਕਦੇ ਹੋ ਕਿ ਕਈ ਹਾਰ ਦਾ ਮਾਲ ਪੈਂਡੇ ਖਾਂ ਨੂੰ ਇੱਕ ਪਲਕ ਅਦਰ ਬ ਦੇਨਾ ਇਸ ਤੇ ਪਰੇ ਉਦਾਰਤਾ ਕਿਆ ਹੈ? ਇਸੀ ਪਰਕਾਰ ਦੇਂਦਿਆਂ ਹੋਇਆ ਚਿੱਤ ਵਿੱਚ ਏਹ ਿਆਲ ਨਹੀਂ ਆਇਆ ਕਿ ਅਸੀਂ ਦੂਸਰੀ ਕੌਮ ਦੇ ਆਦਮੀ ਨੂੰ ਕਿਉਂ ਇਤਨਾ ਮਾਲ ਦੇਂਦੇ ਹਾਂ, ਸੋ ਇਸ ਤੇ ਪਰੇ ਸਮਤਾ ਹੋਰ ਕਿਆ ਹੋਣੀ ਹੈ ? ਜਦ ਇਤਨੀ ਤੁਰਕੀ ਫੌਜ ਚੜ੍ਹਕੇ ਆਈ ਤਦ ਰੰਚਕ ਭੀ ਚਿੱਤ ਨੂੰ ੌ ਨਹੀਂ ਆਇਆ ਸੋ ਇਸਤੇ ਵਧਕੇ ਨਿਰਭੈਤਾ ਹੋਰ ਕਿਸਦਾ ਨਾਉਂ ਹੈ ?

ਛੇਵੇਂ ਪਾਤਾਹ ਦੀਆਂ ਨਾਨੀਆਂ, ਜੋ ਗੁਰਦੁਆਰੇ ਹਨ ਕਮੀਰ ਆਦਿਕ ਦੇਾਂ ਵਿੱਚ ਅੱਜ ਤਕ ਸੁਭਾਏਮਾਨ ਹੋ ਰਹੇ ਹਨ। ਮਹਿਰਾਜ ਨਾਮੇਂ ਇਕ ਭਾਰੀ ਨਗਰ (ਜੋ ਿਰੋਜਪੁਰ ਦੇ ਲਿੇ ਵਿੱਚ ਹੈ) ਦੇ ਪਾਸ ਗੁਰੂ ਸਰ ਨਾਮੇਂ ਗੁਰਦੁਆਰਾ ਏਹਨਾਂ ਦੀ ਯਾਦਗਾਰ ਵਿੱਚ ਹੈ। ਇਹ ਗੁਰਦੁਆਰਾ ਜੰਗਲ ਵਿੱਚ ਹੈ, ਇਸਦੇ ਪਾਸ ਥੋੜ੍ਹੀ ਦੂਰ ਇੱਕ ਪੱਕਾ ਬੁਰਜ ਹੈ; ਉਸ ਦਾ ਹਾਲ ਇਉਂ ਦੱਸਦੇ ਹਨ ਕਿ ਇਸ ਜਗਹ ਗੁਰੂ ਜੀ ਦੀ ਤਿੰਨ ਦਿਨ ਤਕ ਬਾਦਾਹੀ ੌਜ ਨਾਲ ਲੜਾਈ ਹੋਈ ਸੀ ਜਿਸ ਵਿੱਚ ਹਾਰਾਂ ਤੁਰਕ ਮਾਰੇ ਸਨ, ਓੜਕ ਨੂੰ ਗੁਰੂ ਜੀ ਨੇ ਫਤੇ ਪਾਈ ਅਤੇ ਬਾਦਾਹੀ ਫੌਜ ਨੱਸ ਗਈ ਸੀ, ਗੁਰੂ ਜੀ ਨੇ ਸਾਰੇ ਮੁਰਦੇ ਇੱਕਠੇ ਕਰਕੇ ਇਕ ਖੂਹ ਭਰਿਆ ਅਰ ਉਪਰ



ਚੌਂਤ੍ਰਾ ਬੰਨ੍ਹ ਦਿੱਤਾ ਜਿਸ ਪਰ ਤਿੰਨ ਦਿਨ ਤਕ ਆਸਨ ਲਗਾਕੇ ਤੇਗ ਧੂਹਕੇ ਬੈਠੇ ਰਹੇ। ਅੱਜਕੱਲ ਓਥੇ ਕੋਈ ਡਰਦਾ ਸੌਂਦਾ ਭੀ ਨਹੀਂ ਅਰ ਆਖਦੇ ਹਨ ਕਿ ਉਸ ਜਗ੍ਹਾ ਤੇ ਭੈ ਆਉਂਦਾ ਹੈ। ਤੁਸੀ ਦੇਖ ਸਕਦੇ ਹੋ ਕਿ ਇਸ ਤੇ ਵਧਕੇ ਹੋਰ ਨਿਰਭੈਤਾ ਕਿਸ ਵਸਤੂ ਦਾ ਨਾਮ ਹੈ? ਇਸੇ ਤਰ੍ਹਾਂ ਭਾਈ ਕੀ ਡਰੌਲੀ ਵਿੱਚ, ਜੋ ਤਹਿਸੀਲ ਮੋਗੇ ਦੇ ਪਾਸ ਹੈ, ਛੇਵੀਂ ਪਾਤਾਹੀ ਦੇ ਗੁਰਦੁਵਾਰੇ ਵਿੱਚ ਦੋ ਖੂਹ ਹਨ ਜੋ ਅਪਨੀ ਹੱਥੀ ਲਗਾਏ ਸਨ, ਜਿਨ੍ਹਾਂ ਦਾ ਲੋਗ ਦਰਨ ਕਰਨ ਜਾਂਦੇ ਹਨ।

ਛੇਵੇਂ ਪਾਤਾਹ ਦਾ ਪ੍ਰਤਾਪ ਜਹਾਂਗੀਰ ਬਾਦਾਹ ਦੇ ਚਿੱਤ ਵਿੱਚ ਭੀ ਅਜੇਹਾ ਛਾ ਰਿਹਾ ਸੀ ਕਿ ਓਹ ਆਪਣੇ ਮੂਹੋਂ ਉਨ੍ਹਾਂ ਨੂੰ ਸੱਚਾ ਪਾਤਾਹ ਕਹਿੰਦਾ ਸੀ। ਇਸ ਪਰ ਇੱਕ ਸਾਖੀ ਹੈ। ਇੱਕ ਵੇਰ ਬਾਦਾਹ ਨੇ ਗੁਰੂ ਜੀ ਨੂੰ ਦਰਨ ਲਈ ਬੁਲਾਇਆ ਤਦ ਇੱਕ ਘਾਹ ਖੋਤਨ ਵਾਲੇ ਗਰੀਬ ਸਿੱਖ ਨੂੰ ਗੁਰੂ ਜੀ ਦੀ ਖਬਰ ਮਿਲੀ। ਉਸਨੇ ਦਿਨ ਭਰ ਵਿੱਚ ਘਾਹ ਖੋਤਕੇ ਬਾਰ ਜਾ ਕੇ ਬੇਚਿਆ ਅਰ ਦੋ ਆਨੇ ਦੋ ਪੈਸੇ ਜੋ ਉਸਨੇ ਵੱਟੇ ਸੇ, ਭੇਟਾ ਲੈ ਕੇ ਗੁਰੂ ਜੀ ਦੇ ਦਰਨ ਲਈ ਆਯਾ। ਉਹ ਭੁਲੇਖੇ ਨਾਲ ਬਾਦਾਹ ਦੇ ਤੰਬੂ ਵਿੱਚ ਜਾ ਵੜਿਆ ਅਰ ਉਹੋ ਦੋ ਆਨੇ ਅਗੇ ਰੱਖਕੇ ਮੱਥਾ ਟੇਕਿਆ। ਬਾਦਾਹ ਨੇ ਹੈਰਾਨ ਹੋ ਕੇ ਪੁੱਛਿਆ ਕਿ ਭਾਈ ਤੂੰ ਇਹ ਕਿਸ ਵਾਸਤੇ ਲਿਆਇਆ ਹੈ ? ਉਸ ਰੀਬ ਸਿੱਖ ਨੇ ਆਖਾ ਕਿ ਸੱਚੇ ਪਾਤਾਹ ਆਪਦੇ ਵਾਸਤੇ। ਇਸ ਗੱਲ ਨੂੰ ਸੁਨਦੇ ਹੀ ਬਾਦਾਹ ਨੇ ਆਖਿਆ ਕਿ ਮੈਂ ਸੱਚਾ ਪਾਤਾਹ ਨਹੀਂ ਹਾਂ ਸੱਚੇ ਪਾਤਾਹ ਦਾ ਤੰਬੂ ਦੂਸਰਾ ਹੈ। ਇਹ ਸੁਨਕੇ ਉਸ ਸਿੱਖ ਨੇ ਬਾਦਾਹ ਦੇ ਅੱਗੇ ਦੋ ਆਨੇ ਦੋ ਪੈਸੇ ਚੁੱਕ ਲੀਤੇ ਅਤੇ ਗੁਰੂ ਜੀ ਦੇ ਚਰਨਾਂ ਵਿੱਚ ਆ ਕੇ ਭੇਟ ਕੀਤੇ।

ਇਸ ਤੇ ਦੇਖ ਸਕਦੇ ਹੋ ਕਿ ਵਕਤ ਦਾ ਹਾਕਮ ਜੋ ਮੁਸਲਮਾਨ ਸੀ, ਸੋ ਭੀ ਆਪਨੇ ਚਿੱਤ ਵਿੱਚ ਜਾਨਦਾ ਸੀ ਕਿ ਮੈਂ ਭਾਵੇਂ ਦੁਨੀਆਂ ਦਾ ਬਾਦਾਹ ਹਾਂ ਪਰ ਸੱਚਾ ਪਾਤਾਹ ਗੁਰੂ ਹੀ ਹੈ। ਗੁਰੂ ਜੀ ਨੇ ਮੀਰੀ ਦਾ ਨਿਾਨ ਸ੍ਰੀ ਹਰਿਮਦਰ ਜੀ ਦੇ ਸਨਮੁਖ ਝੰਡਾ ਭੀ ਗਡਾ ਦਿੱਤਾ; ਅਤੇ ਪੀਰੀ ਦਾ ਨਿਾਨ ਤਤ ਅਕਾਲ ਬੁੰਗਾ ਕਾਇਮ ਕੀਤਾ।

**ਦੋਹਿਰਾ॥**

**ਰਾਜ ਜੋਗ ਦੇ ਪਥ ਕੋ ਗੁਰੂ ਗ੍ਰੰਥ ਕੇ ਸੰਗ।**
**ਤਿਲਕ ਦਯੋ ਹਰਿਰਾਇ ਕੋ ਮਿਲੇ ਜੋਤ ਇੱਕ ਰੰਗ॥**

ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦੇ ਪਿੱਛੇ ਸ੍ਰੀ ਗੁਰੂ ਹਰਿਰਾਇ ਅਤੇ ਸ੍ਰੀ ਗੁਰੂ ਹਰਿਕ੍ਰਿਨ ਜੀ ਨੇ ਇਸ ਪ੍ਰਕਾਰ ਇਸ ਪਥ ਦੀ ਕਾਰਵਾਈ ਨੂੰ ਧੀਮੇਂ ਤੌਰ ਪਰ ਤੋਰਿਆ ਜਿਸ ਪ੍ਰਕਾਰ ਬ੍ਰਿਛ ਚੇਤਰ ਦੇ ਮਹੀਨੇ ਵਿੱਚ ਮੌਲਦਾ ਹੈ। ਓਨ੍ਹਾਂ ਨੇ ਆਪਣੇ ਪਹਿਲੇ ਗੁਰੂਆਂ ਦੇ ਉਪਦੇ ਨੂੰ, ਜਿੱਥੋਂ ਤਕ ਹੋਇਆ, ਫੈਲਾਇਆ।

**ਦੋਹਰਾ**

**ਤੇ ਬਹਾਦਰ ਗੁਰੂ ਦਾ ਸੁਣ ਲੇਵੋ ਕੁਛ ਹਾਲ॥**

**ਜਿਸ ਦੇ ਜੇਹੀ ਜਗਤ ਮਹਿ ਨਾਹੀਂ ਹੋਰ ਮਸਾਲ॥**

ਇਨ੍ਹਾਂ ਦੇ ਪਿੱਛੇ ਸ੍ਰੀ ਗੁਰੂ ਤੇ ਬਹਾਦਰ ਜੀ ਮਹਾਰਾਜ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪਥ ਰੂਪੀ ਬ੍ਰਿਛ ਨੂੰ ਆਪਣੇ ਲੌਹੂ ਦਾ ਪਾਣੀ ਦੇ ਕੇ ਫਲ ਲੱਗਨ ਦੇ ਯੋਗ ਕਰ ਦਿੱਤਾ। ਜਦੋ ਓਨ੍ਹਾਂ ਨੇ ਦੇਖਿਆ ਕਿ ਮੁਲਕ ਦਾ ਮਾਲਕ ਵੱਡਾ ਾਲਮ ਹੈ ਅਤੇ ਲਮ ਦਾ ਦੂਰ ਕਰਨਾ, ਆਪਣੇ ਆਪ ਦੀ ਕੁਰਬਾਨੀ ਕੀਤੇ ਤੋਂ ਬਿਨਾਂ ਨਹੀਂ ਹੋ ਸਕਦਾ ਤਦ ਓਹਨਾਂ ਨੇ ਹੱਸ ਹੱਸ ਕੇ ਅਪਨੇ ਸੀਸ ਨੂੰ ਬਲੀਦਾਨ ਕੀਤਾ। ਅੱਜ ਤਕ ਲੋਕ ਏਹ ਕਥਨ ਕਰਦੇ ਹਨ ਕਿ ਗੁਰੂ ਤੇ ਬਹਾਦਰ ਹਿੰਦ ਕੀ ਚਾਦਰ।" ਸਿੰਘ ਧਰਮ ਦੀਆਂ ਪੁਰਾਣੀਆਂ ਤਾਰੀਂ ਇਨ੍ਹਾਂ ਦਾ ਹਾਲ ਇਸ ਪ੍ਰਕਾਰ ਦੱਸਦੀਆਂ ਹਨ, ਯਥਾ :

**ਦੋਹਿਰਾ**

**ਭਾਰਤ ਗਾਰਤ ਹੋਨ ਪਰ ਆਇਆ ਸੀ ਜਿਸ ਕਾਲ।**

**ਨੌਵੇਂ ਗੁਰ ਨੇ ਰੱਖਿਆ ਦੇ ਸਿਰ ਅਪਨਾ ਢਾਲ॥**

**ਚੌਪਈ**

**ਬਾਦਾਹ ਸੀ ਤਦੋਂ ਉਰੰਗਾ। ਹਿੰਦੂ ਲੋਕਾਂ ਨੂੰ ਕਰ ਤੰਗਾ।**

**ਮੁਸਲਮਾਨ ਦੇ ਮਤ ਵਿੱਚ ਲਿਆਵੈ, ਜੰਞੂ ਚੋਟੀ ਚਾ ਉਤਰਾਵੈ।**

**ਪਰ ਕਮੀਰ ਦੇ ਜੋ ਭਾਰੀ, ਬ੍ਰਹਮਨ ਹੁਤੀ ਅਬਾਦੀ ਸਾਰੀ।**

**ਵੇਦ ਪਾਠ ਅਰ ਯੱਗ ਹਾਰਾ, ਬਜਦੇ ਸੰਖ ਮੇਘ ਜਿਉਂ ਭਾਰਾ।**

**ਕਰਮ ਧਰਮ ਮਹਿ ਸੀ ਸਭ ਪੱਕੇ, ਚੜ੍ਹੇ ਆਇ ਤੁਰਕਨ ਕੇ ਧੱਕੇ।**

**ਕਾੀ ਲੋਕਾਂ ਮਤਾ ਪਕਾਯਾ, ਚਹੀਏ ਇਨਕਾ ਧਰਮ ਗਵਾਯਾ।**

**ਜਿਸ ਪਰ ਬਾਦਾਹ ਢਿਗ ਜਾਕੇ, ਬੋਲੇ ਊਚੇ ਮਨ ਘਬਰਾਕੇ।**

**ਲਗੇ ਕਹਨ ਸੁਨ ਾਹ ਪਿਆਰੇ, ਫੈਲੇ ਦੀਨ ਨ ਹੁਤੇ ਤੁਮਾਰੇ।**

**ਦੇਸ ਵੱਡਾ ਕਮੀਰ ਸੁਹਾਵਾ, ਸਭ ਕਾਂਰ ਜਿਸ ਮਾਂਹਿ ਬਸਾਵਾ।**



**ਬ੍ਰਹਮਨ ਲੋਗ ਬਸਤ ਹੈ ਸਾਰੇ, ਜਿਹ ਹਿੰਦੂ ਮਾਨਤ ਅਵਤਾਰੇ।**

**ਜੇਕਰ ਇਹ ਮੋਮਨ ਬਨ ਜਾਵੇ। ਰਾ ਪੈਕੰਬਰ ਕੀ ਮਹਿੰ ਆਵੇਂ।**

**ਤੌ ਸਭ ਹਿੰਦੂ ਸੰਕ ਨ ਕਰਹੈਂ। ਦੀਨ ਹਮਾਰੇ ਮੇਂ ਆ ਬਰਹੈਂ।**

**ਤਾਂਤੇ ਪਹਲੇ ਇਨ ਕੋ ਕਰੀਏ। ਪਾਛੇ ਨਿਗਾ ਹੋਰ ਪਰ ਧਰੀਏ।**

**ਬਾਦਾਹ ਾਲਮ ਅਤਿ ਅਧਾ, ਰਾ ਜੇਵਰੀ ਕਾ ਥੋ ਬੰਧਾ।**

**ਕਹੀ ਕਰੋ ਜਿਉਂ ਮਨ ਮਹਿ ਆਵੈ, ਰੌਨਕ ਦੀਨ ਨਬੀ ਜਿਉਂ ਪਾਵੈ।**

**ਦੋਹਿਰਾ**

**ਥੋੜਾ ਜੇਹਾ ਹੁਕਮ ਲੈ ਬਹੁਤਾ ਕੀਤਾ ਕਾਮ।**

**ਜਿਉਂ ਥੋੜੀ ਸੀ ਅੱਗ ਲੈ ਫੂਕੇ ਚਾਇ ਗਰਾਮ॥**

**ਚੌਪਈ**

**ਆ ਕਮੀਰ ਦੇਸ ਮਹਿ ਸਾਰੇ, ਪਕੜੇ ਬ੍ਰਹਮਨ ਚਾਇ ਵਿਚਾਰੇ।**

**ਲੁੱਟ ਮਾਲ ਘਰ ਕਾ ਸਭ ਲੀਨਾ, ਸਤਰ ਭੰਗ ਨਾਰਨ ਕੋ ਕੀਨਾ।**

**ਕਿਤਕ ਮਰੇ ਇਸ ਦੁਖ ਦੇ ਮਾਰੇ, ਕਿਤਨੇ ਗਿਰੇ ਦੀਨ ਕੇ ਗਾਰੇ।**

**ਹੋਇ ਮੁਸਲਮਾਂ ਦੀਨ ਕਬੂਲਾ, ਹਿੰਦ ਧਰਮ ਸਿਰ ਭਾਰੀ ਧੂਲਾ।**

**ਰਾਮਨਾਥ ਦੀਨੇ ਾਂ ਭਇਆ, ਪੂਰਨ ਚੰਦ ਰਸੂਲ ਸਦਇਆ।**

**ਕੇਤਕ ਸੁੰਦਰ ਬ੍ਰਹਮਣ ਬੇਟੀ, ਸੁੰਦਰ ਜੋਬਨ ਰੂਪ ਲਪੇਟੀ।**

**ਮਾਲਾ ਦੇਵੀ ਤਜ ਕਰ ਨਾਮਾ, ਬਨੀ ਕਰੀਮਾਂ ਸੋ ਅਭਿਰਾਮਾ।**

**ਢਹੇ ਵਾਲੇ ਠਾਕੁਰ ਦੁਆਰੇ, ਬਨੇ ਮਸੀਤਨ ਤਹਾਂ ਮੁਨਾਰੇ।**

**ਬ੍ਰਹਮਣੂ ਦਰ ਕਟਹਨ ਐਸੇ, ਗਾਜਰ ਮੂਲੀ ਕਾਟਤ ਜੈਸੇ।**

**ਹਾਹਾਕਾਰ ਦੇ ਮਹਿ ਭਇਯੋ; ਧਨ ਅਰ ਧਰਮ ਸਭਨ ਕੋ ਗਯੋ।**

**ਪਰਾਧੀਨ ਪਰਜਾ ਸਭ ਹੋਈ, ਨਹੀਂ ਸਹਾਰਾ ਜਿਨਕਾ ਕੋਈ।**

**ਦੋਹਿਰਾ**

**ਕਿਤਕ ਲੋਕ ਮਨ ਸੋਕ ਧਰ ਤਜੇ ਸਗਲ ਘਰ ਬਾਰ।**

**ਆਏ ਦੇਸ ਪਜਾਬ ਕੋ ਹਾ ਹਾ ਕਰਤ ਪੁਕਾਰ॥**

**ਚੌਪਈ**

**ਕਹੇ ਸਰਨ ਅਬ ਕਾ ਕੀ ਜੈਹੈਂ, ਜਹਾਂ ਜਾਇਕਰ ਦਿਵਸ ਬਤੈਹੈਂ।**

**ਤਬ ਤਿਨ ਕੋ ਅਤਿ ਪਿਖ ਦੁਖਾਰੇ, ਅਕਾਲ ਪੁਰਖ ਯਹ ਦਈ ਵਿਚਾਰੇ।**

ਗੁਰੂ ਨਾਨਕ ਕੀ ਗੱਦੀ ਜੋ ਹੈ, ਸੋ ਰੱਛਕ ਹਮਰੀ ਜਗ ਹੋਹੈ।
ਤਾਂ ਤੇ ਚਲੋ ਤਹਾਂ ਪਰ ਸਾਰੇ, ਜਹਾਂ ਅਹੈ ਗੁਰ ਜੀ ਅਵਤਾਰੇ।
ਪੂਛਤ ਪੂਛਤ ਤਬ ਬਹੁ ਲੋਗਾ, ਧਰੇ ਅਧਕ ਮਨ ਅਦਰ ਸੋਗਾ।
ਪੁਰੀ ਅਨੰਦ ਵਿਖੇ ਤਬ ਆਏ, ਊਚੇ ਰੋਇ ਰੋਇ ਘਿਘਆਏ।

ਦੋਹਿਰਾ

ਸੁਨੀ ਪੁਕਾਰ ਦੁਖਾਰ ਕੀ ਨੌਂਵੇਂ ਗੁਰ ਜਬ ਕਾਨ।
ਤਬ ਸਿੱਖਨ ਕੋ ਬੋਲਕੇ ਐਸੇ ਕੀਨ ਬਖਾਨ॥

ਚੌਪਈ

ਅਹੋ ਕੌਨ ਯਹ ਰੁਦਨ ਕਰੰਤੇ, ਕੌਨ ਵਸਤ ਤੇ ਅਹੇ ਡਰੰਤੇ।
ਜਿਸ ਪਰ ਸਿੱਖਨ ਐਸ ਪੁਕਾਰੀ, ਯਹ ਕਮੀਰ ਪਰਜਾ ਦੁਖਿਆਰੀ।
ਸਰਨ ਆਪਕੀ ਹੈ ਚਲ ਆਈ, ਓਟ ਗੁਰੂ ਕੀ ਜਿਨਹੁ ਤਕਾਈ।
ਜਿਸ ਪਰ ਸੁਨ ਗੁਰ ਬਾਹਰ ਆਏ। ਬੈਠੇ ਜਾਇ ਦੀਵਾਨ ਲਗਾਏ।
ਸਭੀ ਪਾਸ ਬ੍ਰਹਮਣ ਬੁਲਵਾਕੇ, ਪੂਛੀ ਬ੍ਰਿਥਾ ਪਾਸ ਬਿਠਲਾਕੇ।
ਜਿਉ ਜਿਉ ਕਰਤ ਬਿੱਪ ਦੁਖ ਬੈਨਾ, ਤਿਉ ਤਿਉ ਜਾਤ ਪ੍ਰਭੂ ਜਲ ਨੈਨਾ।
ਕਹਤ ਅਹੋ ਚਵਗੱਤਾ ਪਾਪੀ, ਦੇਕਰ ਦੁਖ ਪਰਜਾ ਜਨ ਖਾਪੀ।
ਐਸੇ ਰੁਦਨ ਕਰਤ ਬਿਕਰਾਲਾ, ਦਸਮ ਗੁਰੂ ਆਏ ਤਿਸ ਕਾਲਾ।
ਦੇਖ ਤਾਤ ਕੀ ਤਬ ਗਤਿ ਐਸੀ, ਕਹੀ ਪੂਤ ਕੋ ਚਹੀਅਤ ਜੈਸੀ।
ਹੇ ਪ੍ਰਭਜੂ ਯਹ ਕਿਆ ਹੈ ਕਾਰਨ। ਜਾਂ ਤੇ ਦੁਖ ਪਾਇਓ ਹੈ ਦਾਰਨ।
ਅਰ ਨੈਨਨ ਤੇ ਜਲ ਕੋ ਡਾਰੋ, ਕੀਜੇ ਬੇਗ ਸਮੋਧ ਹਮਾਰੋ।
ਜਿਸ ਪਰ ਕਹੀ ਗੁਰੂ ਸੁਨ ਬੇਟਾ, ਕਾ ਸੁਨਹੈ ਤੁਮ ਯੇਹ ਅਲਸੇਟਾ।
ਜਾਓ ਖੇਲ ਕੂਦ ਮਹਿ ਪਾਗੋ, ਇਨ ਬਾਤਨ ਸੇ ਤੁਮ ਕਾ ਲਾਗੋ ?
ਜਿਸ ਪਰ ਕਹੀ ਪੂਤ ਫਿਰ ਤਾਤਾ, ਮੈਂ ਪੂਛੇ ਬਿਨ ਕਬੀ ਨਾ ਜਾਤਾ।
ਦੇਖ ਬਾਲ ਹਠ ਤਬ ਪਿਤ ਭਾਰੀ, ਕਹੀ ਮੁਸੀਬਤ ਤਿਨ ਕੀ ਸਾਰੀ।
ਜਿਸ ਪਰ ਕਹੀ ਪੂਤ ਫਿਰ ਐਸੇ, ਯਹ ਦੁਖ ਇਨਕੇ ਟਰਹੈਂ ਕੈਸੇ ?
ਸੁਨਤ ਤਾਤ ਤਬ ਐਸ ਅਲਾਈ, ਧਰਮਾਤਮ ਜਬ ਸੀਸ ਚਢਾਈ।
ਤਬੀਂ ਦ ਇਨਕੋ ਮਿਟ ਜੈਹੈ। ਜਬਹੀ ਸੀਸ ਆਪਨੋ ਦੈਹੈ।
ਤਬ ਹਸਕਰ ਸੁਤ ਕਹੀ ਪੁਕਾਰੇ, ਕੋ ਧਰਮਾਤਮ ਸਮਸਰ ਥਾਰੇ?



ਕੌਨ ਕਾਜ ਯਹ ਸੀਸ ਤੁਮਾਰਾ, ਜੋ ਇਨ ਕੋ ਨਹਿ ਮਿਲੇ ਸਹਾਰਾ।
ਤਾਂਤੇ ਇਨਕਾ ਕਾਰਜ ਕੀਜੇ, ਪਾਵਨ ਸੀਸ ਆਪਨਾ ਦੀਜੇ।”
ਸੁਨਤ ਪੂਤ ਕੀ ਐਸੀ ਬਾਨੀ, ਸ੍ਰੀ ਮੁਖ ਤੇ ਕੁਛ ਨਾਂਹਿ ਬਖਾਨੀ।
ਧਰਮਨ ਮਹਿ ਯਹ ਜਾਨ ਸੁਲੀਨਾ, ਅਕਾਲ ਪੁਰਖ ਪ੍ਰਗਟ ਯਹ ਕੀਨਾ।
ਯਹ ਸਭ ਭਾਰ ਦੂਰ ਧਰ ਕਰ ਹੈ ਅਪਨੀ ਭੁਜਬਲ ਜਬਕੇ ਧਰ ਹੈ।
ਯਹ ਕਹਿ ਬਾਤ ਪਿਤਾ ਕੋ ਗਏ, ਪਾਛੇ ਗੁਰ ਜੀ ਬੌਲਤ ਭਏ।
ਅਹੋ ਬਿੱਪ ਮੈਂ ਹੇਤ ਤੁਮਾਰੇ, ਕਰੋਂ ਕਾਜ ਸਿਰ ਦੇਕਰ ਸਾਰੇ।
ਪਰ ਤੁਮ ਗੁਰ ਨਾਨਕ ਕੇ ਦਾਸਾ, ਬਹੇ ਰਹੋ ਜਬਲੌਂ ਘਟ ਸਾਸਾ।
ਸੁਨਕਰ ਧੰਨ ਧੰਨ ਸਭ ਗਾਈ, ਅਰ ਅਪਨੇ ਮੁਖ ਸਪਤ ਕਰਾਈ।
ਹਮਰੀ ਸਕਲ ਬੰਸ ਗੁਰ ਕੇਰੀ, ਬਨੀ ਰਹੇਗੀ ਜਗ ਮਹਿ ਚੇਰੀ।
ਜਿਸ ਪਰ ਬ੍ਰਾਹਮਣ ਧਾਮ ਸਧਾਏ, ਉਤਗੁਰ ਜੂ ਤਜ ਗ੍ਰਹ ਪਧਰਾਏ।
ਗਏ ਆਗਰੇ ਮਹਿ ਜਬ ਦੇਵਾ, ਲੋ ਪਾਇ ਤੁਰਕਨ ਨੇ ਭੇਵਾ।
ਪਕੜ ਗਏ ਸੰਗਲ ਗਲ ਪਾਏ, ਕਰ ਪਦ ਲੋਹੇ ਸੰਗ ਬਧਾਏ।
ਵਾਂਗ ਚੋਰ ਕੇ ਬਾਂਧੇ ਦੇਵਾ, ਅਨਕ ਭਾਂਤ ਦੁਖ ਜਿਨਕੋ ਦੇਵਾ।
ਕਰਕੇ ਗਾਡੇ ਪਰ ਅਸਵਾਰੇ, ਦਿੱਲੀ ਕੋ ਲੈ ਚਲੇ ਨਿਕਾਰੇ।
ਭੂਖ ਪਿਆਸ ਮਹਾਂ ਦੂਖ ਦੇਤੀ, ਮਾਨਹੁ ਪ੍ਰਾਨ ਕਾਢ ਅਬ ਲੇਤੀ।
ਦਿੱਲੀ ਜਾਇ ਕਿਲੇ ਮਹਿ ਰਾਖੇ, ਬਾਦਾਹਿ ਕੋ ਜਾਕਰ ਭਾਖੇ।
ਪਕਰ ਲਯੋ ਗੁਰ ਤੇ ਬਹਾਦਰ, ਜਿਸ ਕੋ ਕਹਤ ਹਿੰਦ ਕੀ ਚਾਦਰ।
ਸੁਨਤ ਓਰੰਗਾ ਗੁਰ ਢਿਗ ਆਕੇ, ਬੋਲਾ ਗੁਰ ਕੋ ਲੋਭ ਦਿਖਾਕੇ।
ਜਿਤਕ ਦੇਸ ਅਰ ਮਾਲ ਹਮਾਰਾ, ਲੇਨਾ ਚਾਹੁ ਤ ਲੇਹੁ ਪੁਕਾਰਾ।
ਪਰ ਤੁਮ ਦੀਨ ਕਬੂਲੋ ਦੇਵਾ। ਹਮ ਸਬ ਕਰ ਹੈਂ ਤੁਮਰੀ ਸੇਵਾ।
ਜਿਸ ਪਰ ਕਹੀ ਗੁਰੂ ਸੁਨ ਪਾਪੀ, ਯਹ ਕਾ ਤੁਮ ਨੇ ਗਿਰਾ ਅਲਾਪੀ।
ਧਰਮ ਹੇਤ ਮੈਂ ਤਨ ਮਨ ਵਾਰੋਂ, ਪ੍ਰਾਨ ਆਪਨੇ ਤੁਰਤ ਨਿਕਾਰੋਂ।
ਕਹਾਂ ਰਾਜ ਯਹ ਮਾਲ ਤੁਮਾਰਾ, ਅਤ ਕਾਲ ਮੈਂ ਕਰੇ ਸਹਾਰਾ ?
ਕਹੀ ਕੋਟ ਚਵਗੱਤੇ ਬਾਨੀ, ਪਰ ਸਤਿਗੁਰ ਨੇ ਏਕ ਨ ਮਾਨੀ।
ਜਿਸ ਪਰ ਕੋਪ ਹੋਇੰ ਰਮਾਇਆ; ਚਹੀਏ ਇਨਕੋ ਅਧਕ ਦੁਖਾਯਾ।
ਲਗੇ ਜਲਾਦ ਦੇਨ ਦੁਖ ਐਸੇ, ਕੋਟ ਅਠੂਹੇਂ ਕਾਟੇਂ ਜੈਸੇ।

ਪਾਲਾ ਨੀਰ ਏਕ ਹੀ ਦੇਤੇ, ਨਿਮਕ ਸਾਥ ਰੋਟੀ ਕਰ ਲੇਤੇ।
ਮੁਖ ਤੇ ਬਹੁ ਬਚ ਕਹਤ ਅਵਾਚੇ, ਸੁਨਤ ਕਾਨ ਮਹਿ ਸਤਿਗੁਰ ਸਾਚੇ।
ਪਰ ਉੱਤਰ ਨਹ ਦੇਤ ਅਗਾਰੀ, ਭਾਣਾ ਜਨ ਸੁ ਲੇਤ ਸਹਾਰੀ।
ਭਏ ਸਿੱਖ ਸਭ ਅਤਿ ਦੁਖਿਆਰੇ, ਕਹਤ ਗੁਰੂ ਕੋ ਰੋਇ ਪੁਕਾਰੇ।
ਹੇ ਸਤਿ ਗੁਰ ਦੁਖ ਨਾਹਿ ਸਹਾਰੋ, ਹਿੰਦਨ ਸੇ ਕਰ ਲੇਹੁ ਕਨਾਰੋ।
ਕਾ ਹਿੰਦੂ ਤੁਮ ਕਾਮ ਸਵਾਰੇ, ਜਬ ਤਰਸਾਇ ਤੁਰਕ ਤੁਝ ਮਾਰੇ।
ਜਿਸ ਪਰ ਕਹੀ ਗੁਰੂ ਜੀ ਬਾਣੀ, ਸੁਨਹੋ ਸਿੱਖ ਧਰ ਕਰ ਨਿਜ ਕਾਨੀ।
ਚਿਤ ਚਰਨ ਕਵਲ ਕਾ ਆਸਰਾ ਚਿਤ ਚਰਣ ਕਵਲ ਸੰਗ ਜੋੜੀਏ।
ਮਨ ਲੋਚੇ ਬੁਰਿਆਈਆਂ ਗੁਰ ਸਬਦੀ ਇਹ ਮਨ ਹੋੜੀਏ।
ਬਾਂਹ ਜਿਨਾਂ ਦੀ ਪਕੜੀਏ ਸਿਰ ਦੀਜੇ ਬਾਂਹ ਨ ਛੋੜੀਏ।
ਗੁਰੂ ਤੇ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ।"

ਦੋਹਿਰਾ

ਜਦ ਸਿੱਖਨ ਐਸਾ ਸੁਨਾ ਮਾਨੀ ਗੁਰੂ ਨ ਬਾਤ
ਤਬ ਮਨ ਮਹਿ ਦੁਖ ਪਾਇਕੇ ਪਾਸ ਗੁਰੂ ਕੇ ਜਾਤ॥

॥ ਚੌਪਈ॥

ਲਗੇ ਕਹਨ ਗੁਰ ਹਮ ਦੁਖ ਪਾਏ, ਅਬ ਹਮ ਸੇ ਯਹ ਸਹਾ ਨ ਜਾਏ।
ਤਾਂਤੇ ਆਗਿਆ ਦੀਜੇ ਨਾਥਾ; ਤਜੇਂ ਆਜ ਹਮ ਤੁਮਰੋ ਸਾਥਾ।
ਜਿਸ ਪਰ ਕਹੀ ਗੁਰੂ ਜੋ ਚਾਹੇ, ਸੋਈ ਜਾਇ ਨ ਕੋ ਅਟਕਾਹੇ।
ਸੁਨਤ ਗਏ ਸਭ ਸਕੇ ਸਨੇਹੀ, ਦੁਖ ਦੇਖ ਧੀਰਜ ਨਹਿ ਰੇਹੀ।
ਜਿਸ ਪਰ ਗੁਰ ਜੀ ਬੈਨ ਉਚਾਰੇ, ਬੀਚ ਵਿਰਾਗ ਦੀਨ ਹਿਤਕਾਰੇ।
ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ ਪੁਨਾ :

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥"
ਇਸ ਪ੍ਰਕਾਰ ਦੁਖਤ ਜਬ ਭਏ, ਸੀਸ ਤਬੀ ਦਿੱਲੀ ਮਹਿ ਦਏ।
ਭਾਰ ਉਤਾਰ ਧਰਾ ਕੋ ਸਾਰਾ, ਆਪ ਕਰਾ ਹਰਿ ਪੁਰ ਕੋ ਤਾਰਾ।
ਹਾਹਾਕਾਰ ਜਗਤ ਮੈਂ ਭਇਯੋ, ਜੈ ਜੈ ਕਾਰ ਸੁਰਗ ਧੁਨਿ ਗਇਯੋ।



ਦਏ ਪ੍ਰਾਨ ਪਰ ਹਤੇ ਗੁਸਾਂਈ, ਦੁਖ ਲੈਕਰ ਸੁਖ ਦੀਨੇ ਚਾਈਂ।
ਧੰਨ ਧੰਨ ਗੁਰੂ ਤੇਗ ਬਹਾਦਰ, ਧਰਮ ਧੁਜਾ ਧਰ ਪਰਮ ਬਹਾਦਰ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਸ ਪੁਰਖਾਰਥ ਤੇ ਦੇਖਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਆਪ ਦੀ ਕੁਰਬਾਨੀ ਕਿਸੇ ਆਪਣੇ ਮਨੋਰਥ ਵਾਸਤੇ ਨਹੀਂ ਕੀਤੀ ਸੀ ਪਰੰਤੂ ਓਨ੍ਹਾਂ ਦਾ ਏਹ ਸਾਕਾ ਕਰਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨੋਰਥ ਨੂੰ ਪੂਰਾ ਕਰਨਾ ਸੀ ਅਤੇ ਜਿਸ ਕੌਮ ਦੇ ਸਾਜਨ ਲਈ ਓਨ੍ਹਾਂ ਨੇ ਬੁਨਿਆਦ ਰੱਖੀ ਸੀ, ਓਸ ਲਈ ਇੱਕ ਾਸ ਸਾਮੱਗ੍ਰੀ ਸੀ। ਇਸ ਪਰ ਦਸਮ ਗੁਰੂ ਜੀ ਨੇ ਏਹ ਗਵਾਹੀ ਸ੍ਰੀ ਮੁਖ-ਵਾਕ ਦੁਆਰਾ ਦਿੱਤੀ ਹੈ :

ਚੌਪਈ

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹਿ ਆਵਤ ਲਾਜਾ॥14॥

ਦੋਹਰਾ

ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥15॥

ਏਹਨਾਂ ਪਹਿਲੇ ਨਵਾਂ ਪਾਤਾਹੀਆਂ ਦੇ ਜੀਵਨ ਚਰਿੱਤ੍ਰ ਦੇ ਵਿਚਾਰਨ ਤੇ ਏਹੋ ਸਿੱਧ ਹੋਯਾ ਕਿ ਓਨ੍ਹਾਂ ਸਭਨਾਂ ਦਾ ਸੰਕਲਪ ਸਾਰੇ ਸੰਸਾਰ ਵਿੱਚ ਸੱਤ ਧਰਮ ਦਾ ਪਰਚਾਰ ਅਤੇ ਇਕ ਨਵੀਂ ਕੌਮ, ਜੋ ਸੱਚੇ ਅਸੂਲਾਂ ਪਰ ਚੱਲੇ ਅਤੇ ਹੋਰਨਾਂ ਨੂੰ ਚਲਾਏ, ਪੈਦਾ ਕਰਨੀ ਸੀ, ਜਿਸ ਵਿੱਚ ਹਿੰਦੂਆਂ ਦੀ ਤਰਹ ਜਾਤ-ਪਾਤ ਆਦਿਕ ਦਾ ਕੋਈ ਬੰਧਨ ਨਾ ਹੋਵੇ ਅਤੇ ਮੁਸਲਮਾਨਾਂ ਦੀ ਤਰਹ ਪਜ ਨਮਾਜਾਂ ਅਰ ਰੋ ਬਾਂਗ ਪਰ ਨਿਰਭਰ ਕਰਨ ਵਾਲੀ ਨਾ ਹੋਵੇ ਕਿੰਤੂ ਕੇਵਲ ਅਕਾਲ ਪੁਰਖ ਵੱਲੋਂ ਹੀ ਸੁਲਹਕੁਲ ਅਸੂਲਾਂ ਵਾਲੀ ਹੋਵੇ।

# ਦਸਮ ਗੁਰੂ ਅਤੇ ਾਲਸਾ ਪਥ

ਚੌਪਈ

ਗੋਬਿੰਦ ਸਿੰਘ ਦਸਮੇਂ ਪਤਿਸਾਹੂ, ਜੁਦਾ ਬਨਾਯਾ ਜਿਨ ਨੇ ਰਾਹੂ।

**ਨਾਮ ਾਲਸਾ ਤਿਸਕੋ ਰਾਖਾ, ਜੁਦੀ ਰਸਮ ਪੁਨ ਕੀਨੀ ਭਾਖਾ।**
**ਲਾਖਨ ਮੇਂ ਛਿਪਿਆ ਨਾ ਰਹੇ, ਦੇਖਤ ਸਿੰਘ ਸਭੀ ਤਿਸ ਕਹੇ।**
**ਤਿਸ ਪਰ ਸੁਨੋ ਪਿਆਰੇ ਗਾਥਾ, ਗੁਰ ਕੀ ਅਤੀ ਪ੍ਰੇਮ ਕੇ ਸਾਥਾ।**

**ਵਾਰਤਕ**

ਕੌਮ ਯਾ ਪਥ ਦੇ ਰਚਨੇ ਵਾਲਿਆਂ ਨੇ ਜਿਨ੍ਹਾਂ ਜਿਨ੍ਹਾਂ ਰਸਮਾਂ ਯਾ ਰ੍ਹਾਂ ਨੂੰ ਕੌਮ ਦੇ ਵਿੱਚ ਪ੍ਰਚਲਤ ਕੀਤਾ ਓਨ੍ਹਾਂ ਦਾ ਤਾਤਪਰਜ ਏਹੋ ਸੀ ਕਿ ਕੌਮ ਦੇ ਲੋਕਾਂ ਦਾ ਆਪਸ ਵਿੱਚ ਇਤੰਾਕ ਹੋਵੇ ਅਤੇ ਦੁਖ ਸੁਖ ਵਿੱਚ ਇਕ ਦੂਜੇ ਦੇ ਸਹਾਈ ਹੋਣ ਜਿਸ ਤੇ ਕੌਮ ਦੀ ਬ੍ਰਿਧੀ ਹੋਵੇ ਅਤੇ ਆਪਸ ਵਿੱਚ ਉੱਨਤੀ ਕਰਨ ਦਾ ਮਨ ਵਿੱਚ ਚਾਉ ਵਧੇ।

ਪਹਿਲਿਆਂ ਸਮਾਂ ਵਿੱਚ ਹਿੰਦੂਆਂ ਦੇ ਚਾਰ ਵਰਨ ਹੁੰਦੇ ਸਨ ਜਿਨ੍ਹਾਂ ਨੂੰ ਦ੍ਰ, ਵੈ, ਛੱਤ੍ਰੀ ਅਤੇ ਬ੍ਰਹਮਣ ਕਰਕੇ ਆਖਦੇ ਸਨ। ਇਨ੍ਹਾਂ ਵਿਚ ਅਜੇਹੀ ਮ੍ਰਿਯਾਦਾ ਸੀ ਜੋ ਏਹ ਆਪਸ ਵਿੱਚ ਰਲਦੇ ਨਹੀਂ ਸਨ। ਜੈਸਾ ਪਰਾਈ ਸੇਵਾ ਕਰਕੇ ਰੁਗਾਰ ਕਰਨ ਵਾਲੀ ਕੌਮੂ ਦ੍ਰ ਕਹਾਉਂਦੀ ਸੀ, ਖੇਤੀ ਵਨਜ ਕਰਨ ਵਾਲੀ ਵੈ, ਯੁੱਧ ਜੰਗ ਕਰਨੇ ਅਤੇ ਪਰਜਾ ਪਾਲਣ ਵਾਲੀ ਛੱਤ੍ਰੀ ਅਤੇ ਵੇਦ ਾਸਤ੍ਰਾਂ ਨੂੰ ਪੜ੍ਹਕੇ ਕਰਮ ਧਰਮ ਦਾ ਰਸਤਾ ਦੱਸਣ ਵਾਲੀ ਕੌਮ ਬ੍ਰਾਹਮਣ ਹੁੰਦੀ ਸੀ। ਇਸ ਤੇ ਹਿੰਦੂ ਕੌਮ ਨੂੰ ਏਹ ਲਾਭ ਸੀ ਕਿ ਇਸ ਤੇ ਸਭ ਕੌਮਾਂ ਯਾ ਵਰਨ ਆਪਣੇ ਕਰਮ ਧਰਮ ਵਿੱਚ ਪੱਕੇ ਰਹਿੰਦੇ ਸੀ। ਨਾਲ ਉੱਨਤੀ ਦਾ ਕਾਰਨ ਏਹ ਭੀ ਸੀ ਕਿ ਜੋ ਬ੍ਰਹਮਣ ਹੋ ਕੇ ਛੱਤ੍ਰੀ ਦਾ ਕਰਮ ਕਰੇ ਸੋ ਛੱਤ੍ਰੀ ਕਹਾਉਂਦਾ ਸੀ, ਵੈ ਦਾ ਕਰੇ ਵੈ, ੂ ਦ੍ਰ ਦਾ ਕਰੇ ੂ ਦ੍ਰ ਆਖਿਆ ਜਾਂਦਾ ਸੀ; ਅਤੇ ਜੋ ੂ ਦ੍ਰ ਬ੍ਰਾਹਮਣ ਦਾ ਕਰਮ ਕਰਦਾ ਸੀ ਓਹ ਬ੍ਰਹਮਣ ਹੋ ਜਾਂਦਾ ਸੀ। ਇਸੀ ਵਾਸਤੇ ਕ੍ਰਿਨ ਜੀ ਨੇ ਗੀਤਾ ਵਿੱਚ ਕਰਮ ਨੂੰ ਵਰਨ ਆਖਿਆ ਹੈ। ਜੈਸਾ ਵੇਦ ਬਾਸ ਜੀ ਮਛੋਦ੍ਰੀ ਮਲਾਹਨੀ ਦੇ ਪੇਟੋਂ ਹੋ ਕੇ ਪਡਿਤ ਬ੍ਰਾਹਮਣ ਕਹਾਏ, ਵਟਿ ਜੀ ਬੇਸਵਾ ਦੇ ਉਦਰੋਂ ਹੋ ਕੇ ਬ੍ਰਾਹਮਣ ਕਹਾਏ, ਅਤੇ ਵ੍ਿ ਮਿਤ੍ਰ ਜੀ ਬ੍ਰਾਹਮਣ ਹੋ ਕੇ ਸਤ੍ਰ ਰੱਖਣੇ ਤੋਂ ਛੱਤ੍ਰੀ ਰਾਜ ਰਿਖੀ ਕਹਾਏ। ਅਜੇਹੇ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਹਿੰਦੂ ਕੌਮ ਦੇ ਤਰੀਕੇ ਪਹਿਲੇ ਅਤੀ ਉੱਤਮ ਸੇ। ਬਿਵਹਾਰ ਦੀ ਮਰਯਾਦਾ ਇਸ ਤਰ੍ਹਾਂ ਸੀ, ਜੋ ਅੱਜ ਕੱਲ ਭੀ ਪ੍ਰਚਲਤ ਹੈ, ਕਿ ਆਪਣੇ ਗੋਤਰ ਦੀ ਕੰਨਯਾਂ ਨਾਲ ਵਿਵਾਹ ਦਾ ਨਾ ਕਰਨਾ, ਦੂਸਰੇ ਗੋਤਰ ਦੀ ਲੜਕੀ ਨਾਲ ਕਰਨਾ। ਏਹ ਅਸੂਲ ਇੱਕ ਵੱਡਾ ਉੱਤਮ ਅਤੇ ਪ੍ਰੀਤੀ ਦਾ ਪੁਜ ਸੀ, ਕਿਉਂਕਿ ਇੱਕ ਗੋਤਰ ਅਤੇ ਲੋਗ ਤਾਂ ਆਪਸ



ਵਿੱਚ ਅੱਗੇ ਹੀ ਮਿਲੇ ਹੋਏ ਤੇ ਦੁਖ-ਸੁਖ ਦੇ ਸਾਂਝੀ ਹਨ ਤਾਂ ਤੇ ਦੂਜੇ ਗੋਤਰ ਨਾਲ ਸੰਬੰਧ ਕਰਨ ਤੇ ਉਸ ਗੋਤਰ ਦੇ ਨਾਲ, ਜਿਸ ਦੇ ਹਾਰਾਂ ਪੁਰਖ ਹਨ, ਵੱਡਾ ਭਾਰਾ ਸੰਬੰਧ ਹੋ ਜਾਏਗਾ; ਪਰ ਸਮਯ ਪਰ ਸਹਾਈ ਮਾਨੋਂ ਭੁਜਾਂ ਦੀ ਤਰ੍ਹਾਂ ਰੱਖਕ ਹੋਣਗੇ। ਉਸ ਇੱਕ ਕੰਨਾਂ ਯਾ ਬਾਲਕ ਦੇ ਸੰਬੰਧ ਨਾਲ ਪਰਮਪਰਾ ਗੋਤਰ ਦੇ ਕਈ ਆਦਮੀਆਂ ਯਾ ਾਨਦਾਨਾਂ ਨਾਲ ਸੰਬੰਧ ਹੋ ਸਕਦਾ ਹੈ ਅਤੇ ਪਰਾਇਆ ਨੂੰ ਆਪਣੇ ਸਮਝਿਆ ਜਾਂਦਾ ਹੈ।

ਉਧਰ ਮੁਸਲਮਾਨਾਂ ਨੇ ਜਦ ਦੇਖਿਆ ਕਿ ਏਹ ਉੱਨਤੀ ਦੀ ਰਸਮ ਤਾਂ ਹਿੰਦੂਆਂ ਨੇ ਸਾਂਭੀ ਹੋਈ ਹੈ, ਹੁਣ ਅਸੀਂ ਕੀ ਕਰੀਏ, ਤਾਂ ਏਹਨਾਂ ਨੇ ਏਹ ਕੀਤਾ ਜੋ ਭਾਈ ਭਾਈ ਦਾ ਯਾ ਭੈਣ ਭਾਈ ਆਦਿਕ ਦਾ ਸੰਬੰਧ ਆਪਸ ਵਿਚ ਕਰਨ ਲੱਗ ਪਏ; ਇੱਕ ਦੁੱਧ ਤੇ ਛੁੱਟ ਹੋਰ ਕੋਈ ਕੰਨਾਂ ਹੋਵੇ ਓਸ ਨੂੰ ਨਕਾਹ ਦੇ ਵਿਚ ਲਿਆਉਣ ਦੀ ਰ੍ਹਾਂ ਕਰ ਦਿੱਤੀ। ਭਾਵੇਂ ਹਿੰਦੂ, ਯਹੂਦੀ, ਚੂਹੜਾ, ਚਮਾਰ ਕੋਈ ਾਤ ਦਾ ਪੁਰ ਯਾ ਇਸਤ੍ਰੀ ਕਿਉਂ ਨਾ ਹੋਵੇ ਉਸ ਨੂੰ ਨਬੀ ਦਾ ਕਲਮਾਂ ਪੜ੍ਹਾਕੇ ਝੱਟ ਮੁਸਲਮਾਨ ਦੀਨੀ ਭਾਈ ਬਨਾਉਣ ਲੱਗੇ; ਉਸ ਨਾਲ ਾਦੀ ਮੀ ਖਾਨ ਪਾਨ ਸਭ ਬਿਵਹਾਰ ਕਰਨ ਲੱਗੇ ਅਤੇ ਤਲਵਾਰ ਦੌ ਰ ਅਤੇ ਕੁਰਾਨ ਦੇ ਉਪਦੇਾਂ ਨਾਲ ਅਰ ਇਸਤ੍ਰੀਆਂ ਦੇ ਲਾਲਚਾਂ ਨਾਲ ਹਾਰਾਂ ਨਹੀਂ ਬਲਕਿ ਲੱਖਾਂ ਆਦਮੀਆਂ ਨੂੰ ਅਪਨੇ ਮਹਬ ਵਿਚ ਲਿਆਂਦਾ, ਜਿਨ੍ਹਾਂ ਨੇ ਮੁਸਲਮਾਨ ਹੋ ਕੇ ਆਪਣੇ ਪਿਛਲੇ ਧਰਮ ਨੂੰ ਬੁਰਾ ਭਲਾ ਆਖਿਆ ਅਤੇ ਉਸ ਦੇ ਲੋਕਾਂ ਨੂੰ ਕਾਂਰ ਨਾਮ ਕਰਕੇ ਸੱਦਿਆ।

ਮੁਸਲਮਾਨਾਂ ਦੀ ਇਸ ਕੋਿ ਦਾ ਨਤੀਜਾ ਇਹ ਹੋਇਆ ਕਿ ਤੇਰਾਂ ਸੌ ਸਾਲ ਵਿੱਚ ਸਾਰੀ ਦੁਨੀਆਂ ਦੇ ਵਿੱਚੋਂ ਏਹਨਾਂ ਨੇ ਵੱਖਰਾ ਹਿੱਸਾ ਵੰਡ ਲੀਤਾ। ਹੁਨ ਰੂਮ, ਂਰਾਂਸ, ਕਾਬਲ ਆਦਿਕ ਦੇਾਂ ਵਿੱਚ ਏਹਨਾਂ ਦੀ ਕੌਮ ਬੱਦਲ ਦੀ ਤਰ੍ਹਾਂ ਛਾਈ ਹੋਈ ਹੈ ਅਤੇ ਹਿੰਦੁਸਤਾਨ ਵਿੱਚ ਭੀ ਸਮੁਦਰ ਦੀ ਤਰ੍ਹਾਂ ਠਾਠਾਂ ਮਾਰ ਰਹੀ ਹੈ, ਪਜਾਬ ਵਿੱਚ ਹਿੰਦੂਆਂ ਨਾਲੋਂ ਵਧਕੇ ਗਿਣਤੀ ਵਿੱਚ ਹੈ। ਰੂਸ, ਕਾਬਲ, ਂਰਾਂਸ, ਹੈਦਰਾਬਾਦ ਦੱਖਣ, ਬਹਾਵਲਪੁਰ ਆਦਿ ਏਹਨਾਂ ਦੇ ਵੱਡੇ-ਵੱਡੇ ਮੁਲਕ ਹਨ।

ਈਸਾਈ ਕੌਮ ਨੇ ਭੀ ਏਹੋ ਵਰਤਾਰਾ ਇਤਾਰ ਕੀਤਾ ਹੋਇਆ ਹੈ ਕਿ ਹਿੰਦੂ, ਮੁਸਲਮਾਨ, ਚੂੜ੍ਹਾ, ਚਮਿਆਰ, ਯਹੂਦੀ, ਪਾਰਸੀ ਭਾਵੇਂ ਕੋਈ ਕਿਉਂ ਨਾ ਹੋਵੇ ਜਦ ਬਪਤਿਸਮਾਂ ਲਿਆ ਤਦੋਂ ਹੀ ਓਹ ਆਪਣੀ ਪਿਛਲੀ ਜਾਤ-ਪਾਤ ਨੂੰ ਛੱਡ ਕੇ ਈਸਾਈ ਨਾਮ ਤੇ ਪ੍ਰਸਿੱਧ ਹੋ ਗਿਆ। ਇਸ ਦਾ ਫਲ ਏਹ ਹੋਇਆ ਕਿ ਅੱਜ ਤਕ

ਏਹ ਕੌਮ ਸਾਰੀ ਦੁਨੀਆਂ ਪਰ ਛਾ ਗਈ ਹੈ ਅਤੇ ਦਿਨ-ਰਾਤ ਕੌੜੀ ਵੇਲ ਵਾਂਗੂੰ ਵਧਦੀ ਜਾਂਦੀ ਹੈ। ਇਸ ਤੋਂ ਕਈਆਂ ਨੂੰ ਏਹ ਆਾ ਪੈਂਦੀ ਹੈ ਕਿ ਕਿਸੇ ਦਿਨ ਨੂੰ ਸਾਰੀਆਂ ਕੌਮਾਂ ਇਸ ਵਿਚ ਇਉਂ ਮਿਲ ਜਾਣਗੀਆਂ ਜਿਸ ਤਰ੍ਹਾਂ ਸਮੁਦ੍ਰ ਵਿਚ ਪਹਾੜਾਂ ਤੋਂ ਜਾ ਕੇ ਨਦੀਆਂ ਮਿਲ ਜਾਂਦੀਆਂ ਹਨ।

ਇਸੀ ਪ੍ਰਕਾਰ ਦਸਵੇਂ ਪਾਤਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੇ ਖਿਆ ਕਿ ਪਹਿਲੇ ਨੌਂ ਗੁਰੂਆਂ ਨੇ ਤਾਂ ਆਪਣੇ ਆਪਣੇ ਕਾਰਜਾਂ ਨੂੰ ਸਿੱਧ ਕੀਤਾ, ਾਲਸਾ ਪਥ ਇਕ ਬਿਰਛ ਦੇ ਸਮਾਨ ਲਗਾਕੇ ਦਿਖਾਇਆ ਅਤੇ ਉਪਦੇ, ਅੱਖਰ ਗ੍ਰੰਥ, ਸਹਨ, ਸੀਲਤਾਦਿਕ, ਗੁਣ ਜਿਤਨੇ ਕੌਮ ਵਿਚ ਹੋਣੇ ਦੀ ਲੋੜ ਸੀ, ਕਰ ਦਿੱਤੇ ਹਨ, ਪਰੰਤੂ ਹੁਣ ਇਸ ਨੂੰ ਫਲ ਲਗਾਉਣਾ ਸਾਡਾ ਕੰਮ ਹੈ। ਇਸ ਵਾਸਤੇ ਗੁਰੂ ਜੀ ਨੇ ਜੋ ਜੋ ਦੁੱਖ ਇਸ ਪਥ ਦੇ ਪਿੱਛੇ ਸਹਾਰੇ ਹਨ ਸੋ ਏਥੇ ਕਥਨ ਕਰਨ ਦੀ ਕੋਈ ਰੂਰਤ ਨਹੀਂ ਹੈ, ਕਿਉਂਕਿ ਓਹ ਸਭ ਸਿੰਘ ਜਾਣਦੇ ਹਨ। ਜੈਸਾ ਕਿ ਪਿਤਾ ਦਾ ਸੀਸ ਕੁਰਬਾਨੀ ਕਰਨਾ, ਘਰ ਬਾਰ ਛੱਡਣਾ, ਜੰਗ ਕਰਣੇ, ਚਾਰੇ ਸਾਹਿਬਾਦਿਆਂ ਦਾ ਹੀਦ ਹੋਣਾ ਅਤੇ ਦੇਸੋਂ ਪਰਦੇਸ ਜਾ ਕੇ ਭਾਣਾ ਵਰਤਾਉਣਾ ਆਦਿਕ ਓਹਨਾਂ ਨੇ ਮਹੂਰ ਸਾਕੇ ਹਨ, ਜੋ ਗੁਰ ਬਿਲਾਸਾਂ ਤੇ ਮਿਲ ਸਕਦੇ ਹਨ। ਕਿਉਂਕਿ ਨੌਵਾਂ ਗੁਰੂਆਂ ਦਾ ਪੁਰਖਾਰਥ ਸੰਸਾਰ ਵਿੱਚ ਇੱਕ ਵੱਖਰੀ ਕੌਮ ਦੇ ਉਤਪਤਿ ਕਰਨ ਦਾ ਸੀ ਇਸੇ ਵਾਸਤੇ ਗੁਰੂ ਜੀ ਨੇ ਇਸ ਨੂੰ ਸਾਫ ਤੌਰ ਪਰ ਪ੍ਰਗਟ ਕਰ ਦਿੱਤਾ। ਪੁਰਾਣੀਆਂ ਕਲਾਂ ਅਤੇ ਮਰਯਾਦਾ ਨੂੰ ਬਿਲਕੁਲ ਬਦਲ ਕੇ ਅਜੇਹੀ ਕਲ ਬਣਾਈ ਜੋ ਦੁਨੀਆਂ ਦੀ ਕਿਸੇ ਕੌਮ ਨਾਲ ਭੀ ਨਾ ਰਲ ਸਕੇ। ਇਹ ਕੋਈ ਛਿਪੀ ਹੋਈ ਗੱਲ ਨਹੀਂ ਹੈ ਕਿਉਂਕਿ ਜਿੱਥੇ ਇੱਕ ਸਿੰਘ ਭੀ ਹੋਵੇ ਓਹ ਲੱਖਾਂ ਵਿੱਚੋਂ ਪਛਾਣਿਆਂ ਜਾਂਦਾ ਹੈ।

ਦਸਮ ਗੁਰੂ ਜੀ ਨੇ ਬਿਨਾਂ ਤਮੀ ਜਾਤ-ਪਾਤ ਦੇ ਸਭ ਪੁਰਖਾਂ ਨੂੰ ਮਿਲ ਕੇ ਇੱਕ ਜਗਾ ਅਮ੍ਰਿਤ ਛਕਾਇਆ, ਇੱਕੋ ਜਗਾ ਪ੍ਰਾਦ ਕਰਾਯਾ, ਅਤੇ ਹਕੀਕੀ ਭਾਈ ਬਣਾ ਕੇ ਓਹਨਾਂ ਨੂੰ ਏਹ ਉਪਦੇ ਕੀਤਾ ਕਿ ਤੁਸੀਂ ਅੱਜ ਤੋਂ ਮੇਰੇ ਪੁਤ੍ਰ ਹੋਏ, ਅਰਥਾਤ ਮੈਂ ਤੁਹਾਡਾ ਪਿਤਾ ਹਾਂ ਅਰ ਸਾਹਿਬ ਕੌਰਾਂ ਤੁਹਾਡੀ ਮਾਤਾ ਹੈ ਅਤੇ ਤੁਸੀਂ ਅਜ ਤੋਂ ਾਲਸਾ ਹੋਏ।।

ਇਸ ਤੇ ਪਿੱਛੇ ਏਹ ਦੱਸਿਆ ਕਿ ਤੁਸਾਂ ਕੇਸ, ਕੰਘਾ, ਕ੍ਰਿਪਾਣ, ਕੜਾ ਅਤੇ ਕੱਛ ਏਹੋ ਪਜੇ ਕੱਕੇ ਸਦਾ ਹੀ ਧਾਰਨ ਕਰਨੇ। ਏਹਨਾਂ ਦੇ ਧਾਰਨ ਕਰਾਉਨ ਤੇ ਗੁਰੂ ਜੀ ਦਾ ਇਹ ਤਾਤਪਰਜ ਸੀ ਕਿ ਛੱਤ੍ਰੀ ਅਰਥਾਤ ਸੂਰਮਯਾਂ ਦੇ ਲਈ ਏਹਨਾਂ ਦਾ



ਧਾਰਨ ਕਰਨਾ ਓਹਨਾਂ ਦੇ ਸਰੀਰਿਕ ਧਰਮ ਦਾ ਨਿਾਨ ਹੈ। ਇਸ ਤੇ ਸਿਵਾਇ ਏ ਹਨਾਂ ਦੇ ਲਾਭ ਭੀ ਬਹੁਤ ਹਨ, ਯਥਾ :

ਪਹਿਲੇ - ਕੇਸ, ਜੋ ਅਕਾਲ ਪੁਰਖ ਨੇ ਦਿੱਤੇ ਹਨ, ਇਹ ਪੁਰਖ ਦੇ ਸੀਸ ਦਾ ਿੰਗਾਰ ਹਨ। ਏਹਨਾਂ ਤੇ ਬਿਨਾਂ ਾਲੀ ਸਿਰ ਟਿੰਡ ਦੇ ਥੱਲੇ ਸਮਾਨ ਬੁਰਾ ਪ੍ਰਤੀਤ ਹੁੰਦਾ ਹੈ। ਇਸ ਪਰ ਮੁਸਲਮਾਨਾਂ ਦੇ ਧਰਮ ਪੁਸਤਕਾਂ ਦੀ ਗਵਾਹੀ ਹੈ, ਜੋ ਕੇਸਾਂ ਨੂੰ ਚਿਹਰੇ ਦਾ ਨੂਰ ਦੱਸਦੇ ਹਨ, ਜੈਸਾ ਇੱਕ ਆਇਤ ਹੈਃ ਕਿ ਅਗਰ ਤੁਸੀਂ ਬੁਰੇ ਜਾਨਦੇ ਹੋ ਵਾਲਾਂ ਨੂੰ ਤਾਂ ਮੁਨ ਸਿੱਟੋ ਸਿਰ ਔਰਤਾਂ ਦੇ।" ਦੂਸਰਾ ਏਨ੍ਹਾਂ ਦੇ ਰੱਖਨੇ ਤੇ ਦਿਮਾ ਨੂੰ ਬਾਹਰਲੀ ਸਰਦੀ ਯਾ ਗਰਮੀ ਨਹੀਂ ਪਹੁੰਚਦੀ। ਤੀਸਰਾ ਰੋਡੇ ਸਿਰ ਤੋਂ ਪਗੜੀ ਇੱਕ ਧੱਕਾ ਦਿੱਤੇ ਲਹਿਕੇ ਅੱਠ ਹੱਥ ਪਰੇ ਜਾ ਗਿਰਦੀ ਹੈ; ਪਰ ਕੇਸਾਂ ਦੇ ਰਖਨੇ ਤੇ ਅਡੋਲ ਰਹਿੰਦੀ ਹੈ। ਚੌਥਾ ੱਤ੍ਰੂ ਸਦਾ ਹੀ ਸਿਰ ਪਰ ਵਾਰ ਕਰਦਾ ਹੈ ਅਤੇ ਾਲੀ ਸਿਰ ਤਲਵਾਰ ਆਦਿਕ ਤਰਾਂ ਦੇ ਲਗਨ ਤੇ ਰਬ੍ਹੇ ਵਾਂਗ ਟੁਕੜੇ-ਟੁਕੜੇ ਹੋ ਜਾਂਦਾ ਹੈ ਪਰ ਕੇਸਾਂ ਕਰ ਕੇ ਘਾਉ ਤੇ ਬਚਾਉ ਰਹਿੰਦਾ ਹੈ। ਪਜਵਾਂ ਇਹ ਕੇ ਸ ਅਕਾਲ ਪੁਰਖ ਨੇ ਕੁਦਰਤੀ ਨਿਾਨ ਦਿੱਤਾ ਹੈ ਜਿਸ ਤੇ ਤੁਸੀਂ ਹਾਰਾਂ ਪੁਰਖਾਂ ਵਿੱਚ ਸਾਣੇ ਜਾਵੋਗੇ। ਛੇਵਾਂ ਕੇਸ ਓਹ ਨਿਾਨ ਹਨ ਜੋ ਮਹਾਤਮਾਂ ਪੁਰਖਾਂ ਨੇ ਵੱਡੇ ਪ੍ਰੇਮ ਨਾਲ ਅਪਨੇ ਸਿਰ ਪਰ ਧਾਰਨ ਕੀਤੇ ਸਨ; ਜੈਸਾ ਰਾਮ, ਕ੍ਰਿਨ, ਬਿਸ੍ਵਾਮਿੱਤ੍ਰ, ਪਰਸਰਾਮ, ਅਸ੍ਵਸਥਾਮਾ, ਦ੍ਰੋਣਾਚਾਰਯ ਆਦਿਕ ਹੋਰ ਕਈ ਰਿਖੀਆਂ ਸੂਰਬੀਰਾਂ, ਮੁਨੀਆਂ ਦੇ ਪੁਰਾਣਾਂ ਦ੍ਵਾਰੇ ਸੁਣੇ ਜਾਂਦੇ ਹਨ ਅਰ ਇਧਰ ਮੂਸਾ, ਮਸੀਹ, ਮੁਹੰਮਦ ਸਾਹਿਬ ਆਦਿਕਾਂ ਦੇ ਸਿਰ ਪਰ ਕੇਸ ਪਾਏ ਜਾਂਦੇ ਹਨ, ਜਿਸ ਤੇ ਇਹ ਸਿੱਧ ਹੋਯਾ ਕਿ ਏਹ ਸੂਰਬੀਰ ਅਤੇ ਧਰਮਾਤਮਾ ਪੁਰਾਂ ਦੇ ਧਾਰਨ ਲਈ ਇੱਕ ਉੱਤਮ ਨਿਾਨ ਹੈ। ਜਿਸ ਤਰ੍ਹਾਂ ਹਿੰਦੂਆਂ ਦਾ ਨਿਾਨ ਚੋਟੀ ਹੈ ਏਸੇ ਪ੍ਰਕਾਰ ਾਲਸਾ ਪਥ ਦਾ ਨਿਾਨ ਕੇਸ ਹਨ।

ਦੂਸਰਾ - ਕੰਘਾ, ਕੇਸਾ ਦੀ ਸੰਾਈ ਲਈ ਰੂਰ ਰੱਖਨਾ ਚਾਹੀਏ, ਇਸ ਦੇ ਬਿਨਾਂ ਕੇਸ ਉਲਝ ਕੇ ਰਾਬ ਹੋ ਜਾਨਗੇ।

ਤੀਸਰਾ - ਕਿਰਪਾਨ, ਉਹ ਸਤ੍ਰ ਹੈ ਜੋ ਸੀਸ ਪਰ ਰਹਿ ਕੇ ਦੁਮਣ ਤੇ ਰੱਖਯਾ ਕਰਦੀ ਹੈ ਅਰ ਸਮ ਪਰ ਸਤ੍ਰ ਦਾ ਕੰਮ ਦਿੰਦੀ ਹੈ। ਬਹੁਤ ਵੇਰ ਚਾਕੂ ਦਾ ਕੰਮ ਦੇਨ ਲਈ ਤਾਰ ਹੁੰਦੀ ਹੈ। ਜਦ ਸਰਬ-ਲੋਹ ਕੇਸਾਂ ਨਾਲ ਘਸਦਾ ਹੈ ਤਾਂ ਬਿਜਲੀ ਪੈਦਾ ਹੋ ਕੇ ਦਿਮਾ ਨੂੰ ਤਾਕਤ ਦੇਂਦੀ ਹੈ।

ਚੌਥਾ – ਕੜਾ, ਇੱਕ ਉਹ ਸਤ੍ਰ ਹੈ ਜੋ ਸੱਜੇ ਹੱਥ ਵਿਚ ਪਹਿਰਾ ਹੋਇਆ ੱਤ੍ਰੂ ਦੇ ਸਤ੍ਰ ਚਲਨੇ ਪਰ ਢਾਲ ਦੀ ਜਗਹ ਕੰਮ ਦਿੰਦਾ ਹੈ ਅਰਥਾਤ ਹੱਥ ਨੂੰ ਬਚਾ ਦੇਂਦਾ ਹੈ, ਅਤੇ ਆਪ ਦੁਮਨ ਦੇ ਮੂਹ ਪਰ ਲੱਗ ਜਾਵੇ ਤਾਂ ਚਿਹਰੇ ਨੂੰ ਭੰਨ ਕੇ ਘਾਉ ਕਰ ਦੇਂਦਾ ਹੈ। ਇਸ ਵਾਸਤੇ ਇਸ ਦਾ ਪਹਿਰਨਾ ਭੀ ਰੂਰੀ ਹੈ।

ਪਜਵਾਂ – ਕੱਛ ਇੱਕ ਓਹ ਬਸਤਰ ਹੈ ਜਿਸ ਦੇ ਪਹਿਰਨੇ ਕਰ ਕੇ ਪੁਰਖ ਸਦਾ ਹੀ ਤਾਰ–ਬਰ ਤਾਰ ਰਹਿੰਦਾ ਹੈ। ਦੁਮਨ ਪਰ ਧਾਵਾ ਕਰਨੇ ਔਰ ਛਾਲ ਮਾਰਨੇ ਵਿੱਚ ਕੋਈ ਅਟਕਾਉ ਨਹੀਂ ਹੁੰਦਾ। ਜੇਕਰ ਧੋਤੀ ਜਾਂ ਤੰਬਾ ਪਾ ਕੇ ਜੰਗ ਕਰੇਗਾ ਤਾਂ ਰੂਰ ਹੈ ਕਿ ਉਲਝ ਕਰ ਗਿਰ ਕੇ ਧਰਤੀ ਪਰ ਪਏਗਾ। ਸਿੱਖ ਸੁਭਾਵਕ ਜੰਗੀ ਹਨ, ਇਸ ਵਾਸਤੇ ਏਨ੍ਹਾਂ ਲਈ ਏਹ ਸੁਭਾਵਕ ਜੰਗੀ ਸਾਮਾਨ ਨਿੱਤ–ਨੇਮ ਦਾ ਰੱਖਨਾ ਚਾਹੀਏ, ਜਿਸ ਤੇ ਸਦਾ ਹੀ ਤਾਰ ਰਹਿਨ, ਇਸ ਵਾਸਤੇ ਇਹ ਪਜੇ ਕੱਕੇ ਏਨ੍ਹਾਂ ਦਾ ਸੁਭਾਵਕ ਧਰਮ ਅਰਥਾਤ ਧਾਰਨ ਯੋਗ ਹਨ ਜੋ ਕੌਮੀ ਨਾਨ ਹਨ।

ਫੇਰ ਇਹ ਉਪਦੇ ਕੀਤਾ ਕਿ ਕੁੜੀ ਮਾਰ, ਨੜੀ ਮਾਰ, ਮੀਣੇ, ਮਸੰਦ, ਰਾਮਰਾਈਏ, ਧੀਰਮਲੀਏ ਨਾਲ ਨਾ ਵਰਤਨ; ਤੁਰਕ; ਹਿੰਦੂ ਤੇ ਨਾਰਾ ਤੀਸਰਾ ਪਥ੍ਰੂ ਕਾ ਪਾਰਾ ਆਪਣਾ ਧਰਮ ਸਮਝਣਾ। ਅਕਾਲ ਪੁਰਖ ਤੇ ਬਿਨਾਂ ਕਿਸੇ ਮੜ੍ਹੀ, ਮਸਾਣੀ, ਗੁੱਗਾ, ਭੈਰੋਂ, ਸੀਤਲਾ, ਦੇਵੀ, ਦੇਵਤੇ ਨੂੰ ਨਾ ਮਨਨਾ; ਜੜ੍ਹ ਮੂਰਤੀ ਅਤੇ ਮਾਨਸ ਪੂਜਾ ਨਾ ਕਰਣੀ। ਜਿਨ੍ਹਾਂ ਾਤਾਂ ਪਾਤਾਂ ਵਿੱਚੋਂ ਤੁਹਾਨੂੰ ਕਢਕੇ ਖਾਲਸਾ ਕੀਤਾ ਹੈ ਓਨ੍ਹਾਂ ਵਿੱਚ ਫੇਰ ਨਾ ਜਾ ਧਸਣਾ, ਜੇ ਜਾਵੋਗੇ ਤਾਂ ਦੁਖ ਪਾਵੋਗੇ। ਇਸ ਪਰ ਇੱਕ ਦ੍ਰਿਟਾਂਤ ਦੇ ਕੇ ਸਮਝਾਯਾ, ਕਿ ਇੱਕ ਗਧੇ ਪਰ ੇਰ ਦੀ ਖੱਲ ਪਾਕੇ ਉਸਦੇ ਕੰਨ ਵਿੱਚ ਏਹ ਉਪਦੇ ਕੀਤਾ ਕਿ ਹੇ ਗਧੇ ਦੇਖ ਤੂੰ ਅੱਜ ਤੋਂ ੇਰ ਬਣਾਯਾ ਹੈ, ਤੈਨੂੰ ਏਹ ਆਖਿਆ ਜਾਂਦਾ ਹੈ ਕਿ ਤੂੰ ਓਸ ਘੁਮਾਰ ਦੇ ਘਰ ਨਾ ਜਾਈਂ ਜਿੱਥੋਂ ਤੂੰ ਕੱਢਿਆ ਹੈਂ, ਅਰ ਗਧੇ ਵਾਲਾ ਹੀਂਗਨਾ ਛੱਡ ਦੇਵੀਂ। ਇਸ ਦੇ ਕਰਨੇ ਤੇ ਤੂੰ ਸਭ ਪਰ ਭਾਰੀ ਰਹੇਂਗਾ, ਜੇ ਤੈਂ ਸਾਡਾ ਬਚਨ ਨਾ ਮਨਿਆ ਤਾਂ ਗਧੇ ਦਾ ਗਧਾ ਹੋਕੇ ਲਾਦੀ ਰਹੇਂਗਾ; ਸੋ ਜਦ ਤਕ ਓਸ ਗਧੇ ਨੇ ਏਸ ਬਚਨ ਨੂੰ ਮਨਿਆਂ ਤਦ ਤਕ ਤਾਂ ਓਸ ਤੋਂ ਲੋਕ ਡਰਦੇ ਰਹੇ, ਪਰ ਜਦੋਂ ਹੀਂਗਕੇ ਘੁਮਿਆਰ ਦੇ ਘਰ ਨੂੰ ਆਇਆ ਤਦੋਂ ਲੋਕਾਂ ਨੇ ਤੌੜੀਆਂ ਮਾਰੀਆਂ, ਡੰਡਿਆਂ ਨਾਲ ਕੁੱਟਕੇ ਅੱਗੇ ਲਾ ਲੀਤਾ। ਏਸ ਵਿੱਚ ਪਥ ਨੂੰ ਇਹ ਉਪਦੇ ਕੀਤਾ ਕਿ ਏਸ ਗਧੇ ਦੀ ਤਰ੍ਹਾਂ ਤੁਹਾਨੂੰ ਭੀ ਹਿੰਦੂ ਆਦਿਕ ਾਤਾਂ ਵਿੱਚੋਂ ਕੱਢਕੇ ਅਸਾਂ ਅੱਜ ਤੇ ਸਿੰਘ ਦਾ ਬੁਰਕਾ ਪਹਿਰਾਯਾ ਹੈ ਸੋ ਜੇ ਤੁਸੀਂ ਸਿੰਘ ਬਣੇ



ਰਹੋਗੇ ਤਾਂ ਤੁਸੀਂ ਸਭ ਪਰ ਬਲਵਾਨ ਰਹੋਗੇ, ਨਹੀਂ ਤਾਂ ਗਧੇ ਦੇ ਗਧੇ ਵਾਂਗ ਓਹੋ ੍ਰਲਾਮ ਬਣ ਜਾਓਗੇ। ਇਸ ਦ੍ਰਿਟਾਂਤ ਤੇ ਗੁਰੂ ਜੀ ਨੇ ਸਾਂ ਆਖਿਆ ਕਿ ਤੁਸੀਂ ਾਲਸਾ ਹੀ ਬਣੇ ਰੈਹਨਾਂ, ਮਤਾਂ ਕਿਧਰੇ ਦਬੜੂ, ਘੁਸੜੂ ਹੋ ਜਾਂਦੇ ਹੋਵੋ।

ਪ੍ਰ੍ਨ– ਕਾ ਾਲਸਾ ਾਲਸਾ ਰਿਹਾ ਅਤੇ ਸ੍ਰੀ ਗੁਰੂ ਜੀ ਦਾ ਬਚਨ ਪੂਰਨ ਕੀਤਾ?

ਫੇਰ ਏਹ ਉਪਦੇ ਕੀਤਾ ਕਿ ਤੁਹਾਡਾ ਉਪਾਸ ਅਰਥਾਤ ਪੂਜਨ ਯੋਗ ਇੱਕ ਅਕਾਲ ਪੁਰਖ ਹੀ ਹੈ ਉਸਤੇ ਬਿਨਾਂ ਕਿਸੇ ਹੋਰ ਵਿ ਪੁਰਖ ਨੂੰ ਆਪਣਾ ਪਰਮ੍ਰੇਰ ਨਾ ਮਨ ਲੈਣਾ, ਜੈਸਾ ਕਿ ਹਿੰਦੁਸਤਾਨ ਵਿੱਚ ਮਾਨਸ ਪੂਜਾ ਦਾ ਪਰਚਾਰ ਹੋ ਗਿਆ ਹੈ ਅਤੇ ਪ੍ਰਮ੍ਰੇਰ ਦਾ ਅਵਤਾਰ ਮਨਕੇ ਓਨ੍ਹਾਂ ਪੁਰਾਂ ਨੂੰ ਪੂਜਦੇ ਹਨ ਜਿਨ੍ਹਾਂ ਦਾ ਸੰਸਾਰ ਵਿੱਚ ਆ ਕੇ ਕੁਝ ਜੰਗ ਆਦਿਕ ਕਰਮ ਕੀਤੇ ਸਨ; ਸੋ ਤੁਸਾਂ ਇੱਕ ਕਰਤਾਰ ਨੂੰ ਹੀ ਆਪਨਾ ਸ੍ਵਾਮੀ ਜਾਨਣਾ ਅਤੇ ਮੈਂ ਏਸੇ ਵਾਸਤੇ ਅਕਾਲ ਪੁਰਖ ਦੀ ਆਗਿਆ ਨਾਲ ਸੰਸਾਰ ਪਰ ਆਇਆ ਹਾਂ ਜੋ ਬੁੱਤ ਪਰਸਤੀ ਅਤੇ ਪੁਰਖ ਨੂੰ ਪਰਮੇ੍ਵਰ ਦਾ ਅਵਤਾਰ ਮਨਕੇ ਮਾਨਸ ਪਰਸਤੀ ਦਾ ਨਾਸ ਕਰਾਂ। ਯਥਾ ਸ੍ਰੀ ਮੁਖ ਵਾਕ :

**ਚੌਪਈ**

**ਹਮ ਇਹ ਕਾਜ ਜਗਤ ਮੋ ਆਏ॥**
**ਧਰਮ ਹੇਤ ਗੁਰਦੇਵ ਪਠਾਏ॥**
**ਜਹਾਂ ਤਹਾਂ ਤੁਮ ਧਰਮ ਬਿਥਾਰੋ॥**
**ਦੁਸਟ ਦੋਖੀਯਨਿ ਪਕਰਿ ਪਛਾਰੋ॥ 42॥**
**ਯਾਹੀ ਕਾਜ ਧਰਾ ਹਮ ਜਨਮ॥**
**ਸਮਝਿ ਲੇਹੁ ਸਾਧੂ ਸਭ ਮਨਮ॥**
**ਧਰਮ ਚਲਾਵਨ ਸੰਤ ਉਬਾਰਨ॥**
**ਦੁਸਟ ਸਭਨ ਕੋ ਮੂਲ ਉਪਾਰਨਿ॥43॥**
**ਜੇ ਜੇ ਭਏ ਪਹਿਲ ਅਵਤਾਰਾ॥**
**ਆਪੁ ਆਪੁ ਤਿਨ ਜਾਪੁ ਉਚਾਰਾ॥**
**ਪ੍ਰਭ ਦੋਖੀ ਕੋਈ ਨ ਬਿਦਾਰਾ॥**
**ਧਰਮ ਕਰਮ ਕੋ ਰਾਹੁ ਨ ਡਾਰਾ॥ 44॥**
**ਜੇ ਜੇ ਗਉਸ ਅਬੀਯਾ ਭਏ॥**

**ਮੈ ਮੈ ਕਰਤ ਜਗਤ ਤੇ ਗਏ॥**
**ਮਹਾ ਪੁਰਖ ਕਾਹੂ ਨ ਪਛਾਨਾ॥**
**ਕਰਮ ਧਰਮ ਕੋ ਕਛੂ ਨ ਜਾਨਾ॥45॥**
**ਅਵਰਨ ਕੀ ਆਸਾ ਕਿਛੁ ਨਾਹੀ॥**
**ਏਕੈ ਆਸ ਧਰੋ ਮਨ ਮਾਹੀਂ॥**
**ਆਨ ਆਸ ਉਪਜਤ ਕਿਛੁ ਨਾਹੀਂ॥**
**ਵਾ ਕੀ ਆਸ ਧਰੋ ਮਨ ਮਾਹੀ"॥46॥ (ਬਚਿਤ੍ਰ ਨਾਟਕ)**

ਗੁਰੂ ਮਹਾਰਾਜ ਜੀ ਦੇ ਇਸ ਉੱਪਰਲੇ ਮਹਾਂ ਪਵਿੱਤ੍ਰ ਉਪਦੇ ਦਾ ਇਹ ਭਾਵ ਹੈ, ਕਿ ਹੇ ਾਲਸਾ ਪਥ ਤੂੰ ਕਿਸੇ ਅਜੇਹੇ ਪੁਰਖ ਮਗਰ ਨਾ ਲੱਗ ਜਾਈਂ ਜਿਸ ਨੂੰ ਲੋਕ ਪਰਮੇਰ ਦਾ ਅਵਤਾਰ ਮਨਕੇ ਪੂਜਦੇ ਹਨ, ਯਾ ਨਬੀ ਪੈਬਰ ਜਾਨ ਕੇ ਉਸ ਦੇ ਪਿੱਛੇ ਅਪਨੀ ਮੁਕਤੀ ਭਾਲਦੇ ਹੋਨ। ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਉਨ੍ਹਾਂ ਨੇ ਪਰਮੇਰ ਦਾ ਦੋਖੀ ਕੋਈ ਨਹੀਂ ਮਾਰਿਆ, ਕੇਵਲ ਅਪਨੇ ਦੋਖੀ ਹੀ ਮਾਰ ਕੇ ਵੈਰ ਲੀਤੇ ਸਨ, ਜੈਸਾ ਕਿ ਰਾਮਚੰਦ੍ਰ ਜੀ ਨੇ ਰਾਵਨ ਅਪਨਾ ਦੋਖੀ ਜਾਨਕੇ ਮਾਰਿਆ ਸੀ ਜੋ ਓਹਨਾਂ ਦੀ ਸੁਪਤਨੀ ਨੂੰ ਚੁਰਾ ਲੈ ਗਿਆ ਸੀ;ਪਰਮੇੂਰ ਦਾ ਦੋਖੀ ਉਹ ਕੋਈ ਨਹੀਂ ਸੀ ਕਿਉਂਕਿ ਰਾਵਨ ਇੱਕ ਵੱਡਾ ਭਾਰੀ ਪਡਿਤ ਸੀ ਜਿਸ ਨੇ ਵੇਦਾਂ ਦਾ ਟੀਕਾ ਕੀਤਾ ਸੀ, ਅਰ ਬ੍ਰਹਮਾ ਦਾ ਪੋਤਾ ਸੀ। ਇਸ ਵਾਸਤੇ ਉਹ ਰਾਮ ਜੀ ਦਾ ਅਪਨਾ ਹੀ ਦੋਖੀ ਸੀ।

ਇਸੀ ਪ੍ਰਕਾਰ ਕੰਸ ਭੀ ਕ੍ਰਿਨ ਦੇਵ ਜੀ ਦਾ ਸਕਾ ਮਾਮਾ ਸੀ ਅਤੇ ਕ੍ਰਿਨ ਜੀ ਨਾਲ ਦ੍ਵੈਖ ਰਖਦਾ ਸੀ; ਸੋ ਕ੍ਰਿਨ ਜੀ ਨੇ ਉਸ ਨੂੰ ਪਰਮੇੂਰ ਦਾ ਦੋਖੀ ਜਾਨਕੇ ਨਹੀਂ ਮਾਰਿਆ ਕਿੰਤੂ ਅਪਨਾ ਦੋਖੀ ਜਾਨਕੇ ਕੇਸੋਂ ਪਕੜਕੇ ਪਛਾੜਿਆ ਸੀ। ਇਸ ਤੇ ਜੋ ਪਹਿਲੇ ਅਵਤਾਰ ਹੋਏ ਹਨ ਉਨ੍ਹਾਂ ਨੇ ਪ੍ਰਭੂ ਦਾ ਦੋਖੀ ਕੋਈ ਨਹੀਂ ਮਾਰਿਆ ਅਤੇ ਨਿਰਾ ਅਪਨਾ ਹੀ ਮਨੋਰਥ ਸਿੱਧ ਕੀਤਾ ਸੀ। ਓੜਕ ਨੂੰ, ਮੈਂ ਮੈਂ" ਕਰਦੇ ਜਗਤ ਵਿੱਚੋਂ ਕੂਚ ਕਰ ਗਏ ਸਨ; ਜੈਸਾ ਕਿ ਰਾਮਚੰਦ੍ਰ ਜੀ ਨੇ ਰਾਮ ਰਿਦੇ ਵਿਚ ਹਨੂਮਾਨ ਨੂੰ ਅਤੇ ਰਾਮ ਗੀਤਾ ਵਿੱਚ ਲਛਮਨ ਨੂੰ ਏਹੋ ਉਪਦੇ ਕੀਤਾ ਹੈ ਕਿ ਮੈਂ ਹੀ ਪਰਮੇੂਰ ਹਾਂ। ਇਸੀ ਪ੍ਰਕਾਰ ਕ੍ਰਿਨ ਜੀ ਨੇ ਭੀ ਗੀਤਾ ਵਿੱਚ ਅਰਜਨ ਨੂੰ ਏਹੋ ਉਪਦੇ ਕੀਤਾ ਹੈ ਕਿ ਹੇ ਅਰਜਨ ਮੈਂ ਹੀ ਸੰਸਾਰ ਦੇ ਉਤਪਤ, ਪਾਲਨ ਅਤੇ ਸੰਹਾਰ ਕਰਨੇ ਵਾਲਾ ਪਰਮੇਰ ਹਾਂ, ਇਸ ਵਾਸਤੇ ਤੂੰ ਮੇਰਾ ਹੀ ਸਿਮਰਨ ਕਰ।



ਏਧਰ ਜੋ ਨਬੀ ਯਾ ਅਬੀਏ ਹੋਏ ਹਨ ਉਨ੍ਹਾਂ ਦਾ ਭੀ ਏਹੋ ਹਾਲ ਹੋਯਾ ਹੈ ਜੋ ਅਹੰਭਾਵ ਵਿੱਚ ਹੀ ਅਪਨੇ ਆਪ ਨੂੰ ਏਸ ਸੰਸਾਰ ਵਿੱਚੋ ਲੈ ਗਏ ਹਨ; ਜੈਸਾ ਕਿ ਈਸਾ ਨੇ ਅਜੀਲ ਵਿੱਚ ਆਖਿਆ ਹੈ ਕਿ ਂਦਿਗੀ ਦਾ ਦਰਵਾ ਮੈਂ ਹਾਂ"। ਇਸ ਦਾ ਭਾਵ ਏਹ ਹੈ ਕਿ ਮੇਰੇ ਬਿਨਾਂ ਪੁਰਖ ਮੁਕਤੀ ਨਹੀਂ ਲੈ ਸਕਦਾ, ਮੈਂ ਨਾਲੇ ਪਰਮੇੂਰ ਹਾਂ ਨਾਲੇ ਉਸਦਾ ਪੁਤ੍ਰ ਹਾਂ ਅਤੇ ਨਾਲੇ ਆਦਮੀ ਹਾਂ।

ਇਸ ਤੇ ਬਿਨਾਂ ਮੁਹੰਮਦ ਸਾਹਿਬ ਨੇ ਭੀ ਏਹ ਆਖਿਆ ਕਿ ਮੈ ਅਤ ਦਾ ਨਬੀ ਹਾਂ, ਕਾਮਤ ਨੂੰ ਮੈਂ ਹੀ ਪਰਮੇਸਰ ਅੱਗੇ ਆਪਨੀ ਉੱਮਤ ਦਾ ਵਕੀਲ ਹੋਵਾਂਗਾ ਅਤੇ੍ਰ ਦਾ ਨੇ ਜੋ ਕੁਛ ਪੈਦਾ ਕੀਤਾ ਹੈ ਮੇਰੇ ਵਾਸਤੇ ਹੀ ਕੀਤਾ ਹੈ,ਜੇ ਮੈਨੂੰ ਨਾ ਬਨਾਉਂਦਾ ਤਾਂ ਮਿੀ ਅਸਮਾਨ ਦੇ ਬਨਾਉਨ ਦੀ ਕੋਈ ਲੋੜ ਨਹੀਂ ਸੀ।"

ਇਸ ਤੇ ਤੁਸੀਂ ਦੇਖ ਸਕਦੇ ਹੋ ਕਿ ਇਨ੍ਹਾਂ ਅਵਤਾਰਾਂ ਅਤੇ ਨਬੀਆਂ ਨੇ ਕੇਡੇ-ਕੇਡੇ ਅਭਮਾਨ ਦੇ ਬਚਨ ਬੋਲੇ ਹਨ। ਪਰੰਤੂ ਜੋ ਲੋਕ ਹੰਕਾਰ ਕਰਦੇ ਹਨ ਅਰ ਉਸ ਦੇ ਬਲ ਕਰਕੇ ਬਿਵਾਦ ਕਰਦੇ ਹਨ ਉਨ੍ਹਾਂ ਤੇ ਅਕਾਲ ਪੁਰਖ ਬਹੁਤ ਦੂਰ ਰਹਿੰਦਾ ਹੈ। ਅਰਥਾਤ ਉਨ੍ਹਾਂ ਨੂੰ ਉਸ ਦੀ ਪਰਾਪਤੀ ਨਹੀਂ ਹੁੰਦੀ; ਯਥਾ ਸ੍ਰੀ ਮੁਖ ਵਾਕ ਜੇ ਜੇ ਬਾਦ ਕਰਤ ਹੰਕਾਰਾ। ਤਿਨਤੇ ਭਿੰਨ ਰਹਤ ਕਰਤਾਰਾ॥" (ਬਚਿਤ੍ਰ ਨਾਟਕ)

ਤਾਂਤੇ ਮੈਂ ਇਸ ਭੁਲਾਵੇ ਦੇ ਦੂਰ ਕਰਨ ਵਾਸਤੇ ਸੰਸਾਰ ਪਰ ਆਇਆ ਹਾਂ, ਅਤੇ ਜੋ ਪ੍ਰਮੇਰ ਦਾ ਹੁਕਮ ਹੈ ਸੋ ਬਿਨਾਂ ਪੱਖਪਾਤ ਤੇ ਸਭ ਨੂੰ ਸੁਨਾਵਾਂਗਾ।

ਫੇਰ ਨਾਲ ਇਹ ਭੀ ਉਪਦੇ ਕੀਤਾ ਕਿ ਕਿਤੇ ਤੁਸੀ ਭੀ ਉਨ੍ਹਾਂ ਲੋਕਾਂ ਵਾਂਗ ਮੈਨੂੰ ਪ੍ਰਮੇਰ ਨਾ ਮਨ ਬੈਠਨਾ, ਜਿਸ ਤੇ ਤੁਸਾਂ ਨੂੰ ਭੀ ਅਨਮਤਾਂ ਦੀ ਪਦਵੀ ਪਰਾਪਤ ਹੁੰਦੀ ਹੋਵੇ।

**ਯਥਾ, ਸ੍ਰੀ ਮੁਖਵਾਕ ਪਾਤਾਹੀ 10, ਚੌਪਈ**

**ਇਹ ਕਾਰਨਿ ਪ੍ਰਭ ਮੋਹਿ ਪਠੋ॥**
**ਤਬ ਮੈ ਜਗਤ ਜਨਮੁ ਧਰਿ ਆਂ॥**
**ਜਿਮ ਤਿਨ ਕਹੀ ਇਨੈ ਤਿਮ ਕਹਿਹੋ॥**
**ਅਉਰ ਕਿਸੂ ਤੇ ਬੈਰ ਨ ਗਹਿਹੋਂ॥13॥**
**ਜੋ ਹਮ ਕੋ ਪਰਮੇਸਰ ਉਚਰਿ ਹੈ॥**
**ਤੇ ਸਭ ਨਰਕ ਕੁੰਡ ਮਹਿ ਪਰਿ ਹੈ।**
**ਮੋ ਕੋ ਦਾਸ ਤਵਨ ਕਾ ਜਾਨੋ॥**

ਯਾ ਮੈ ਭੇਦ ਨ ਰੰਚ ਪਛਾਨੋ।।32।।
ਮੈ ਹੌ ਪਰਮ ਪੁਰਖ ਕੋ ਦਾਸਾ।।
ਦੇਖਨਿ ਆਇਓ ਜਗਤ ਤਮਾਸਾ।।
ਜੋ ਪ੍ਰਭ ਜਗਤਿ ਕਹਾ ਸੋ ਕਹਿਹੌਂ।।
ਮ੍ਰਿਤ ਲੋਕ ਤੇ ਮੋਨਿ ਨ ਰਹਿਹੌਂ।। 33।।"

ਪੁਨਾ :- ਰਾਗੁ ਕਲਿਆਨ ਪਾਤਸਾਹੀ 10
ਬਿਨ ਕਰਤਾਰ ਨ ਕਿਰਤਮ ਮਾਨੋ।।
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ।।
ਕਹਾ ਭਯੋ ਜੋ ਆਨ ਜਗਤ ਮੈ ਦਸਕ ਅਸੁਰ ਹਰਿ ਘਾਏ।।
ਅਧਿਕ ਪ੍ਰਪਚ ਦਿਖਾਇ ਸਭਨ ਕੱਹ ਆਪਹਿ ਬ੍ਰਹਮ ਕਹਾਏ।। 1।।
ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ ਸੋ ਕਿਮ ਜਾਤਿ ਗਿਨਾਯੋ।।
ਤਾਂ ਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ।। 2।।
ਕੈਸੇ ਤੋਹਿ ਤਾਰਿਹੈ ਸੁਨਿ ਜੜ ਆਪ ਡੁਬਿਯੋ ਭਵ ਸਾਗਰ।।
ਛੁਟਿਹੋ ਕਾਲ ਫਾਸ ਤੇ ਤਬ ਹੀ ਗਹੋ ਸਰਨਿ ਜਗਤਾਗਰ।"

ਪੁਨਾ : ਤਿਲੰਗ ਕਾਫੀ ਪਾਤਸਾਹੀ 10
ਕੇਵਲ ਕਾਲਈ ਕਰਤਾਰ।।
ਆਦਿ ਅਤ ਅਨੰਤ ਮੂਰਤਿ ਗੜ੍ਹਨ ਭੰਜਨਹਾਰ।। 1।। ਰਹਾਉ।।
ਨਿੰਦ ਉਸਤਤ ਜਉਨ ਕੇ ਸਮ ਸਤ੍ਰ ਮਿਤ੍ਰ ਨ ਕੋਇ।।
ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ।। 1।।
ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ।।
ਕਉਨ ਕਾਜ ਕਹਾਹਿੰਗੇ ਆਨ ਦੇਵਕਿ ਨੰਦ।। 2।।
ਦੇਵ ਦੈਤ ਦਿਸ ਵਿਸਾ ਜਿਰ ਕੀਨ ਸਰਬ ਪਸਾਰ।।
ਕਉਨ ਉਪਮਾ ਤੌਨ ਕੋ ਮੁਖ ਲੇਤ ਨਾਮੁ ਮੁਰਾਰਿ।"

ਪੁਨਾ : ਰਾਗ ਦੇਵਗੰਧਾਰੀ ਪਾਤਸਾਹੀ 10
ਇਕ ਬਿਨ ਦੂਸਰ ਸੋ ਨ ਚਿਨਾਰ।।
ਭੰਜਨ ਗੜਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ।। ਰਹਾਉ।।



ਕਹਾ ਭਇਓ ਜੋ ਅਤ ਹਿਤ ਚਿਤ ਕਰ ਬਹੁ ਬਿਧ ਸਿਲਾ ਪੁਜਾਈ।।
ਪ੍ਰਾਨ ਥਕਿਓ ਪਾਹਿਨ ਕਹ ਪਰਸਤ ਕਛੁ ਕਰ ਸਿਧ ਨ ਆਈ।। 1।।
ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈਹੈ।।
ਤਾ ਮੈਂ ਕਹਾਂ ਸਿਧ ਹੈ ਰੇ ਜੜ ਤੋਹਿ ਕਛੂ ਬਰ ਦੈਹੈ।। 2।।
ਜੌਂ ਜੀਯ ਹੋਤ ਦੇਤ ਕਛੂ ਤੁਹਿ ਕਰ ਮਨ ਬਚ ਕਰਮ ਬਿਚਾਰ।।
ਕੇਵਲ ਏਕ ਸਰਣ ਸੁਆਮੀ ਬਿਨ ਯੌਂ ਨਹਿ ਕਤਹਿ ਉਧਾਰ।। 3।।

ਏਨ੍ਹਾਂ ਬਦਾਂ ਤੇ ਸਾਂ ਪਾਯਾ ਜਾਂਦਾ ਹੈ ਕਿ ਾਲਸਾ ਪਥ ਲਈ ਦਸਮ ਗੁਰੂ ਜੀ ਨੇ ਏਹੋ ਉਪਦੇ ਕੀਤਾ ਕਿ ਅਕਾਲ ਪੁਰਖ ਕਦੇ ਭੀ ਜਨਮ ਨਹੀਂ ਧਾਰਦਾ ਅਤੇ ਨਾ ਉਸ ਨੂੰ ਮਨੁੱਖਾਂ ਅਤੇ ਬਰਾਹ ਆਦਿਕ ਰੂਪ ਧਾਰਨ ਦੀ ਕੋਈ ਲੋੜ ਹੀ ਪੈਂਦੀ ਹੈ। ਦੂਸਰਾ ਜੜ੍ਹ ਮੂਰਤੀ ਆਦਿਕ ਪੂਜਾ ਸੱਤ ਧਰਮ ਤੇ ਵਿਰੁੱਧ ਹੈ ਅਤੇ ਉਸ ਤੇ ਕੁਛ ਸਿਧ ਨਹੀਂ ਹੁੰਦਾ। ਇਸ ਲਈ ਸਿੰਘ ਇਸ ਤੇ ਦੂਰ ਰਹਿਨ ਅਤੇ ਕਿਸੇ ਪੁਰਖ ਨੂੰ ਅਕਾਲ ਪੁਰਖ ਦਾ ਅਵਤਾਰ ਨਾ ਆਖਨ। ਫੇਰ ਸਿੱਖਾਂ ਨੂੰ ਭੇਖ ਪਖਡ ਤੇ ਬਚੇ ਰਹਿਨ ਲਈ ਅਜੇਹੇ ਉਪਦੇ ਕੀਤੇ ਜੈਸਾ ਕਿ ਕਥਨ ਹੈ, ਕਬਿਤ- **ਖੂਕ ਮਲ ਹਾਰੀ ਗਜ ਗਧਾ ਹੈ ਬਿਭੂਤ ਧਾਰੀ ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈਂ।। ਘੁਘੂ ਮਟ ਵਾਸੀ ਲਗੇ ਡੋਲਤ ਉਦਾਸੀ ਮ੍ਰਿਗ ਤਰਵਰ ਸਦੀਵ ਮੋਨ ਸਾਧੈਈ ਮਰਤ ਹੈਂ।। ਬਿੰਦ ਕੇ ਸਿਧਈਆ ਤਾਹਿ ਹੀਜ ਕੀ ਬਡੱਯਾ ਦੇਤ, ਬੰਦਰਾਂ ਸਦੀਵ ਪਾਇ ਨਾਂਗੇ ਈ ਫਿਰਤ ਹੈਂ।। ਅਗਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ ਏਕ ਗਾਨ ਤੇ ਬਿਹੀਨ ਛੀਨ ਕੈਸੇ ਕੈ ਤਰਤ ਹੈਂ"।। (ਅਕਾਲ ਉਸਤਤ)**

ਅਜੇਹੇ ਉਪਦੇਾਂ ਤੇ ਏਹ ਸਮਝਾਇਆ ਕਿ ਮਲ ਆਦਿਕ ਖਾਣ ਤੇ, ਵਿਭੂਤ ਧਾਰਨ ਤੇ, ਮਸਾਣਾ ਵਿਚ ਰਹਿਨ ਤੇ, ਮੋਨ ਧਾਰਨ ਤੇ, ਜਤੀ ਕਹਾਉਨ ਆਦਿਕ ਕਰਮਾਂ ਤੇ ਮੁਕਤੀ ਨਹੀਂ ਹੁੰਦੀ; ਮੁਕਤੀ ਕੇਵਲ ਗਾਨ ਤੇ ਹੁੰਦੀ ਹੈ, ਤਾਂ ਤੇ ਸਿੱਖ ਅਜੇਹੇ ਪਖਡਾਂ ਤੋਂ ਬਚੇ ਰਹਿਣ।।

ਇਸ ਕਬਿੱਤ ਵਿੱਚ ਗੁਰੂ ਜੀ ਨੇ ਖਾਲਸੇ ਨੂੰ ਇਹ ਉਪਦੇ ਕੀਤਾ ਕਿ ਜੋ ਲੋਕ ਮਲ ਮੂਤ੍ਰ ਦਾ ਅਹਾਰ ਕਰਕੇ ਅਪਨੇ ਆਪ ਨੂੰ ਸਿੱਧ ਮਨਦੇ ਹਨ ਸੋ ਸੂਰ ਤੇ ਵਧਕੇ ਪਦਵੀ ਨਹੀਂ ਰੱਖਦੇ, ਜੋ ਪਿਡੇ ਨੂੰ ਾਕ ਮਲਕੇ ਤੇ ਸਿਰ ਪਰ ਬਿਭੂਤ ਪਾ ਕੇ ਅਪਨੇ ਆਪ ਨੂੰ ਮਹਾਤਮਾ ਜਿਤਾਉਂਦੇ ਹਨ ਸੋ ਹਾਥੀ ਅਤੇ ਗਧੇ ਦੇ ਸਮਾਨ ਸਮਝਨੇ ਚਾਹੀਏ। ਜੋ ਲੋਗ ਮਸਾਣਾਂ ਮੜ੍ਹੀਆਂ ਵਿਚ ਵਾਸ ਕਰਕੇ ਆਪਨੇ ਤਾਈਂ ਸੰਤ ਅਤੀਤ ਜਤਾਉਂਦੇ

ਹਨ ਸੋ ਗਿੱਦੜਾਂ ਜੇਹੇ ਪੁਰਖ ਜਾਨਨੇ ਜੋਗ ਹਨ। ਇਸੀ ਪਰਕਾਰ ਜੋ ਮੱਟਾਂ ਵਿੱਚ ਵੱਸਕੇ ਯਾ ਜੰਗਲਾਂ ਵਿਚ ਭਰਮਕੇ ਅਤੇ ਮੋਨ ਧਾਰਕੇ ਮਹਾਤਮਾ ਬਣਨਾ ਚਾਹੁੰਦੇ ਹਨ ਸੋ ਘੁੱਗੂ, ਮ੍ਰਿਗ ਅਤੇ ਬ੍ਰਿਛਾਂ ਯਾ ਮੁਰਦਿਆਂ ਜੇਹੇ ਸਮਝਨੇ।

ਫੇਰ ਜੋ ਲੋਗ ਵਿਹਾਰ ਨਹੀਂ ਕਰਾਉਂਦੇ ਅਰ ਆਖਦੇ ਹਨ ਕਿ ਅਸੀਂ ਬਿੰਦ ਨੂੰ ਸਾਧਿਆ ਹੈ ਸੋ ਹੀਜੜੇ ਜੇਹੀ ਵਡਿਆਈ ਦੇ ਭਾਗੀ ਹਨ। ਜੋ ਨੰਗੇ ਪੈਰੀਂ ਫਿਰਕੇ ਆਪਣੇ ਆਪ ਨੂੰ ਨਿਰਬਾਨ ਸੱਦਦੇ ਹਨ ਸੋ ਬਾਂਦ੍ਰਾਂ ਦੇ ਭਾਈਚਾਰੇ ਵਿਚੋਂ ਸਮਝਨੇ ਚਾਹੀਏ। ਅਜੇਹੇ ਪਖੰਡੀ ਲੋਗ ਭਾਵੇਂ ਬਾਹਰ ਤੇ ਤਾਂ ਅਤੀਤ ਦਿਖਾਈ ਦੇਂਦੇ ਹਨ ਪਰ ਅਦਰੋਂ ਇਸਤ੍ਰੀਆਂ ਆਦਿਕ ਦੇ ਅਧੀਨ ਅਤੇ ਕਾਮ ਕ੍ਰੋਧ ਵਿਚ ਪਰਬੀਨ ਹੁੰਦੇ ਹਨ। ਉਨ੍ਹਾਂ ਦਾ ਜੀਵਨ ਸਿੰਬਲ ਦੇ ਰੁੱਖ ਦੀ ਨਿਆਈਂ ਨਿਸਫਲ ਹੁੰਦਾ ਹੈ। ਪਰੰਤੂ ਅਜੇਹੇ ਫੋਕਟ ਕਰਮਾਂ ਕਰਕੇ ਮੁਕਤੀ ਨਹੀਂ ਪ੍ਰਾਪਤ ਹੁੰਦੀ, ਕਿਉਂਕਿ ਮੁਕਤੀ ਦਾ ਸਾਧਨ ਕੇਵਲ ਗਾਨ ਹੈ, ਗਾਨ ਤੇ ਬਿਨਾਂ ਹੋਰ ਕੋਈ ਮੁਕਤੀ ਦਾ ਉਪਾਇ ਨਹੀਂ ਹੈ।

ਕਬਿੱਤ

**ਭੂਤ ਬਨ ਚਾਰੀ ਛਿਤ ਛਉਨਾ ਸਭੈ ਦੂਧਾ ਧਾਰੀ ਪਉਨ ਕੇ ਅਹਾਰੀ ਸੋ ਭੁਜੰਗ ਜਾਨੀਅਤ ਹੈ। ਤ੍ਰਿਣ ਕੇ ਭਛਯਾ ਧਨ ਲੋਭ ਕੇ ਤਜਯਾ ਤੇ ਤੋ ਗਊਅਨ ਕੇ ਜਯਾ ਬ੍ਰਿਖਭਯਾ ਮਾਨੀਯਤੁ ਹੈ॥ ਨਭ ਕੇ ਉੱਡਯਾ ਤਾਹਿ ਪਛੀ ਕੀ ਬਡਯਾ ਦੇਤ ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈ॥ ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ ਐਸੇ ਨਾ ਪਰਪਚ ਮਨ ਭੂਲ ਆਨੀਅਤ ਹੈ।**

ਇਸ ਬਚਨ ਵਿਚ ਭੀ ਗੁਰੂ ਜੀ ਨੇ ਪਖੰਡ ਦਾ ਖੰਡਨ ਕੀਤਾ ਹੈ ਕਿਉਂਕਿ ਇਸ ਦੇਸ ਵਿਚ ਬਹੁਤ ਪੁਰਖ ਬਨ ਵਿਚ ਫਿਰਨੇ ਵਾਲੇ ਅਤੇ ਦੂਧਾਧਾਰੀ ਪੁਰਖਾਂ ਨੂੰ ਹੀ ਮਹਾਤਮਾ ਜਾਨਦੇ ਹਨ। ਕੇਈ ਪੌਨਹਾਰੀ ਹੋਣ ਨੂੰ ਹੀ ਸਿੱਧੀ ਸਮਝਦੇ ਹਨ। ਗੁਰੂ ਜੀ ਨੇ ਕਥਨ ਕੀਤਾ ਹੈ ਕਿ ਭੂਤ ਬਨਾਂ ਵਿੱਚ ਹੀ ਵਿਚਰਦੇ ਹਨ ਅਤੇ ਬਾਲਕ ਜੋ ਛੋਟੇ ਛੋਟੇ ਹਨ ਸੋ ਦੁੱਧ ਪਰ ਹੀ ਅਪਨੇ ਪ੍ਰਾਣਾਂ ਦੀ ਰੱਖਾ ਕਰਦੇ ਹਨ। ਇਸੀ ਪ੍ਰਕਾਰ ਜੋ ਕਈਂ ਅਜਗਰ ਸਰਪ ਪੌਨ ਖਾ ਕੇ ਹੀ ਗੁਾਰਾ ਕਰਦੇ ਹਨ ਸੋ ਅਜੇਹੇ ਪੁਰਖਾਂ ਨੂੰ ਇਨ੍ਹਾਂ ਜੀਵਾਂ ਦੇ ਤੁਲ ਸਮਝਨਾ ਚਾਹੀਦਾ ਹੈ। ਫੇਰ ਜੋ ਲੋਗ ਸਾਗ ਪਾਤ ਖਾ ਕੇ ਅਰ ਧਨ ਦਾ ਤਾਗ ਕਰਕੇ ਸਿੱਧ ਕਹਾਉਨਾ ਚਾਹੁੰਦੇ ਹਨ ਸੋ ਬੈਲ ਜਾਨਨੇ ਜੋਗ ਹਨ। ਜੋ ਲੋਗ ਅਕਾ ਵਿੱਚ ਉਡਾਰੀਆਂ ਲਾਉਨੀਆਂ ਅਰ ਜੋਗ ਧਾਨ ਲਾ ਕੇ ਸਮਾਧੀ ਵਿਚ ਮਗਨ ਰਹਨ ਕਰਕੇ ਮਹਾਤਮਾਤਾਈ ਮਿਲਦੀ ਜਾਨਦੇ ਹਨ ਉਹ ਪਖੀਆਂ; ਬਿੱਲਾਂ ਅਤੇ



ਬਗਲਿਆਂ ਦੀ ਨਿਆਈਂ ਹਨ। ਇਸ ਤੇ ਇਹ ਸਿੱਧ ਹੋਇਆ ਕਿ ਅਜੇਹੇ ਕਰਮਾਂ ਤੇ ਮੁਕਤੀ ਨਹੀਂ ਹੁੰਦੀ; ਕਿਉਂਕਿ ਜੋ ਗਾਨਮਾਨ ਪੁਰਖ ਹਨ ਸੋ ਆਪਨੇ ਆਪ ਦਾ ਗਾਨ ਪਾ ਕੇ ਅਜੇਹੇ ਪਖੰਡਾਂ ਵਿੱਚ ਭੁੱਲਕੇ ਭੀ ਮਨ ਨਹੀਂ ਲਗਾਉਂਦੇ।

**ਪੁਨਾਃ ਕਬਿੱਤ**

**ਭੂਮ ਕੇ ਬਸੱਯਾ ਤਾਹਿ ਭੂਚਰੀ ਕੇ ਜੱਯਾ ਕਹੈ**
**ਨਭ ਕੇ ਉਡਯਾ ਸੋ ਚਿਰਯਾ ਕੈ ਬਖਾਨੀਐ॥**
**ਫਲ ਕੇ ਭਛਯਾ ਤਾਹਿ ਬਾਂਦਰੀ ਕੇ ਜਯਾ ਕਹੇ**
**ਆਦਿਸ ਫਿਰਯਾ ਤੇਤੋ ਭੂਤ ਕੇ ਪਛਾਨੀਐ॥**
**ਜਲ ਕੇ ਤਰਯਾ ਕੋ ਗੰਗੇਰੀ ਸੀ ਕਹਤ ਜਗ**
**ਆਗ ਕੇ ਭਛਯਾ ਸੋ ਚਕੋਰ ਸਮ ਮਾਨੀਐ॥**
**ਸੂਰਜ ਸਿਵਯਾ ਤਾਂਹਿ ਕੌਲ ਕੀ ਬਡਾਈ ਦੇਤ**
**ਚੰਦਰਮਾਂ ਸਿਵਯਾ ਕੋ ਕਵੀ ਕੇ ਪਹਿਚਾਨੀਐ॥"** (ਅਕਾਲ ਉਸਤਤ **73**)

ਇਸ ਪਵਿੱਤ੍ਰ ਬਚਨ ਵਿੱਚ ਗੁਰੂ ਜੀ ਨੇ ਸਿੱਧੀਆਂ ਦਾ ਖੰਡਨ ਕਰਕੇ ਖਾਲਸਾ ਨੂੰ ਉਪਦੇ ਕੀਤਾ ਹੈ ਕਿ ਇਨ੍ਹਾਂ ਵਿਚ ਨਾ ਲੁਭਾ ਜਾਣ। ਗੁਫਾ ਵਿੱਚ ਵਸਣੇ ਵਾਲਾ ਚੂਹੇ ਦਾ ਬੱਚਾ ਸਮਝਣਾ, ਅਕਾ ਵਿੱਚ ਉੱਡਨ ਵਾਲਾ ਚਿੜੀ ਦਾ ਪੁੱਤ੍ਰ ਕਥਨ ਕਰਨਾ ਚਾਹੀਏ। ਜੋ ਫਲ ਫੁੱਲ ਖਾ ਕੇ ਨਿਰਬਾਹ ਕਰਦੇ ਹਨ ਸੋ ਬਾਂਦਰੀ ਦੇ ਬੱਚੇ ਹਨ। ਜੋ ਕਿਸੇ ਦੀ ਨਰ ਵਿੱਚ ਨਹੀਂ ਆਉਂਦੇ ਸੋ ਭੂਤਨਿਆਂ ਦੇ ਭਾਈ ਹਨ। ਜੋ ਪਾਣੀ ਪਰ ਦੀ ਸੁੱਕੇ ਪੈਰੀਂ ਤਰ ਜਾਂਦੇ ਹਨ ਗੰਗੇਰੀ ਜੀਵ ਹਨ। ਜੋ ਅੱਗ ਨੂੰ ਮੂਹ ਵਿੱਚ ਪਾ ਲੈਂਦੇ ਹਨ ਸੋ ਚਕੋਰ ਦੇ ਸਾਥੀ ਹਨ। ਇਸੀ ਪ੍ਰਕਾਰ ਸੂਰਜ ਦੇ ਉਪਾਕ ਕਵਲਾਂ ਅਤੇ ਚੰਦਰਮਾਂ ਦੇ ਪੂਜਨ ਵਾਲੇ ਕਵੀਆਂ ਦੇ ਗੋਤੀ ਕਹਲਾਉਂਦੇ ਹਨ। ਇਸ ਤੇ ਇਹ ਸਿੱਧ ਹੋਇਆ ਕਿ ਏਨ੍ਹਾਂ ਕਰਤਬਾਂ ਤੇ ਕੋਈ ਕਾਰਜ ਭੀ ਸਿੱਧ ਨਹੀਂ ਹੁੰਦਾ।

ਇਸੀ ਤਰ੍ਹਾਂ ਨਾਲ ਗੁਰੂ ਜੀ ਨੇ ਝੁਕ ਝੁਕ ਕੇ ਸਜਦੇ ਅਤੇ ਅਟਾਂਗ ਪਰਣਾਮ ਕਰਨੇ ਵਾਲੇ ਅਰ ਉਰਧ ਮੁਖ ਕਰ ਕੇ ਪਏ ਰਹਨ ਵਾਲੇ ਪੁਰਖਾਂ ਦੇ ਪਖੰਡ ਦਾ ਇਸ ਪ੍ਰਕਾਰ ਖੰਡਨ ਕੀਤਾ ਹੈ। ਯਥਾ :–

**ਕਬਿੱਤ**

**ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ**
**ਪੋਸਤੀ ਅਨੇਕ ਦਾ ਨਿਵਾਵਤ ਹੈ ਸੀਸ ਕੌ॥**

**ਕਹਾਂ ਭਇਓ ਮੱਲ ਜੋ ਪੈ ਕਾਢਤ ਅਨੇਕ ਡੰਡ**
**ਸੋ ਤੌ ਨਾ ਦੰਡੌਤ ਅਸਟਾਂਗ ਅਥਤੀਸ ਕੋ॥**
**ਕਹਾਂ ਭਇਓ ਰੋਗੀ ਜੌ ਪੈ ਡਾਰਿਓ ਰਹਿਓ ਉਰਧ ਮੁਖ**
**ਮਨ ਤੇ ਨ ਮੂਡ ਨਿਹਰਾਯੋ ਆਦਿ ਈਸ ਕੌ॥**
**ਕਾਮਨਾ ਅਧੀਨ ਸਦਾ ਦਾਮਨਾ ਪਰਬੀਨ**
**ਏਕ ਭਾਵਨਾ ਬਿਹੀਨ ਕੈਸੇ ਪਾਵੇ ਜਗਦੀਸ ਕੌ॥"** (ਅ. ਉ. 79)

ਇਸ ਤੇ ਅੱਗੇ ਜੋ ਮੁਸਲਮਾਨ ਲੋਗ ਪਜ ਵੇਰ ਨਮਾ ਪੜ੍ਹਨੀ ਅਤੇ ਬਾਂਗ ਦੇਨੀ੍ ਦਾ ਦਾ ਹੁਕਮ ਆਖਦੇ ਹਨ ਅਰ ਹਿੰਦੂ ਲੋਕ ਕਾਂਸੀ ਵਿੱਚ ਕਰਵੱਤਰ ਲੈਣ ਨੂੰ ਈ੍ਵਰ ਦੀ ਆਗਾ ਆਖਦੇ ਹਨ ਸੋ ਅਜੇਹੇ ਕਰਮਾਂ ਦਾ ਭੀ ਗੁਰੂ ਜੀ ਨੇ ਲਸਾ ਪ੍ਰਤਿ ਖਡਨ ਕਰ ਦਿੱਤਾ ਅਤੇ ਆਖਿਆ ਕਿ ਐਵੇਂ ਕਿਤੇ ਜਾਨ ਨਾ ਖੋਂਦੇ ਰਹਿਨਾ, ਯਥਾ :–

**ਕਬਿੱਤ**

**ਪਚ ਬਾਰ ਗੀਦਰ ਪੁਕਾਰੇ ਪਰੇ ਸੀਤਕਾਲ**
**ਕੁੰਚਰ ਔ ਗਦਹਾ ਅਨੇਕਦਾ ਪੁਕਾਰਹੀ॥**
**ਕਹਾ ਭਇਓ ਜੋ ਪੈ ਕਲਵੱਤ੍ਰ ਲੀਓ ਕਾੀ ਬੀਚ**
**ਚੀਰ ਚੀਰ ਚੋਰਟਾ ਕੁਠਾਰਨ ਸੋਂ ਮਾਰ ਹੀਂ॥**
**ਕਹਾਂ ਭਇਓ ਫਾਸੀ ਡਾਰ ਬੂਡਿਓ ਜਲ ਗੰਗ ਧਾਰ**
**ਡਾਰ ਡਾਰ ਫਾਸ ਠਗ ਮਾਰ ਮਾਰ ਡਾਰਹੀ॥**
**ਡੂਬੇ ਨਰਕ ਧਾਰ ਮੂੜ੍ਹ ਗਿਆਨ ਕੇ ਬਿਨਾ ਬਿਚਾਰ**
**ਭਾਵਨਾ ਬਿਹੀਨ ਕੈਸੇ ਗਿਆਨ ਕੋ ਬਿਚਾਰਹੀ"॥** (ਅ. ਉ. 83)

ਇਸੀ ਪ੍ਰਕਾਰ ਜੋ ਲੋਗ ਸਿਰ ਮਾਰ ਮਾਰ ਕੇ ਇਹ ਆਖਦੇ ਹਨ ਕਿ ਸਾਨੂੰ ਪਰਮੇ੍ਵਰ ਪਾਸੇ ਦਾ ਹਾਲ ਚੜ੍ਹਿਆ ਹੋਇਆ ਹੈ ਯਾ ਅੱਕ ਆਦਿਕ ਬ੍ਰਿਖਾਂ ਦੇ ਪੱਤੇ ਖਾ ਕੇ ਸਿੱਧ ਸਦਾਉਂਦੇ ਹਨ ਉਨ੍ਹਾਂ ਦੇ ਖਿਆਲ ਪ੍ਰਤਿ ਗੁਰੂ ਜੀ ਨੇ ਖਡਨ ਕਰਨ ਲਈ ਲਸਾ ਨੂੰ ਇਹ ਉਪਦੇ ਕੀਤਾ, ਯਥਾ :–

**ਸੀਸ ਪਟਕਤ ਜਾਂਕੇ ਕਾਨ ਮੈਂ ਖਜੂਰਾ ਧਸੈ**
**ਮੂਡ ਛਟਕਤ ਮਿਤ੍ਰ ਪੁਤ੍ਰ ਹੂ ਕੇ ਸੋਕ ਸੌ॥**
**ਆਕ ਕੋ ਚਰਯਾ ਫਲ ਫੂਲ ਕੋ ਭਛਯਾ**



**ਸਦਾ ਬਨ ਕੋ ਭ੍ਰਮਯਾ ਔਰ ਦੂਸਰੋ ਨ ਬੋਕ ਸੌ॥**
**ਕਹਾ ਭਯੋ ਭੇਡ ਜੋ ਘਸਤ ਸੀਸ ਬ੍ਰਿਛਨ ਸੌ**
**ਮਾਟੀ ਕੋ ਭਛਯਾ ਬੋਲ ਪੂਛ ਲੀਜੈ ਜੋਕ ਸੌ॥**
**ਕਾਮਨਾ ਅਧੀਨ ਕਾਮ ਕ੍ਰੋਧ ਮੈਂ ਪਰਬੀਨ**
**ਏਕ ਭਾਵਨਾ ਬਹੀਨ ਕੈਸੇ ਭੇਟੇ ਪਰਲੋਕ ਸੌ।** (ਅ. ਉ. 80)

ਇਸ ਤੇ ਬਿਨਾਂ ਪੱਥਰ ਪੂਜਾ, ਮੂਰਤੀ ਪੂਜਾ, ਚਾਰੇ ਧਾਮਾਂ ਦਾ ਪਰਸਨਾ ਅਤੇ ਮੱਕੇ ਮਦੀਨੇ ਆਦਿਕ ਦੇ ਵਿਚ ਜਾ ਕੇ ਪਰਮੇ੍ਵਰ ਦੇ ਲਭਣੇ ਪਰ ਭੀ ਸਿੱਖਾਂ ਨੂੰ ਗੁਰੂ ਜੀ ਨੇ ਇਹ ਉਪਦੇ ਕੀਤਾ, ਯਥਾ :

**ਕਬਿੱਤ**

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂੰ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ"॥** (ਸੁਧਾ ਸਵੱਯੇ)

ਇਸ ਤੇ ਬਿਨਾ ਸਿੱਖ ਨੂੰ ਰਾਮ, ਰਹੀਮ, ਪੁਰਾਨ, ਕੁਰਾਨ ਅਤੇ ਵੇਦ ਕਤੇਬ ਸਿਮ੍ਰਤੀਆਂ ਆਦਿਕ ਦੇ ਜੰਜਾਲ ਸੇ ਛੁਡਾਕੇ ਕੇਵਲ ਇੱਕ ਅਕਾਲ ਪੁਰਖ ਦੇ ਅਰਾਧਨ ਦਾ ਇਸ ਪ੍ਰਕਾਰ ਉਪਦੇ ਕੀਤਾ, ਯਥਾ :

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨੋ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਿੋ॥**
**ਸਿਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਿੋ॥**
**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰ ਮੈ ਨ ਕਹੋ ਸਭ ਤੋਹਿ ਬਖਾਨੋ"।**

ਇਸ ਤੇ ਬਿਨਾਂ ਸਿੰਘਾਂ ਨੂੰ ਸੂਰਬੀਰਤਾ ਦੇ ਉਪਦੇ ਅਜੇਹੇ ਕੀਤੇ ਜੋ ਅਧਿਭੁਤ ਅਤੇ ਅਨੂਪਮ ਹਨ। ਨਾਲ ਹੀ ਸਿੱਖਾਂ ਨੂੰ ਇਹ ਭੀ ਜਤਾਇਆ ਕਿ ਤੁਸੀਂ ਕੇਵਲ ਪਰ ਉਪਕਾਰ ਦੇ ਵਾਸਤੇ ਅਰਥਾਤ ਦੁਟਾਂ ਦੇ ਦਮਨ ਕਰਨੇ ਅਤੇ ਸੰਤਾਂ ਦੇ ਉਧਾਰ ਲਈ

ਪੈਦਾ ਕੀਤੇ ਗਏ ਹੋ, ਸੋ ਤੁਸੀਂ ਯੁੱਧ ਨੂੰ ਆਪਨਾ ਇਟ ਸਮਝ ਕੇ ਸਦਾ ਹੀ ਤਿਆਰ ਬਰ ਤਿਆਰ ਰਹਿਨਾ। ਕਿਉਂਕਿ ਸੰਸਾਰ ਪਰ ਓਹੋ ਪੁਰਖ ਪੈਦਾ ਹੋਏ ਉੱਤਮ ਗਿਨੇ ਜਾਂਦੇ ਹਨ, ਜਿਨ੍ਹਾਂ ਵਿੱਚ ੂ ਰਬੀਰਤਾ ਹੁੰਦੀ ਹੈ। ਜੈਸਾ ਕਿ ਨਾਟਕ ਵਿੱਚ ਸੁਮਿੱਤ੍ਰਾ ਜੀ ਦਾ ਇਹ ਵਾਕ ਹੈ, ਕਿ ਰਾਮ ਲਛਮਨ ਜੂ ਕੇ ਗੀਲੇ ਗੀਲੇ ਘਾਉ ਦੇਖ ਕਹਿਯੋ ਸੁਤ ਸੂਰ ਜਨਨੀ ਜਨੇ ਨਾ ਔਰ ਜਗ ਮੈਂ" ਇਸੀ ਪ੍ਰਕਾਰ ਰਾਵਨ ਨੇ ਭੀ ਆਪਨੇ ਪੁੱਤ੍ ਨੂੰ ਯੁੱਧ ਸਮਯ ਏਹੋ ਉਪਦੇ ਕੀਤਾ ਸੀ, ਯਥਾ :

**ਸ੍ਵੈਯਾ**

**ਪ੍ਰੇਮ ਸੋ ਨੈਨ ਬਹੇ ਗੁਨ ਗਾਵਤ ਨਾਚਤ ਸ੍ਵੈਦ ਚਲੇ ਸਭ ਅਗਾ॥**
**ਕੈ ਰਣ ਮੈ ਗਹਿ ਖੱਗ ਭਲੀ ਬਿਧ ਲੌਹੂ ਸੋ ਘਾਉ ਭਏ ਅਰਧੰਗਾ॥**
**ਏ ਦੋਊ ਪੂਤ ਜਨੇ ਜਨਨੀ ਜਗ ਔਰ ਸਭੈ ਸੁਤ ਕੀਟ ਪਤੰਗਾ॥**
**ਜੱਗ ਕੋ ਜੀਵਨ ਜੱਗ ਕੋ ਠਾਕਰ ਸੋ ਨਰ ਹੋਤ ਹੈ ਗੰਗ ਕੋ ਗੰਗਾ॥**

ਇਸੀ ਪਰ ਰਾਜਾ ਭਰਥਰੀ ਨੇ ਭੀ ਲਿਖਿਆ ਹੈ ਕਿ ਖੜਗੋਂ ਕੇ ਅੱਗਰ ਕਰ ਕਰੀ ਕੁੰਭ ਪੀਠਨ ਕੋ ਪੀਠ ਯਸ ਕੀਠ ਕੀਨੋ ਸੁਰਲੋਕ ਮੈਂ"। ਇਸੀ ਤਰ੍ਹਾਂ ਇੱਕ ਮਹਾਤਮਾ ਦਾ ਬਚਨ ਹੈ ਕਿ ਜਨਨੀ ਜਨੇ ਤੇ ਭਗਤ ਜਨ ਕੈ ਦਾਤਾ ਕੈ ਸੂਰ॥ ਨਹੀਂ ਤੋਂ ਜਨਨੀ ਬਾਂਝ ਰਹੁ ਕਾਹੇ ਗਵਾਵੈ ਨੂਰ"॥

ਗੁਰੂ ਜੀ ਨੇ ਇਸ ਪਥ ਨੂੰ ਬਲਵਾਨ ਛੱਤ੍ਰੀ ਪੈਦਾ ਕੀਤਾ ਸੀ ਜਿਸਤੇ ਅਜੇਹੇ ੂ ਰਬੀਰਤਾ ਦੇ ਉਪਦੇ ਕੀਤੇ ਜਿਨ੍ਹਾਂ ਤੇ ਇਹ ਯੁੱਧ ਵਿੱਚ ਅਪਨੇ ਛੱਤ੍ਰੀ ਧਰਮ ਦਾ ਪਾਲਨ ਕਰਕੇ ਸੰਸਾਰ ਪਰ ਯ ਲੈਨ; ਯਥਾ :

**ਪੁਨਃ ਸ੍ਵੈਯਾ**

**ਧੰਨ ਜੀਓ ਤਹਿ ਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ॥**
**ਦੇਹ ਅਨਿੱਤ ਨ ਨਿੱਤ ਰਹੈ ਜਸ ਨਾਵ ਚੜ੍ਹੈ ਭਵ ਸਾਗਰ ਤਾਰੈ॥**
**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜਿਆਰੈ॥**
**ਗਾਨਹ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥"**

**2492 ਕ੍ਰਿ.ਅਵ.**

**ਪੁਨਃ ਸ੍ਵੈਯਾ**

**ਹੇ ਰਵਿ ਹੇ ਸਸਿ ਹੇ ਕਰਣਾਨਿਧ ਮੇਰੀ ਅਬੈ ਬਿਨਤੀ ਸੁਨ ਲੀਜੈ।**



**ਔਰ ਨ ਮਾਂਗਤ ਹਉ ਤੁਮ ਤੇ ਕੁਛ ਚਾਹੁਤ ਹੌਂ ਚਿਤ ਮੈਂ ਸੋਈ ਕੀਜੈ।**
**ਸਤ੍ਰਨ ਸੋ ਅਤਿ ਹੀ ਰਣ ਭੀਤਰ ਜੂਝ ਮਰੌਂ ਤਊ ਸਾਚ ਪਤੀਜੈ॥**
**ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ ਯਾਮ ਇਹੈ ਬਰ ਦੀਜੈ।**

**2900 ਕ੍ਰਿ.ਅਵ.**

ਇਨ੍ਹਾਂ ਉਪਦੇਾਂ ਤੇ ਇਹ ਸਾਬਤ ਕਰ ਦਿੱਤਾ ਹੈ ਕਿ ਸੂਰਜ ਅਤੇ ਚੰਦਰਮਾਂ ਦੇ ਪਰਕਾ ਵਿੱਚ ੂ ਰਬੀਰ ਹੋਰ ਕੋਈ ਕੰਮ ਨਾ ਕਰਨ ਕਿੰਤੂ ਦੁਰਜਨਾਂ ਦੇ ਵਿਡਾਰ ਅਤੇ ਅਨਾਥਾਂ ਦੇ ਉਧਾਰ ਲਈ ਯੁੱਧ ਦਾ ਹੀ ਸਾਮਾਨ ਪੈਦਾ ਕਰਨ ਲਈ ਪਰਮਾਤਮਾਂ ਤੇ ਵਰ ਮਗਨ, ਜਿਸ ਤੇ ਅਕਾਲ ਪੁਰਖ ਦੀ ਪ੍ਰਜਾ ਸਦਾ ਸੁਖ ਨਾਲ ਸੰਸਾਰ ਉੱਤੇ ਵਸੇ।

ਫੇਰ ਸਿੱਖਾਂ ਨੂੰ ਉਪਦੇ ਕੀਤਾ ਕਿ ਇਹ ਸੰਸਾਰ ਨਦੀ ਦੇ ਵਹਿਨ ਵਾਂਗ ਚਲਨੇ ਵਾਲਾ ਹੈ। ਇਸ ਵਿੱਚ ਕੋਈ ਥਿਰ ਨਹੀਂ ਰਿਹਾ। ਤਾਂ ਤੇ ਤੁਸੀਂ ਸਦਾ ਹੀ ਹੰਕਾਰ, ਅਭਿਮਾਨ ਆਦਿਕ ਤੇ ਬਚੇ ਰਹਨਾ ਅਤੇ ਸਦਾ ਹੀ ਵੈਰਾਗਯ ਨੂੰ ਧਾਰਨ ਕਰਨਾ। ਜੈਸਾ ਇਹ ਉਪਦੇ ਹੈ :

ਯਥਾ : **ਜਿਨੈ ਦੀਪ ਦੀਪ ਦੁਹਾਈ ਫਿਰਾਈ**
**ਭੁਜਾ ਦੰਡ ਦੈ ਛੋਣਿ ਛੱਤ੍ਰੰ ਛਿਨਾਈ॥**
**ਕਰੇ ਜੰਗ ਕੋਟੰ ਜਸੰ ਅਨੇਕ ਲੀਤੇ॥**
**ਵਹੈ ਬੀਰ ਬੰਕੇ ਬਲੀ ਕਾਲ ਜੀਤੇ॥**
**ਕਈ ਕੋਟ ਲੀਨੇ ਜਿਨੈ ਦੁਰਗ ਢਾਹੇ**
**ਕਿਤੇ ਸੂਰਬੀਰਾਨ ਦੇ ਬੈਨ ਗਾਹੇ॥**
**ਕਈ ਜੰਗ ਕੀਨੇ ਸੁਸਾਕੇ ਪਵਾਰੇ॥**
**ਵਹੈ ਦੀਨ ਦੇਖੇ ਗਿਰੇ ਕਾਲ ਮਾਰੇ॥"**

ਪੁਨ :- **ਕਬਿੱਤ-ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ॥**
**ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ॥**
**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ॥**
**ਏਤੇ ਭਏ ਤੁ ਕਹਾ ਭਏ ਭੂਪਤਿ ਅਤ ਕੋ ਨਾਂਗੇ ਹੀ ਪ ਾਂਇ ਪਧਾਰੇ॥"**

**ਅ.ਉ. 22**

ਪੁਨ : **ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ॥**
**ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ॥**

**ਗਾੜ੍ਹੇ ਗੜ੍ਹਾਨ ਕੋ ਤੋੜਨਹਾਰ ਸੁ ਬਾਬਤ ਹੀਂ ਚੱਕ ਚਾਰ ਲਵੱਯਾ॥**
**ਸਾਹਿਬੁ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ।”**
**ਅ.ਉ. 28**

ਏਹ ਸਾਰੇ ਉਪਦੇ ਕਰਕੇ ਪਿੱਛੋਂ ਏਹ ਆਖਾ ਕਿ ਸਭ ਤੇ ਵਧ ਕੇ ਤੁਹਾਨੂੰ ਆਪਸ ਦਾ ਮਿਲਾਪ ਰੱਖਨਾ ਰੂਰੀ ਹੈ; ਕਿਉਂਕਿ ਜਿਨ੍ਹਾਂ ਦਾ ਆਪਸ ਵਿੱਚ ਇਤੰਾਕ ਹੁੰਦਾ ਹੈ ਸੋ ਪੁਰਖ ਹਮੇਂ ਹੀ ਫਤੇਹ ਪਾਉਂਦੇ ਹਨ ਅਤੇ ਉਨ੍ਹਾਂ ਦੇ ਪਾਸ ਸਾਰੀਆਂ ਨਿਧਾਂ ਚਰਨਾਂ ਦੀਆਂ ਦਾਸੀਆਂ ਹੋ ਕੇ ਰਹਿੰਦੀਆਂ ਹਨ। ਤੁਸੀਂ ਦੇਖਦੇ ਹੋ ਕਿ ਰਾਮਚੰਦ੍ਰ ਨੇ ਰਾਵਨ ਨੂੰ ਇਸੇ ਵਾਸਤੇਂ ਤਹ ਕਰ ਲੀਤਾ ਸੀ ਕਿ ਉਨ੍ਹਾਂ ਚੌਹਾਂ ਭਾਈਆਂ ਦਾ ਮਿਲਾਪ ਸੀ ਅਤੇ ਰਾਵਨ ਨੂੰ ਉਸਦੇ ਘਰ ਵਿਚ ਨਫਾਕ ਨੇ ਮਰਵਾ ਦਿੱਤਾ। ਇਸੀ ਪ੍ਰਕਾਰ ਤੁਸੀਂ ਮਹਾਂ ਭਾਰਤ ਨੂੰ ਪੜ੍ਹਕੇ ਦੇਖ ਲੇਵੋ ਕਿ ਪਜੇ ਪਾਂਡਵਾਂ ਨੇ ਕੈਰਵਾਂ ਪਰ ਇਸੇ ਵਾਸਤੇਂ ਤਹ ਪਾਈ ਸੀ ਕਿ ਉਨ੍ਹਾਂ ਪਜਾਂ ਦਾ ਆਪਸ ਵਿੱਚ ਇਤਫਾਕ ਸੀ, ਜਿਸ ਪਰ ਰਾਜਾ ਯੁਧਿਟਰ ਨੇ ਦੁਰਜੋਧਨ ਨੂੰ ਇਹੋ ਆਖਿਆ ਸੀ ਕਿ ਹੇ ਦੁਟ ਸੁਭਾਵ ਦੁਰਯੋਧਨ ਤੂੰ ਇਹ ਖਿਆਲ ਨਾ ਕਰ ਜੋ ਅਸੀਂ ਪਜ ਭਾਈ ਹਾਂ ਕਿੰਤੂ ਤੂੰ ਏਹ ਜਾਨ ਕਿ ਅਸੀਂ ਪਜੇ ਇੱਕ ਹਾਂ ਜਿਸ ਤੇ ਤੇਰੇ ਪਰ ਫਤਹ ਪਾਵਾਂਗੇ”। ਇਸ ਤੇ ਤੁਸੀਂ ਦੇਖ ਸਕਦੇ ਹੋ ਕਿ ਮਿਲਾਪ ਦਾ ਕੇਡਾ ਪਰਤਾਪ ਹੈ। ਫੇਰ ਤੁਸੀਂ ਏਹਨਾਂ ਦ੍ਰਿਟਾਂਤਾਂ ਨੂੰ ਯਾਦ ਰੱਖਨਾ ਜੋ ਤੁਹਾਨੂੰ ਦਿੱਤੇ ਜਾਂਦੇ ਹਨ। ਜੈਸਾ ਗੰਧਕ, ੋਰੇ ਅਤੇ ਕੋਇਲੇ ਵਿੱਚ ਕੱਲੇ-ਕੱਲੇ ਵਰਤਿਆ ਕੋਈ ਸਮਰੱਥਾ ਨਹੀਂ ਹੁੰਦੀ ਪ੍ਰਤੂ ਜਦ ਇਨ੍ਹਾਂ ਨੂੰ ਮਿਲਾਕੇ ਬਾਰੂਦ ਬਨਾਇਆ ਜਾਂਦਾ ਹੈ ਤਦ ਤੁਸੀਂ ਦੇਖ ਸਕਦੇ ਹੋ ਕਿ ਉਸ ਵਿੱਚ ਕਿਤਨੀ ਸਮਰੱਥਾ ਹੋ ਜਾਂਦੀ ਹੈ। ਇਸੀ ਪ੍ਰਕਾਰ ਘਾਸ ਦਾ ਇੱਕ ਇੱਕ ਤਿਨਕਾ ਕੁਛ ਸਮਰੱਥਾ ਨਹੀਂ ਰੱਖਦਾ ਪ੍ਰਤੂ ਉਨ੍ਹਾਂ ਤਿਨਕਿਆਂ ਨੂੰ ਮਿਲਾਕੇ ਰੱਸਾ ਵੱਟਿਆ ਹੋਇਆ ਵੱਡੇ ਮੱਤੇ ਹੋਏ ਹਾਥੀ ਨੂੰ ਬੰਨ੍ਹ ਰੱਖਦਾ ਹੈ।

ਦੋਹਿਰਾ – **ਦਸਮ ਗੁਰੂ ਨੇ ਪਥ ਨੂੰ ਇਹ ਸਮਝਾਇਆ ਜੋਇ।**
**ਸੋ ਇਸ ਪਿਆਰੇ ਾਲਸੇ ਮਨੀ ਗੱਲ ਨ ਕੋਇ॥ 1॥**

**ਦੂਯਾ**

**ਗੁਰ ਬਿਲਾਸ ਵਿੱਚ ਇੱਕ ਕਹਾਣੀ ਜੋ ਪੜ੍ਹਨੇ ਵਿੱਚ ਆਈ:**
**ਸਿੱਖਾਂ ਨੇ ਗੁਰੂ ਜੀ ਦੇ ਅੱਗੇ ਇਹ ਅਰਦਾਸ ਕਰਾਈ।**
**ਕਹੋ ਗੁਰੂ ਜੀ ਸਾਨੂੰ ਜਗ ਵਿੱਚ ਕੀ ਕੁਝ ਕਰਨਾ ਚਾਹੀਏ।**



**ਕਰ ਕਿਰਪਾ ਸਮਝਾਵੋ ਸਾਨੂੰ ਜਾਂ ਕਰ ਸੁਖ ਸੋਂ ਰਹੀਏ॥ 2॥**
**ਸੁਨਕੇ ਉੱਤਰ ਕੋਇ ਨ ਦਿੱਤਾ ਰਹੇ ਮੋਨ ਗੁਰ ਰਾਈ।**
**ਕੁਛਕ ਕਾਲ ਜਦ ਬੀਤ ਗਿਆ ਫਿਰ ਆਗਿਆ ਏਹ ਕਰਾਈ।**
**ਦੇਗਾਂ ਚਾੜ੍ਹ ਪੂਲਾਓ ਪਕਾਓ ਅਪਨੇ ਖਾਵਤ ਹੇਤਾ।**
**ਮਿੱਠਾ ਘਿਰਤ ਮਿਲਾਓ ਉਤਨਾ ਤੁਮਕੋ ਚਹੀਏ ਜੇਤਾ॥ 3॥**
**ਸੁਨਕੇ ਸਿੰਘ ਬਚਨ ਗੁਰ ਧਾਏ ਲੰਗਰ ਚਾਇ ਮਚਾਇਆ।**
**ਦੇਗਾਂ ਚਾੜ੍ਹ ਪੁਲਾਓ ਤੁਰਤ ਹੀ ਕਰਕੇ ਤਿਆਰ ਧਰਾਇਆ॥**
**ਆਇ ਸਿਆਮ ਨੂੰ ਗੁਰ ਦੇ ਅੱਗੇ ਹਾਥ ਜੋੜ ਸਿਰ ਨਾਏ।**
**ਕਿਰਪਾ ਨਿਧ ਕੀ ਆਗਿਆ ਪਾਕਰ ਅਸੀਂ ਪੁਲਾਓ ਪਕਾਏ॥ 4॥**
**ਹੁਣ ਜੋ ਹੁਕਮ ਆਪ ਦਾ ਹੋਵੇ ਸੋਈ ਕੀਤਾ ਜਾਵੇ।**
**ਧਰਾ ਰਹੇ ਕਿ ਪਥ ਾਲਸਾ ਸਭ ਵਰਤਾਕੇ ਖਾਵੇ।**
**ਜਦ ਇਹ ਅਰ ਸੁਨੀ ਗੁਰ ਪੂਰੇ ਮਨ ਦੇ ਮਾਂਹਿ ਵਿਚਾਰੀ।**
**ਦੇ ਦਿਟਾਂਤ ਇਨ੍ਹਾਂ ਪਰ ਚਹੀਏ ਕਹੀ ਹਕੀਕਤ ਸਾਰੀ॥ 5॥**
**ਕਰੀ ਗੁਰੂ ਨੇ ਆਗਿਆ ਉਨਕੋ ਦੇਗਾਂ ਸਰਬ ਉਠਾਓ।**
**ਉਸ ਜੰਗਲ ਦੇ ਵਿੱਚ ਜਾਇਕੇ ਧਰਤੀ ਪਰ ਉਲਟਾਓ।**
**ਇਰਦ ਗਿਰਦ ਦੇ ਪਿਡਾਂ ਵਿੱਚੋਂ ਕੁੱਤੇ ਕੱਠੇ ਕਰਨੇ।**
**ਇਸ ਪੁਲਾਓ ਦੇ ਭਰ ਭਰ ਪਿਆਲੇ ਸਭਨਾਂ ਅੱਗੇ ਧਰਨੇ॥ 6॥**
**ਮਨ ਵਿੱਚ ਸਿੰਘ ਅਚੰਭਾ ਕਰਦੇ ਬਚਨ ਮੋੜ ਨਹਿੰ ਸੱਕਨ।**
**ਇੱਕ ਦੂਸਰੇ ਦੇ ਸਭ ਬੈਠੇ ਮੂਹਾਂ ਵੱਲੋਂ ਤੱਕਨ॥**
**ਕਹਿਨ ਗੁਰੂ ਜੀ ਇਹ ਕੀ ਆਗਿਆ ਸਾਨੂੰ ਚੁੱਕ ਸੁਨਾਈ।**
**ਕੁਤਿਆਂ ਨੂੰ ਜਾਂ ਜੰਗਲ ਅਦਰ ਚਾਹਨ ਦੇਗ ਲੁਟਾਈ॥ 7॥**
**ਦੇਖ ਗੁਰੂ ਜੀ ਆਗਿਆ ਕੀਤੀ ਦੇਰ ਕਰਨ ਨਹਿੰ ਚੰਗੀ।**
**ਚੁੱਕੋ ਦੇਗਾਂ ਮਿਲ ਕਰ ਸਾਰੇ ਸੂਰੇ ਸਿੰਘ ਭੁਜੰਗੀ।**
**ਸੁਨਕੇ ਚੁੱਪ ਚਪੀਤੇ ਸਾਰੇ ਲੈ ਦੇਗਾਂ ਨੂੰ ਧਾਏ।**
**ਵਿੱਚ ਉਜਾੜ ਬਿਨਾਂ ਹੀ ਸੋਚੇ ਦੇਗੇ ਚਾ ਉਲਟਾਏ।**
**ਨੱਗ੍ਰਾਂ ਦੇ ਵਿੱਚ ਜਾ ਕੇ ਸਭਨਾਂ ਕੁੱਤੇ ਸੱਦ ਲਿਆਂਦੇ।**
**ਰੱਖ ਪਿਆਲੇ ਦਿੱਤੇ ਸਭ ਨੂੰ ਦੇਖਨ ਕਿੱਕੁਰ ਖਾਂਦੇ॥**

ਪਰ ਓਹ ਆਪਸ ਅਦਰ ਸਾਰੇ ਲੱਗ ਪਏ ਘੁਰਲਾਉਨ।
ਇੱਕ ਦੂਸਰੇ ਉੱਪਰ ਅਪਨਾ ਲੱਗੋ ਰ ਦਿਖਾਉਣ।। 9।।
ਝਵੀਆਂ ਲੈ ਲੈ ਵੱਢਨ ਪੈਂਦੇ ਸਕੇ ਭਰਾਵਾਂ ਤਾਈਂ।
ਭਾਹੋ ਰੌਲਾ ਚੁੱਕ ਮਚਾਇਆ ਲੜਦੇ ਪਏ ਅਜਾਹੀਂ।
ਖਾਣਾ ਪੀਣਾ ਰੱਖ ਕਨਾਰੇ ਲੜਨਾ ਅੱਗੇ ਕੀਤਾ।
ਅਪਨੇ ਹੀ ਘਰ ਦਿਆਂ ਦੇ ਚਾਹੁਨ ਲੜਕੇ ਬਦਲਾ ਲੀਤਾ।। 10।।
ਓੜਕ ਮੱਚੀ ਚਾਇ ਲੜਾਈ ਅਪਨੇ ਅਦਰ ਏਹੀ।
ਖਾਣ ਪੀਣ ਅਰ ਤਨ ਦੀ ਸੋਝੀ ਮੁੜਕੇ ਫੇਰ ਨ ਰੇਹੀ।।
ਇਤਨੇ ਵਿੱਚ ਜੰਗਲ ਦੇ ਮ੍ਰਿਗਾਂ ਖਬਰ ਉਨ੍ਹਾਂ ਦੀ ਪਾਈ।
ਕੁੱਤਿਆਂ ਨੂੰ ਇਹ ਚਾਉਲ ਪਚਨੇ ਔਖੇ ਦਿੱਸਨ ਭਾਈ।। 11।।
ਹੋਇ ਇੱਕਠੇ ਮਤਾ ਪਕਾਇਆ ਇਨ ਕੋ ਮਾਰ ਭਜਾਵੋ।
ਖਾਲੀ ਕਰੋ ਮਦਾਨ ਇਨ੍ਹਾਂ ਦਾ ਸਾਰਾ ਭੋਜਨ ਖਾਵੋ।
ਕਰ ਇਤਫਾਕ ਪਏ ਸਭ ਐਸੇ ਜੈਸੇ ਬਿਜਲੀ ਕੜਕੇ।।
ਸੁਨਕੇ ਗਰਜ ਉਨ੍ਹਾਂ ਦੀ ਭਾਰੀ ਕਿਤਨਿਆਂ ਦੇ ਮਨ ਧੜਕੇ।। 12।।
ਨੱਸ ਗਏ ਸਭ ਜਾਨਾਂ ਲੈ ਕੇ ਰਹਿੰਦੇ ਪਕੜ ਮੁਕਾਏ।
ਭਰੇ ਪਿਆਰੇ ਤੁਰਤ ਤਿਨ੍ਹਾਂ ਦੇ ਹੱਥੋਂ ਚਾਇ ਛੁਡਾਏ।।
ਹੋਇ ਨਚਿੰਤ ਖਾਇ ਮਨ ਭਾਇਆ ਸਭ ਆਨੰਦ ਕਰਾਇਆ।
ਕੁੱਤਿਆਂ ਨੇ ਉਸ ਕੁੱਤ ਪੁਣੇ ਦਾ ਉਸੀ ਸਮ ਫਲ ਪਾਇਆ।। 13।।
ਰਾਤਰ ਬਹਿਕੇ ਸਿੱਖਾਂ ਨੇ ਇਹ ਦੇਖੀ ਰਚਨਾ ਸਾਰੀ।
ਉੱਠ ਸਵੇਰੇ ਗੁਰ ਦੇ ਅੱਗੇ ਸੱਭੋ ਚਾਇ ਪੁਕਾਰੀ।।
ਕਹੀ ਗੁਰੂ ਨੇ ਇਸ ਵਿੱਚ ਭਾਈ ਕਹੋ ਤੁਸਾਂ ਕਿਆ ਜਾਤਾ।
ਜਿਸ ਤੇ ਅਪਨੇ ਮਨ ਦੀ ਸਾਰੇ ਖੋਲ੍ਹ ਸੁਨਾਵੋ ਬਾਤਾ।। 14।।
ਸਿੱਖਾਂ ਕਹੀ ਪਾਤਾਹ ਸੱਚੇ ਸਾਨੂੰ ਖਬਰ ਨ ਕੋਈ।
ਕਿਆ ਜਾਣੇ ਤੈਂ ਲੀਲ੍ਹਾ ਅਪਨੀ ਕੇੜ੍ਹੇ ਢੰਗ ਪਰੋਈ।
ਤਾਂਤੇ ਖੋਲ੍ਹ ਭੇਦ ਸਮਝਾਵੋ ਜੋ ਹੈ ਇਸ ਦੇ ਅਦਰ।
ਜਿਸ ਨੂੰ ਸੁਨਕਰ ਬਚੇ ਰਹਿਨ ਜਗ ਅਦਰ ਸਾਡੇ ਮਦਰ।। 15।।
ਹੱਸ ਕੇ ਕਹੀ ਗੁਰੂ ਨੇ ਸਿੱਖੋ ਇਹ ਦਿਟਾਂਤ ਤੁਸਾਂਨੂੰ।



ਪਰਗਟ ਸਨਮੁਖ ਕਰ ਦਿਖਲਾਯਾ ਪੁੱਛਿਆ ਜੋਇ ਅਸਾਨੂੰ।।
ਦੇਖੋ ਪੱਕੇ ਹੋਏ ਦੇਗੇ ਕੁੱਤਿਆਂ ਚਾਇ ਗੁਵਾਏ।
ਤਜ ਕਰ ਜਦੋਂ ਮਿਲਾਪੁ ਆਪਨਾ ਆਪਸ ਮਾਹਿੰ ਲੜਾਇ।। 16।।
ਤਾਂ ਤੇ ਤੁਸੀ ਯਾਦ ਇਹ ਰੱਖੋ ਮੈਂ ਭੀ ਤੁਮਰੇ ਤਾਈਂ।
ਏਸ ਦੇਸ ਦੀ ਬੀ ਸਿੱਖੋ ਜਿਤਨੀ ਹੈ ਠੁਕਰਾਈ।।
ਸੋ ਜੇ ਤੁਸੀਂ ਆਪ ਵਿਚ ਮਿਲਕੇ ਇਸ ਦੇ ਸੁਖ ਨੂੰ ਪਾਵੋ।
ਜਗ ਵਿਚ ਦੁਮਨ ਡਰਨ ਤੁਸਾਂ ਥੋਂ ਅਪਨਾ ਤੇਜ ਵਧਾਵੋ।। 17।।
ਅਰ ਜੇ ਆਪਸ ਅਦਰ ਲੜਕੇ ਇੱਕ ਦੂਜੇ ਨੂੰ ਮਾਰੋ।।
ਅਪਨੇ ਹੀ ਭਾਈਆਂ ਨੂੰ ਖੜਕੇ ਜੰਗ ਵਿਖੇ ਲਲਕਾਰੋ।।
ਏਸ ਨਿਆਮਤ ਦਿੱਤੀ ਦਾ ਜੇ ਕਦਰ ਨ ਕਰਹੋ ਭਾਈ।
ਰੱਖੋ ਯਾਦ ਹੋਵਸੀ ਸੋ ਗਤ ਜੋ ਕੁੱਤਿਆਂ ਨੇ ਪਾਈ।। 8।।
ਹੋਰ ਲੋਕ ਪਰਦੇਸੀ ਆ ਕੇ ਪਕੜ ਤੁਸਾਂ ਨੂੰ ਕੱਢਣ।
ਕਿਤਨਿਆਂ ਦੇ ਸਿਰ ਵਾਂਗ ਬੱਕਰੇ ਤੇਗਾਂ ਸੋਂ ਫੜ ਵੱਢਨ।।
ਸੱਭੋ ਕੁਛ ਹੱਥੋਂ ਖੋ ਬੈਠੇ ਹੋਇ ਨਿਮਾਣੇ ਹੌਲੇ।
ਦੂਸਰਿਆਂ ਤੇ ਸਿਰ ਪਰ ਖਾਵੋ ਵਾਂਗ ਨਿਤਾਣਿਆਂ ਪੌਲੇ।। 19।।
ਜੇ ਕਰ ਤੁਸਾਂ ਪਰੀਤ ਵਧਾਕੇ ਇੱਕ ਦੂਜੇ ਦੇ ਸੰਗੇ।
ਨੇਹੁ ਵਧਾਇਆ ਭਾਈਆਂ ਵਾਂਗਰ ਮਨ ਧਰ ਕੇ ਗੁਣ ਚੰਗੇ।।
ਸੱਭੋ ਲੋਗ ਤੁਸਾਂ ਤੇ ਡਰਸਨ ਕੋਇ ਨ ਨੇੜੇ ਆਵੇ।
ਨਹੀਂ ਜਗਤ ਵਿੱਚ ਹੋਰ ਅਜੇਹਾ ਜੋ ਤੁਧ ਆਨ ਡੁਲਾਵੇ।। 20।।
ਏਹ ਨਸੀਅਤ ਓੜਕ ਦੀ ਮੈਂ ਆਪ ਤੁਸਾਂ ਨੂੰ ਆਖੀ।
ਵਿੱਚ ਰਿਦੇ ਦੇ ਧਰੋ ਏਸ ਨੂੰ ਭੁੱਲੋ ਮੂਲ ਨਾ ਸਾਖੀ।।
ਭਾਰਤ ਭਾਰ ਉਤਾਰ ਸੀਸ ਦੇ ਮੈਂ ਹੌਲਾ ਕਰ ਦਿਤਾ।
ਅਪਨਾ ਰੂਪ ਬਨਾਇ ਤੁਸਾਂ ਨੂੰ ਰਾਜ ਭਾਗ ਸਭ ਦਿੱਤਾ।। 21।।

ਨੋਟ” ਕਾ ਸਿੱਖਾਂ ਨੇ ਇਸ ਸਾਖੀ ਪਰ ਅਮਲ ਕੀਤਾ?

ਦੋਹਿਰਾ ਰਾਜਨੀਤ ਉਪਦੇ ਦਾ ਫੇਰ ਸੁਨਾਇਆ ਹਾਲ।
ਪਰਜਾ ਪਾਲਨ ਯੋਗ ਜੋ ਸੁਨੀਏ ਨਾਲ ਖਾਲ।।

ਗੁਰੂ ਜੀ ਨੇ ਸਿੰਘਾਂ ਨੂੰ ਇਹ ਭੀ ਉਪਦੇ ਕੀਤੇ ਕਿ ਜਦ ਤੁਸੀਂ ਇਸ ਦੇਸ ਦੇ ਰਾਜੇ ਅਤੇ ਮਹਾਰਾਜੇ ਹੋ ਜਾਵੋਗੇ ਤਾਂ ਉਸ ਸਮ ਨਾਇ ਅਤੇ ਪ੍ਰਜਾ ਪਾਲਨ ਵੱਲ ਖਾਲ ਰਖਨਾ। ਕਿਤੇ ਰਾਜਮਧ ਨਾਲ ਅਧੇ ਹੋਕੇ ਸੰਸਾਰਿਕ ਸੁਖਾਂ ਦੇ ਭੋਗਨ ਮਗਰ ਇਸ ਪ੍ਰਕਾਰ ਨਾਲ ਪੈ ਜਾਨਾ ਜਿਸ ਪ੍ਰਕਾਰ ਭੁੱਖਾ ਬਗਲਾ ਡੱਡੀ ਮਗਰ ਪੈ ਜਾਂਦਾ ਹੈ। ਜੋ ਰਾਜਾ ਅਪਨੇ ਰਾਜ ਰੂਪੀ ਬਾਗ ਦੀ ਰਾਖੀ ਆਪ ਨਹੀਂ ਕਰਦਾ ਹੈ ਉਸ ਦੇ ਕੁਮਤ੍ਰੀ ਰੂਪੀ ਊਠ ਉਸ ਦੀ ਪ੍ਰਜਾ ਰੂਪੀ ਵਾੜੀ ਨੂੰ ਜੜ੍ਹ ਮੂਲ ਤੇ ਉਖੇੜ ਦਿੰਦੇ ਹਨ ਅਰ ਅਪਨੇ ਰਾਜਾ ਨੂੰ ਸੰਸਾਰਿਕ ਸੁਖਾਂ ਵਿੱਚ ਪਏ ਦੇਖਕੇ ਰਈਯਤ ਨੂੰ ਲੁੱਟਨੇ ਲਈ ਧਾੜਵੀ ਬਨ ਜਾਂਦੇ ਹਨ। ਪ੍ਰਜਾ ਦਾ ਧਨ ਮਾਲ ਰ ਜੋਰੂ ਮੀਨ ਜੋ ਕੁਛ ਉਨ੍ਹਾਂ ਦੇ ਕਾਬੂ ਆਉਂਦਾ ਹੈ ਸੋ ਲੈ ਕੇ ਹਮ ਕਰ ਜਾਂਦੇ ਹਨ। ਉਸ ਰਾਜਾ ਦੀ ਪ੍ਰਜਾ ਦੁਖੀ ਹੋ ਕੇ ਅਕਾਲ ਪੁਰਖ ਅੱਗੇ ਪੁਕਾਰ ਕਰਦੀ ਹੈ। ਦੁਖੀ ਦਿਲਾਂ ਦੀ ਪੁਕਾਰ ਨੂੰ ਸੁਨਕੇ ਅਕਾਲ ਪੁਰਖ ਦਾ ਕੋਪ ਉਸ ਰਾਜਾ ਪਰ ਭੜਕਦਾ ਹੈ। ਅਤ ਇਹ ਹੁੰਦਾ ਹੈ ਕਿ ਅਕਾਲ ਪੁਰਖ ਅਪਨੀ ਖਲਕਤ ਨੂੰ ਉਸ ਦੇ ਹੱਥੋਂ ਛੁਡਾਕੇ ਕਿਸੇ ਹੋਰ ਦੇ ਹਵਾਲੇ ਕਰਦਾ ਹੈ। ਉਹ ਕੁਮਤ੍ਰੀ ਅਪਨੇ ਸਮੇਤ ਹੀ ਅਪਨੇ ਰਾਜੇ ਦਾ ਰਾਜ ਡੁਬੋ ਦਿੰਦੇ ਹਨ। ਇਸੀ ਵਾਸਤੇ ਰਾਮਚੰਦਰ ਜੀ ਨੇ ਅਪਨੇ ਭਾਈ ਭਰਤ ਨੂੰ ਕੁਮਤ੍ਰੀਆਂ ਦੇ ਨਾਸ ਕਰਨ ਦਾ ਉਪਦੇ ਕੀਤਾ ਸੀ ਕਿ ਭਾਈ ਤੂੰ ਖੋਟੇ ਅਹਲਕਾਰਾਂ ਦੇ ਅਧੀਨ ਨਾ ਹੋ ਜਾਈਂ ਕਿਉਂਕਿ ਖੋਟੇ ਮਤ੍ਰੀਆਂ ਤੇ ਰਾਜ ਦਾ ਨਾਸ ਹੋ ਜਾਂਦਾ ਹੈ, ਯਥਾ :

**ਕਬਿੱਤ**

**ਜੈਸੇ ਜਤੀ ਸੰਗ ਤੇ ਕੁਮਤੀ ਜਿਯੋਂ ਅਨੰਗ ਤੇ**
**ਜਿਯੋਂ ਪਾਪ ਨੀਰ ਗੰਗਤੇ ਧਨ ਬਾਢਿਯੋ ਜੂਪ ਹਾਰਤੇ।**
**ਜਿਯੋਂ ਕੁਲ ਕੁਪੂਤ ਤੇ ਜਿਯੋਂ ਦਾਰਦ ਸਪੂਤ ਤੇ**
**ਜਿਯੋਂ ਬਾਮਨ ਕੋ ਪੂਤ ਪਢੇ ਬਿਨਾਂ ਚਟਸਾਰ ਤੇ।**
**ਦੇਖੇ ਬਿਨਾਂ ਖੇਤੀ ਜਿਵੇਂ ਸਾਵਨ ਮੇਂ ਰੇਤੀ**
**ਔਰ ਬਾਤੇ ਕਹੋਂ ਕੇਤੀ ਜੈਸੇ ਤਾਰ ਲੋਭ ਧਾਰਤੇ।**
**ਸਵਾਧਾਨ ਹੂਜੌਂ ਤਾਂਹਿ ਦੇਸ ਤੇ ਨਿਕਾਰ ਦੀਜੋ**
**ਬੂਡ ਜੈਹੈ ਰਾਜ ਤੈਸੇ ਮਤ੍ਰੀ ਦੁਰਾਚਾਰ ਤੇ॥**

ਪੁਨ : **ਨੀਚ ਸੌਂ ਨ ਪ੍ਰੀਤ ਕੀਜੋ ਕੁਲ ਸੋ ਨ ਛਾਡ ਦੀਜੋ**
**ਬੀਰ ਸੁਨ ਲੋਭ ਜਿਨ ਕੀਜੋ ਪਰਨੀਰ ਕੋ।**



**ਆਨ ਤੀਆ ਮਾਤ ਸੁਨ ਬਾਤ ਘਰ ਬਾਢੈ ਧਨ**
**ਤਿਯੋਂ ਤਿਯੋਂ ਨੀਚੇ ਹੂਜੋ ਔ ਬਢੱਯਾ ਪਰ ਪੀਰ ਕੋ॥**
**ਬੈਰਨ ਕੋ ਸੂਰ ਕੂਰ ਮਤ੍ਰਨ ਨਿਕਾਰ ਦੀਜੋ**
**ਪੀਜੋ ਨ ਅਪੈਯਾ ਦੁਖ ਪਰੇ ਹੂਜੋ ਧੀਰ ਕੋ।**
**ਦਾਨ ਪੁਰਹੂਤ ਸੋ ਨ ਦੂਤ ਬਸ ਹੂਜੋ ਭਾਈ**
**ਭਰਤ ਸਪੂਤ ਕਹਿਯੋ ਕੀਜੋ ਰਘਬੀਰ ਕੋ॥**

ਰਾਮਚੰਦ ਦੇ ਇਨ੍ਹਾਂ ਉਪਦੇਾਂ ਤੇ ਤੁਸੀਂ ਜਾਨ ਲੀਤਾ ਹੋਵੇਗਾ ਕਿ ਖੋਟੇ ਮਤ੍ਰੀਆਂ ਪਰ ਰਾਜ ਕਾਜ ਦਾ ਨਿਰਭਰ ਅਰ ਰਾਬ ਆਦਿਕ ਨਾਲ ਪਰੀਤੀ ਅਤੇ ਬੇ-ਇਨਸਾਫੀ ਆਦਿਕ ਗੁਣਾਂ ਤੇ ਰਾਜ ਦਾ ਬੇੜਾ ਡੁੱਬਕੇ ਖਾਰੇ ਸਮੁਦਰ ਵਿੱਚ ਪੈ ਜਾਂਦਾ ਹੈ। ਜਿਸ ਰਾਜਾ ਦੀ ਪਰਜਾ ਦੁੱਖੀ ਹੈ ਸਮਝ ਲੇਵੋ ਜੋ ਉਹ ਰਾਜਾ ਅੱਜਕੱਲ ਦਾ ਪਰਾਹੁਨਾ ਹੈ। ਇਸ ਵਾਸਤੇ ਤੁਸੀਂ ਪਰਜਾ ਦਾ ਪਾਲਨ ਕਰਨਾ ਅਤੇ ਦੁਖ ਨਾ ਦੇਨਾ। ਜਿਸ ਪਰ ਇਹ ਕਥਨ ਹੈ : ਖਲਕ ਖਾਲਕ ਕੀ ਜਾਨਕੇ ਖਲਕ ਦੁਖਾਵੇ ਨਾਹਿੰ, ਖਲਕ ਦੁਖੇ ਨੰਦ ਲਾਲ ਜੀ ਖਾਲਕ ਕੋਪੇ ਤਾਹਿੰ"।

ਇਸ ਉਪਦੇ ਤੇ ਸਾਂ ਪਾਇਆ ਜਾਂਦਾ ਹੈ ਕਿ ਖਾਲਸਾ ਨੂੰ ਗੁਰੂ ਜੀ ਨੇ ਏਹ ਕਥਨ ਕੀਤਾ ਕਿ ਧਨ, ਬਲ ਅਤੇ ਰਾਜ ਆਦਿਕ ਨੂੰ ਪਾ ਕੇ ਭੀ ਨਿਰਹੰਕਾਰ ਰਹਿਨਾ ਜੋਗ ਹੈ; ਕਿਉਂਕਿ ਸਭ ਧਨ ਮਾਲ ਅਤੇ ਰਾਜ ਭਾਗ ਸੰਸਾਰ ਵਿੱਚ ਸਦਾ ਨਹੀਂ ਰਹਿੰਦੇ, ਕਿੰਤੂ ਬੱਦਲ ਦੀ ਛਾਯਾ ਵਾਂਗੂੰ ਚਲਾਇਵਾਨ ਹੈਨ। ਇਸ ਸਾਰੀ ਸਮੱਗਰੀ ਨੂੰ ਪਾ ਕੇ ਕਿਤੇ ਅਸਮਰਥਾ ਦੇ ਵਾਸਤੇ ਦੁੱਖ ਨਾ ਦੇਨਾ ਸਗੋਂ ਹਰ ਇੱਕ ਪੁਰਖ ਦਾ ਨੀਤੀ ਪੂਰਬਕ ਭਲਾ ਕਰਨਾ।

ਫੇਰ ਅਤ ਦੀ ਕਾਰਵਾਈ ਅਬਚਲਾ ਨਗਰ ਵਿੱਚ ਕਰਕੇ ਦਿਾ ਦਿੱਤੀ ਜੋ ਸਭ ਸਤਰਾਂ ਸਣੇ ਚਿਤਾ ਪਰ ਜਾ ਬਿਰਾਜੇ। ਨਾ ਕੋਈ ਪਿਡ, ਪੱਤਲ, ਦੀਵਾ ਅਤੇ ਸੱਥਰ ਹੀ ਕੀਤਾ ਨਾ ਕਰਨ ਦਾ ਹੁਕਮ ਦਿੱਤਾ, ਨਾ ਅਸਤ ਚੁਗਨੇ ਤੇ ਰਾਧ ਆਦਿਕ ਦੀ ਮਰਯਾਦਾ ਦੱਸੀ, ਪਰੰਤੂ ਇਤਨਾ ਉਪਦੇ ਕੀਤਾ ਕਿ

**ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪਥ।**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ"॥**

ਇਸ ਵਿਚ ਇਹ ਸਾਂ ਕਥਨ ਕਰਕੇ ਸਮਝਾ ਦਿੱਤਾ ਕਿ ਏਹ ਪਥ ਅਕਾਲ ਪੁਰਖ ਦੀ ਆਗਾ ਨਾਲ ਰਚਿਆ ਹੈ ਅਤੇ ਤੁਸੀਂ ਕਿਸੇ ਚਰਨ ਘਾਲੀਏ ਨੂੰ ਗੁਰੂ ਨਾ

ਬਣਾ ਬੈਠਨਾ ਜੋ ਪੈਰਾਂ ਦੀ ਮਿੱਟੀ ਨਾਲ ਤੁਹਾਡੇ ਮਨਾਂ ਨੂੰ ਮੈਲਾ ਕਰੇ ਅਰ ਥਾਪੀਆਂ ਦੇ ਕੇ ਤੁਹਾਡੀਆਂ ਪਿੱਠਾਂ ਭੰਨੇ। ਤੁਹਾਡਾ ਸੱਚਾ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਹੈ। ਜੋ ਉਪਦੇ ਚਾਹੋ ਉਸ ਵਿੱਚੋਂ ਪਾ ਸਕਦੇ ਹੋ। ਗੁਰੂ ਡਮ ਤੇ ਡਰਦਿਆਂ ਪਜਾਂ ਤੋਂ ਅਮ੍ਰਿਤ ਛਕਣਾ ਪ੍ਰਸਿੱਧ ਕੀਤਾ ਕਿ ਅਜੇਹਾ ਨਾ ਹੋਵੇ ਜੋ ਇੱਕ ਆਪਣੀ ਮੀਰਾਸ ਸਮਝ ਲੈਂਦਾ ਹੋਵੇ। ਫੇਰ ਬਚਨ ਕੀਤਾ ***ਗੁਰੂ ’ਲਸਾ ਮਾਨਿਓ ਪ੍ਰਗਟ ਗੁਰੂ ਦੀ ਦੇਹ। ਜੋ ਮੋਕੋ ਮਿਲਬੋ ਚਹੇ ਖੋਜ ਇਨ੍ਹੀ ਮਹਿੰ ਲੇਹ”***। *ਏਥੇ ਭੀ ਸਾਰੇ ਪਥ ਨੂੰ ਹੀ ਗੁਰੂ ਪਦਵੀ ਦਿੱਤੀ ਅਤੇ ਏਹ ਆਖਿਆ ਕਿ ਜੋ ਕਾਰਵਾਈ ਕਰੋ ਗੁਰੂ ਗ੍ਰੰਥ ਸਾਹਿਬ ਜੀ ਦੇ ਹਜੂਰ ਪਜ ਮਿਲਕੇ ਕਰੋ। ਕੋਈ ਕੱਲਾ ਕਰੇ ਤਾਂ ਮਨੂਰ ਨਹੀਂ ਕਰਨੀ। ਇਸ ਦਾ ਏਹੋ ਭਾਵ ਸੀ ਕਿ ਕੋਈ ਆਦਮੀ ਕੱਲਾ ਹੀ ਗੁਰੂ ਬਣਕੇ ਨਾ ਬੈਠ ਜਾਵੇ।

ਪ੍ਰਨ – ਕਿਆ ਸਿੰਘ ਇਸ ਬਚਨ ਪਰ ਪੱਕੇ ਰਹੇ?

ਦੋਹਿਰਾ– **ਯਾ ਬਿਧ ਦਸਮੇਂ ਗੁਰੂ ਜੀ ਸਿੱਧ ਮਨੋਰਥ ਕੀਨ।**
**ਰਚਾ ’ਲਸਾ ਪਥ ਜਗ ਸਭ ਬਿਧਿ ਜੋ ਪ੍ਰਬੀਨ॥**

**ਚੌਂਪਈ**

**ਜਬ ਲੌਂ ਪਥ ਗਹੀ ਵੁਹ ਰੀਤੀ, ਦਸਮ ਗੁਰੂ ਜੋ ਵਰਨਣ ਕੀਤੀ।**
**ਤਬ ਲੌਂ ਤੇਜ ਜਗਤ ਮਹਿੰ ਭਾਰੀ, ਰਹਾ ਨ ਸਾਕਾ ਕੋਈ ਸਹਾਰੀ।**
**ਆਪਸ ਮਹਿੰ ਸਭ ਹੋਤੇ ਭਾਈ, ਕਾਹੂ ਮਹਿੰ ਨਹਿੰ ਹੁਤੀ ਜੁਦਾਈ।**
**ਵਡੇ ਵਡੇ ਜੋਧੇ ਥੇ ਪੂਰੇ, ਜੁੱਧ ਜੰਗ ਕੋ ਥੇ ਅਤਿ ਸੂਰੇ।**
**ਧਰਮ ਕਰਮ ਮੇਂ ਅਧਕ ਪ੍ਰੀਤੀ, ਮਨ ਮੇਂ ਨਹਿ ਵੁਹ ਧਰਤ ਅਨੀਤੀ।**
**ਕਹਤ ’ਲਸਾ ਅਪਨੇ ਤਾਈਂ, ਧਰਮ ਨ ਖੋਵਤ ਕਦੇ ਅਜਾਈਂ।**
**ਜਾਂ ਕੇ ਮਾਂਹਿ ਦ੍ਵੈਤ ਨਹ ਰੰਚਕ, ਡਰ ਤੇ ਰਹਿਤ ਜਾਂਹਿ ਤੇ ਬੰਚਕ।**
**ਸਭ ਇਕ ਗੁਰ ਕੇ ਸਿਖ ਸਦਾਵੇਂ, ਏਕ ਥਾਲ ਮੇਂ ਭੋਜਨ ਖਾਵੇਂ।**
**ਏਕ ਜਾਤ ਸਭ ਕੀ ਤਬ ਹੋਤੀ, ਬਨੇ ਰਹਿਤ ਸਭ ਹੀ ਇਕ ਗੋਤੀ।**
**ਔਰ ਮਤਨ ਸੋਂ ਕਰਤ ਨ ਮੇਲਾ, ਰਾਖਤ ਅਪਨਾ ਪਥ ਅਕੇਲਾ।**
**ਆਪਸ ਮਹਿ ਕਰਕੇ ਕੁੜਮਾਈ, ਹੁਤੇ ਧਰਮ ਕੇ ਸਾਚੇ ਭਾਈ।**
**ਸਿੰਘ ਬਿਨਾ ਲੜਕੀ ਕੋ ਦਾਨਾ, ਨਹੀਂ ਦੇਤ ਥੇ ਕਿਸੇ ਬਹਾਨਾ।**
**ਬੇਟੀ ਦੇ ਕਰ ਸਿੰਘ ਬਨਾਵੇਂ, ਐਸੇ ਗੁਰ ਕਾ ਪਥ ਵਧਾਵੇਂ।**

---

*ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ



**ਕੁੜੀ ਨੜੀ ਮਾਰਕ ਕੇ ਕਰ ਕਾ। ਨੀਰ ਨ ਪੀਵਤ ਥੇ ਤਿਸ ਘਰ ਕਾ।**
**ਗੋਰ ਮੜ੍ਹੀ ਸਰਵਰ ਨਹਿੰ ਮਾਨੇਂ, ਪਾਹੁਨ ਪੂਜਾ ਕਬੀ ਨ ਜਾਨੇਂ।**
**ਫੇਰੇ ਘੇਰੇ ਕੋਇ ਨ ਜਾਨਤ, ਪੜ੍ਹਤ ਅਨੰਦ ਬਿਵਾਹ ਬਖਾਵਤ।**
**ਕ੍ਰਿਯਾ ਕਰਮ ਪਿਡ ਨਹਿ ਦੀਵੇ, ਰਹਿਤ ਗੁਰੂ ਬਚਨੋਂ ਮਹਿ ਖੀਵੇ।**
**ਸਰਾਧਾਦਿਕ ਨਹੀਂ ਕਬਹੀ ਕਰਤੇ, ਗ੍ਰੰਥ ਪਾਠ ਕੋ ਗ੍ਰਹ ਮਹਿ ਧਰਤੇ।**
**ਸਿੰਘਨ ਕੋ ਪ੍ਰਾਦ ਛਕਾਵੈ। ਜੰਞੂ ਗਲ ਮਹਿ ਭੂਲ ਨ ਪਾਵੈਂ।**

**ਦੋਹਿਰਾ**

**ਜਤ ਸਤ ਹਠ ਤਪ ਮੈਂ ਬਲੀ ਪਚ ਕਕਾਰਨ ਸੰਗ।**
**ਧਰਮ ਬਿਮੁਖ ਨਹਿੰ ਹੋਵਤੇ ਮਨ ਮਹਿੰ ਭਾਵਤ ਜੰਗ।**

**ਚੌਂਪਈ**

**ਜਬ ਲੌਂ ਐਸੀ ਥੀ ਮਰਯਾਦਾ, ਨਹਿੰ ਰੰਚਕ ਥੋ ਭਯੋ ਵਿਵਾਦਾ।**
**ਸਾਲ ਡੇਢ ਸੈ ਕੇ ਹੀ ਅਦਰ, ਦੇਸ ਦੇਸ ਮਹਿੰ ਬਣ ਗਏ ਮਦਰ।**
**ਅਠਤਾਲੀ ਲਾਖ ਸਿੰਘ ਕੋ ਗਯੋ, ਚਾਰੋਂ ਦਿਸ ਬਾਦਲ ਸਮ ਛਯੋ।**
**ਚਾਰ ਬਰਨ ਇੱਕ ਬਰਨ ਸਜਾਏ, ਅਮ੍ਰਿਤ ਛਕ ਸਭ ਭ੍ਰਾਤ ਬਨਾਏ।**
**ਸਰਬ ਜਾਤਿ ਕੇ ਮਾਨਸ ਜੋਈ। ਨਿਜ ਮਤ ਤਾਗ ਸਿੰਘ ਵੁਹ ਹੋਈ।**
**ਮੁਸਲਮਾਨ ਭੀ ਪਾਇ ਕਛਹਿਰੇ, ਬਣੇ ਸਿੰਘ ਗੁਰ ਕੇ ਵਡ ਗਹਿਰੇ।**
**ਤਾਗ ਦੀਨ ਅਪਣੋ ਤਤ ਕਾਲਾ, ਦਸਮ ਗੁਰੂ ਕੀ ਲੀਨੀ ਢਾਲਾ।**
**ਚੜ੍ਹਤ ਜੰਗ ਕੋ ਹੋਇ ਇੱਕਠੇ, ਕਹੀ ਕੁਹਾੜੀ ਲੇਕਰ ਲੱਠੇ।**
**ਬਰਛੀ ਖਪਰੇ ਤੇ ਕਟਾਰੀ, ਤੁਪਕ ਤੀਰ ਲੈ ਤਬਰ ਸੁਭਾਰੀ।**
**ਜਾਇ ਪਰਤ ਦੁਰਜਨ ਪਰ ਐਸੇ, ਭੂਖੇ ਬਾ ਮੁਰ ਪਰ ਜੈਸੇ।**
**ਲੂਟ ਕੂਟ ਕਰ ਲਾਵਤ ਜੋਈ, ਮਿਲ ਆਪਸ ਮਹਿੰ ਖਾਵਤ ਸੋਈ।**
**ਅਰ ਦਲ ਕੋ ਲੰਗਰ ਜਬ ਪਾਵੈਂ, ਕਰਦ ਭੇਟ ਕਰਕੇ ਸਭ ਖਾਵੈਂ।**
**ਛੂਤ ਛਾਤ ਕੀ ਰਸਮ ਨਾ ਕਰਤੇ, ਨਹਿੰ ਕਾਹੂੰ ਸੇ ਰੰਚਕ ਡਰਤੇ।**
**ਜੰਗ ਸਹਿਨਚੀ ਕੇ ਮਹਿੰ ਜੈਸੇ, ਕਰਕੇ ਸਿੰਘ ਲੋ ਯਸ ਕੈਸੇ।**
**ਹੁਤੋ ਸਹਿਨਚੀ ਏਕ ਪਠਾਨਾ, ਲੈ ਦਲ ਅਪਨੇ ਸੰਗ ਚਢਾਨਾ।**
**ਲੂਟ ਪਜਾਬ ਲੋ ਜਿਨ ਸਾਰਾ, ਸਨਮੁਖ ਅੜਾ ਪਕੜ ਕਰ ਮਾਰਾ।**
**ਖੱਤ੍ਰੀ ਬ੍ਰਹਮਣ ਸਕਲ ਵਿਚਾਰੇ; ਭਾਗ ਭਾਗ ਕਰ ਧਸੇ ਪਹਾਰੇ।**

ਲੈ ਨਿਜ ਸੁਤਾ ਪੁਨਹਿ ਸੁਤ ਨਾਰੀ, ਧਸੇ ਜਾਇ ਗਿਰ ਗੁਹ ਡਰਧਾਰੀ।
ਪੁਨ ਜੋ ਦੇਸ ਮਾਹਿੰ ਰਹਿ ਗਏ, ਸੋਇ ਹਵਾਲੇ ਤੁਰਕਨ ਭਏ।
ਕਟੇ ਸੀਸ ਪੁਨ ਫਾਂਸੀ ਦੀਨੇ, ਮਨ ਭਾਵਤ ਧਨ ਤਾਂਤੇ ਲੀਨੇ।
ਖੋਸ ਲਈ ਨਾਰੀ ਤਿਨ ਕੇਰੀ, ਬੇਟੀ ਬਹੂ ਗਹੀ ਬਿਨ ਦੇਰੀ।
ਠਾਰਾਂ ਸੌ ਨਾਰੀ ਗਹਿ ਲੀਨੀ, *ਸਟਕੌਂ ਮੈਂ ਸਾਰੀ ਭਰ ਦੀਨੀ।
ਰੋਵਤ ਕਰਤ ਪੁਕਾਰ ਵਿਚਾਰੀ। ਹਾ ਹਾ ਧਰਮ ਕਤ ਗਯੋ ਮੁਰਾਰੀ।
ਐਸੇ ਦੁਖਤ ਰਿਦੈ ਤਿਨ ਕੇਰੇ, ਅਕਾਲ ਪੁਰਖ ਨੇ ਜਬ ਕੇ ਹੇਰੇ।
ਤਬ ਸਿੰਘਨ ਨੇ ਨਾਹਿੰ ਸਹਾਰਾ, ਗਰਜ ਪਰੇ ਬਾਦਲ ਜਯੋਂ ਭਾਰਾ।
ਕਰ ਅਰਦਾਸ ਗ੍ਰੰਥ ਜੂ ਆਗੇ, ਮਗਰ ਸਹਿਨਚੀ ਕੇ ਤਬ ਭਾਗੇ।
ਫਾਟੇ ਕੁੜਤੇ ਅਤੇ ਕਛਹਿਰੇ, ਦਲ ਸਿੰਘਨ ਇਹ ਬਕਤਰ ਪਹਿਰੇ।
ਚੱਕਰ ਕਰਦਾਂ ਕੜੇ ਸਜਾਏ, ਟੂਟੇ ਫੂਟੇ ਸਤਰ ਲਾਏ।
ਕਿਤਨੇ ਹੁਤੇ ਸੁਚਾਲੇ[1] ਤਾਂ ਮੈਂ, ਲਖ ਬਾਹਾਂ[2] ਸਿੰਘ ਬਹੁਤੇ ਜਾਮੈਂ।
ਕਈ ਪਜੱਖਾ ਸਿੰਘ ਵਿਚਾਰੇ ਕਲਾ ਸਿੰਘ [3] ਗਹੇ ਹਥਿਆਰੇ।
ਕਈ ਕੁਹਾੜੇ ਛੁਰੇ ਕਟਾਰੇ, ਕਿਨ ਹੂੰ ਤੈ ਹਾਥ ਸੁਧਾਰੇ।
ਕਿਤਨੇ ਵਡੇ ਜੁਆਨ ਪ੍ਰਬੀਨਾ; ਧਰੀ ਬੰਦੂਕਾਂ ਸਹਿਤ ਸੰਗੀਨਾਂ।
ਕਿਤਨੇ ਬਰਛੇ ਤਰਛੇ ਲੀਏ, ਖਡੇ ਹਾਥ ਦੁਧਾਰੇ ਕੀਏ।
ਕਿਤਨ ਖਾਨ ਕੋ ਆਟਾ ਲੀਆ, ਕਿਨ ਸੱਤੂ ਕੋ ਭੋਜਨ ਕੀਆ।
ਕਿਨਹਿ ਮਕਈ, ਭੁਨਾਏ ਛੋਲੇ, ਬੂੰਦੀ ਔਰ ਬਦਾਮ ਤਿਸ ਬੋਲੇ।
ਕਿਤਨ ਤੁਰੰਗਨ ਪਰ ਅਸਵਾਰੇ, ਪੈਰ ਪਿਆਦੇ ਕਈ ਹਾਰੇ।
ਪਹੁੰਚੇ ਜਬ ਗੁਜਰਾਤ ਮਝਾਰੀ, ੂੰਜ ਸਹਿਨਚੀ ਪਿਖੀ ਅਗਾਰੀ।
ਤੰਬੂ ਲਗੇ ਮਦਾਨੀ ਐਸੇ, ਕਾਤਿਕ ਕੇ ਬਾਦਲ ਛਿਤ ਜੈਸੇ।
ਸੰਧਾ ਸਮਯ ਆਇ ਤਦ ਗਯੋ, ਡੇਰਾ ਲਾਇ ਪਠਾਨਨ ਦਯੋ।
ਘੋੜੇ ਬਾਂਧੇ ਖਾਵਤ ਦਾਨਾ, ਪਰਾ ਇੱਕਤਰ ਸਰਬ ਾਨਾ।

---

*ਗੱਡਿਯਾਂ ਵਿਚ ।

1. ਲੰਗੜੇ
2. ਇਕ ਬਾਂਹ ਵਾਲੇ
3. ਗੰਜੇ



ਧਰੀ ਬੰਦੂਕਾਂ ਲਾਇ ਕਤਾਰੇ, ਇਤ ਉਤ ਟਹਲਤ ਾਨ ਵਿਚਾਰੇ।
ਧਰੀ ਦੇਗ ਤਿਨ ਸਬ ਪਲਾਂਉ [1] ਕੋ ਰਦਾ ਕਿਨ ਮਾਹਿੰ ਪਕਾਉ।
ਅਨਿਕ ਪ੍ਰਕਾਰ ਬਨਾਵਤ ਖਾਨੇ, ਪਰ ਸਿਰ ਕਾਲ ਨ ਰੰਚ ਪਛਾਨੇ।
ਪੁਨ ਹਿੰਦੂ ਸਭ ਨਾਰੀ ਕੇ ਤਾਈਂ, ਹਾਸੀ ਕਰਤੇ ਬਕੇਂ ਅਜਾਈਂ।
ਆਪਸ ਮਹਿੰ ਸਭ ਬਾਂਟੇ ਪਾਵੈਂ, ਕਹਿਤ ਆਪਨੇ ਘਰੀਂ ਵਸਾਵੈਂ।
ਇਤਨੇ ਮਹਿੰ ਪਹੁੰਚੇ ਤਿਨ ਨੇਰੇ, ਸਿੰਘ ਗੁਰੂ ਕੇ ਤਬ ਬਿਨ ਦੇਰੇ।
ਬੈਠਯੋਂ ਪਰ ਜਾ ਪੜੇ ਅਚਾਨਕ, ਤੋੜ ਦਏ ਸਿਰ ਜੈਸੇ ਸਾਨਕ।
ਤਿਨਹੀ ਕੇ ਗਹਿ ਕਰ ਹਥਾਰੇ, ਤਿਨਹੀ ਕੇ ਸਿਰ ਚਾਇ ਉਤਾਰੇ।
ਦੀਖਤ ਖਾਨ ਜੁ ਇਤ ਉਤ ਤੁਰਦੇ, ਸੋਈ ਲਿਟੇ ਧਰਾ ਹੁਇ ਮੁਰਦੇ।
ਪੜੀ ਬਿੱਜ ਯਹਿ ਕਹਿਰ੍ ਦਾਈ, ਹੋ ਸਹਿਨਚੀ ਸਕਲ ਭੁਲਾਈ।
ਭਾਗ ਗਯੋ ਲੈਕਰ ਨਿਜ ਪ੍ਰਾਨਾ, ਕਰਾ ਨ ਜਾਨੈ ਰੰਚ ਬਹਾਨਾ।
ਔਰ ਤਾਹਿੰ ਕੇ ਸੰਗੀ ਜੋਈ, ਨਿਜ ਨਿਜ ਦਿਸ ਕੋ ਭਾਗੇ ਸੋਈ।
ਕਰਾ ਮਦਾਨ ਸਕਲ ਜਬ ਾਲੀ, ਤਬ ਸਿੰਘਨ ਸਭ ਵਸਤ ਸਮਾਲੀ।
ਘੋੜੇ ਸਤਰ ਤੰਬੂ ਸਾਰੇ, ਤਿਨ ਹੀ ਕੇ ਗੱਡੋਂ ਪਰ ਡਾਰੇ।
ਪੁਨ ਵਹੁ ਨਾਰੀ ਜੇਤ ਵਿਚਾਰੀ, ਦੇ ਧੀਰਜ ਲੀਨੀ ਸੰਗ ਸਾਰੀ।
ਕਰਾ ਪਿਛਾਰੀ ਆਵਨ ਤਿਆਰਾ, ਭੂਖਾ ਭਾ ਕਟਕ ਤਬ ਸਾਰਾ।
ਕਹਿਓ ਾਲਸਾ ਕੀ ਕਿਆ ਕਰੀਏ, ਇਸ ਜੰਗਲ ਮਹਿੰ ਭੂਖੇ ਮਰੀਏ।
ਯਹਿ ਸੁਨ ਬੋਲੇ ਸਿੰਘ ਭੁਜੰਗੀ, ਬਣੀ ਰਸੋਈ ਤੁਮਰੀ ਚੰਗੀ।
ਭਰੇ ਪੁਲਾਓ ਪਰੇ ਯਹਿ ਦੇਗੇ, ਛਕੇ ਖਾਲਸਾ ਯਾਂ ਕੋ ਬੇਗੇ[2]।
ਕਿਤਕਨ ਕਹਾ ਤੁਰਕ ਕੋ ਖਾਨਾ, ਕੈਸੇ ਹਮ ਛਕ ਹੈਂ ਮਨ ਮਾਨਾ।
ਯਹ ਸੁਨ ਕਰ ਸਿੰਘਨ ਯਹਿ ਕੀਨੇ, ਹਾਥਨ ਮਾਂਹਿ ਸਲੋਤਰ ਲੀਨੇ।
ਸੌ ਸੌ ਧਰਾ ਦੇਗ ਸਿਰ ਮਾਹੀਂ, ਹਸ ਕਰ ਕਹਾ ਤੁਰਕ ਭਜ ਜਾਂਹੀਂ।
ਤੁਰਕ ਪਨਾ ਸੋਟਨ ਸੇ ਮਾਰਾ, ਗਯੋ ਨਿਕਲ ਅਬ ਕਰੋ ਆਹਾਰਾ।
ਯੌਂ ਕਹਿ ਕਰਦ ਭੇਟ ਸਭ ਕੀਨੀ, ਬਾਂਟ ਦੇਗ ਸਗਰੀ ਖਾ ਲੀਨੀ।
ਲੈਕਰ ਮਾਲ ਗਏ ਨਿਜ ਡੇਰੇ, ਬਾਂਟ ਲਯੋ ਤਬ ਹੀ ਬਿਨ ਦੇਰੇ।

---

1. ਹਲਵਾ
2. ਜਲਦੀ

ਸੋ ਨਾਰੀ ਜੋ ਹੁਤੀ ਵਿਚਾਰੀ, ਨਿਜ ਨਿਜ ਧਾਮ ਪੁਚਾਈ ਸਾਰੀ।
ਯਹਿ ਸਿੰਘਨ ਕੇ ਹੋਤੇ ਕਾਮਾ, ਜਾਤੇ ਭਯੋ ਜਗਤ ਇਨ ਨਾਮਾ।
ਪੁਨ ਅਹਿਮਦ ਨੇ ਦਿੱਲੀ ਮਾਰੀ, ਲੂਟ ਦੇਸ ਜਨ ਫਿਰਾ ਪਿਛਾਰੀ।
ਤਬ ਜੱਸਾ[1] ਮ੍ਰਿਗਿੰਦ ਬਹਾਦਰ, ਪਰਾ ਜਾਹਿ ਤਾ ਪਰ ਜਿਮ ਬਾਂਦਰ।
ਅਹਿਮਦਾਹ ਲੂਟ ਤਿਨ ਲੀਨਾ, ਪਜਾਬ ਦੇਸ ਤੇ ਬਾਹਰ ਕੀਨਾ।
ਆਜ ਤਲਕ ਮੋਹਰ ਤਿਨ ਘਰ ਮੈਂ, ਰਾਜਤ ਹੈ ਦੰਤਰ ਕੇ ਦਰ ਮੈਂ।
ਜਿਸ ਪਰ ਇਹ ਹੈ ਲਿਖੀ ਅਬਾਰਤ, ਅਹਮਦ ਕੋ ਬਲ ਕੀਨਾ ਾਰਤ:
ਸਿੱਕਹ ਦ ਦਰ ਜਹਾਂ ਬੰ ਲਿ ਅਕਾਲ।
ਮੁਲਕੇ ਅਹਿਮਦ ਗ੍ਰਿੰਤ ਜੱਸਾ ਕਲਾਲ।”

ਦੋਹਿਰਾ

ਫਿਰ ਕਸੂਰ ਨੂੰ ਮਾਰ ਕੇ ਕਾ ਯਸ ਲੀਨਾ ਪਥ।
ਜਿਸ ਨੂੰ ਹੁਣ ਤਕ ਗਾਵੰਦੇ ਤਵਾਰੀਂਾਂ ਦੇ ਗ੍ਰੰਥ।।

ਚੌਂਪਈ

ਇਸ ਦਾ ਭੀ ਕੁਛ ਹਾਲ ਸੁਨਾਵਾਂ; ਸਿੰਘਾਂ ਦੇ ਕਰਤਵ ਦਿਖਲਾਵਾਂ।
ਦਸਮ ਗੁਰੂ ਕੇ ਸਿਦਕੀ ਪਾਰੇ, ਕੈਸੇ ਤੇਜ ਵੰਤ ਥੇ ਸਾਰੇ।
ਨਾਮ ਕਸੂਰ ਹਰ ਜੋ ਭਾਰਾ, ਤਹਿਸੀਲ ਲਾਹੌਰ ਲਿਲੇ ਮੈਂ ਪਾਰਾ।
ਤੁਰਕਨ ਕੀ ਜਬ ਥੀ ਪਾਤਾਹੀ, ਹੁਤੇ ਪਠਾਨ ਤਹਾਂ ਬਦਰਾਹੀ।
ਬਾਰਾਂ ਕਿਲੇ ਤਿਨੋਂ ਕੇ ਭਾਰੇ, ਆਪ ਆਪਨੇ ਹੁਤੇ ਸਵਾਰੇ।
ਮਾਰ ਧਾੜ ਕਰ ਰਈਯਤ ਖਾਤੇ, ਦੇਖਤ ਰਾਹੀ ਪਕੜ ਮੁਕਾਤੇ।
ਦਯਾ ਧਰਮ ਦਾ ਲੇ ਨ ਤਾ ਮੇਂ, ਮਾਰ ਧਾੜ ਰਹਤੀ ਸਦ ਜਾ ਮੇਂ।
ਏਕ ਦਿਵਸ ਇੱਕ ਬਿੱਪ ਬਿਚਾਰਾ, ਆਵਤ ਮਾਰਗ ਮਾਹਿ ਨਿਹਾਰਾ।
ਸਾਥ ਤਾਂਹਿ ਕੀ ਲੜਕੀ ਜੁਆਨ, ਆਵਤ ਦੇਖੀ ਤਿਨੋਂ ਪਠਾਨ।
ਜਿਸ ਤੇ ਪਕੜ ਬ੍ਰਹਮਣ ਲੀਨਾ, ਹਵਾਲਾਤ ਕੇ ਅਦਰ ਕੀਨਾ।
ਕਹਾ ਕਹੋ ਯਹ ਔਰਤ ਕੋ ਹੈ, ਸਾਚ ਬਤਾਵੋ ਹਮ ਕੋ ਜੋ ਹੈ।
ਜਿਸ ਪਰ ਹੱਥ ਜੋੜ ਤਿਨ ਗਾਈ, ਯਹ ਮੇਰੀ ਬੇਟੀ ਹੈ ਭਾਈ।
ਇਸ ਤੇ ਸਾਹੁਰੜੇ ਘਰ ਜਾਕੇ, ਮੈਂ ਲਿਆਯਾ ਹੂੰ ਸਾਥ ਮਿਲਾਕੇ।

1. ਸ. ਜੱਸਾ ਸਿੰਘ ਆਹਲੂਵਾਲੀਆ



ਜਿਸ ਪਰ ਤਿਸਕੋ ਏਹ ਸੁਨਾਈ, ਅਬ ਯਹ ਨਾਰ ਹਮਾਰੀ ਭਾਈ।
ਸੁਨਤ ਬ੍ਰਾਹਮਣ ਰੋਇ ਪੁਕਾਰੀ, ਅਹੋ ਾਨ ਕਾ ਬਾਤ ਉਚਾਰੀ।
ਮੈਂ ਬ੍ਰਾਹਮਣ ਕੁਲ ਕਾ ਹੂੰ ਖਾਨਾ, ਕਹਾਂ ਰਹੇ ਜਗ ਮੋਹਿ ਟਕਾਨਾ।
ਰਸਤੇ ਜਾਂਦੇ ਪਰ ਯਹ ਹਾਲ, ਕਰਨ ਲਗੇ ਹੋ ਮੇਰੇ ਨਾਲ।
ਤਾਂਤੇ ਲੜਕੀ ਮੇਰੀ ਦੀਜੇ, ਐਵੇਂ ਧਾਮ ਨ ਆਪ ਰਖੀਜੇ।
ਜਿਨਕੋ ਸੁਨ ਕਰ ਖਾਨ ਪੁਕਾਰਾ, ਹੈ ਕੋਈ ਈਹਾਂ ਪੁਰਖ ਹਮਾਰਾ।
ਮਾਰ ਮਾਰ ਇਸ ਬੰਮ੍ਹਨ ਤਾਈ, ਦੇਹੁ ਨਿਕਾਰ ਡਰੋ ਨਹਿੰ ਰਾਈ।
ਸੁਨਤ ਹੁਕਮ ਹਾਕਮ ਦਾ ਐਸਾ, ਕਰਾ ਕਾਮ ਨੌਕਰ ਨੇ ਤੈਸਾ।
ਧਰੇ੍ਹ ਬ ਡੰਡੇ ਸਿਰ ਤਾਂ ਕੇ, ਕਹਾ ਜਾਹੁ ਰੋਵੋ ਘਰ ਮਾਂ ਕੇ।
ਯਹਾਂ ਕੌਨ ਸੁਨਤਾ ਹੈ ਤੇਰੀ, ਨਿਕਲ ਜਾਹੁ ਘਰ ਤੇ ਬਿਨ ਦੇਰੀ।
ਖਾਇ ਮਾਰ ਅਰ ਲੜਕੀ ਖੋਕੇ, ਗਯੋ ਬ੍ਰਹਮਣ ਬਾਹਰ ਰੋਕੇ।
ਰੁਦਨ ਕਰਤ ਮਨ ਮਹਿ ਯਹ ਸੋਚੈ, ਡੂਬ ਮਰੋਂ ਕਹਿ ਜਲ ਮਹਿੰ ਲੋਚੈ।
ਕਹੋ ਸਰਨ ਕਾਂਕੀ ਮੈਂ ਜਾਊਂ, ਜਾਂਪੈ ਅਪਨਾ ਬਦਲਾ ਪਾਊਂ।
ਧਰਤੀ ਵੇਹਲ ਦੇਤ ਨਹਿ ਮੋਹੀ, ਅਹੋ ਹਾਇ ਈਰ ਕੀ ਦੋਹੀ।
ਇਤ ਰੋਵਤ ਇਸ ਹਾਲ ਵਿਚਾਰਾ, ਆਇ ਗਈ ਕੁਛ ਚੀਤ ਮਝਾਰਾ।
ਪਥ ਖਾਲਸਾ ਗੁਰ ਕਾ ਪੂਰਾ, ਐਸੇ ਧਰਮ ਕਾਮ ਮਹਿੰ ਸੂਰਾ।
ਖਾਨ ਪਠਾਨ ਾਨ ਕੋ ਖੂਨੀ, ਸੂਰ ਬੀਰਤਾ ਜਿਸ ਮਹਿੰ ਦੂਨੀ।
ਤਾਂ ਕੇ ਆਗੇ ਕਰੂੰ ਪੁਕਾਰਾ, ਸੁਨੇ ਭਲਾ ਜੇ ਹਾਲ ਹਮਾਰਾ।
ਯਹ ਮਨ ਸੋਚ ਲੋਚ ਯਹ ਲੀਨਾ, ਕੇ ਜਲ ਮਰੋਂ ਕਿ ਕਾਰਜ ਕੀਨਾ।
ਤਰਨ ਤਾਰਨ ਸਾਹਿਬ ਜੀ ਆਾ, ਸਿੰਘਨ ਕਾ ਤਿਨ ਦਰਨ ਪਾਯਾ।
ਤਹਾਂ ਸਰਦਾਰ ਬਹਾਦਰ ਸੂਰੇ। ਉਤਰੇ ਸੋ ਜੋਧੇ ਵਡ ਪੂਰੇ।
ਲਗਾ ਦਿਵਾਨ ਪ੍ਰਾਤ ਜਿਹਕਾਲਾ, ਤਬ ਬ੍ਰਹਮਣ ਆ ਦਰਸ ਦਿਖਾਲਾ।
ਗਲ ਮਹਿ ਪਟਕਾ ਹਾਥ ਜੁਰਾਏ, ਰੋਵਤ ਨੈਨਨ ਨੀਰ ਬਹਾਏ।
ਕਹਤ ਜਗਤ ਮਹਿ ਤੇਜ ਤੁਮਾਰਾ, ਸਭ ਤੁਰਕਨ ਕੇ ਊਪਰ ਭਾਰਾ।
ਮੈਂ ਅਨਾਥ ਕੀ ਪਕੜੋ ਬਾਹਾਂ, ਕੈ ਜਲ ਕਰ ਤਨ ਅਗਨੀ ਦਾਹਾਂ।
ਮਰਨ ਭਲੋ ਇਸ ਜੀਵਨ ਹੂੰ ਤੇ, ਜਾਂ ਤੇ ਮੁਖ ਨਹਿ ਪਿਖਤ ਕਹੂੰ ਤੇ।
ਹਾਰ ਪਰਾ ਮੈਂ ਸਰਨ ਤਿਹਾਰੀ, ਲਾਜ ਰਾਖ ਅਬ ਲੇਹੁ ਹਮਾਰੀ।

ਜਿਸ ਪਰ ਆਤਰ ਦੇਖ ਵਿਚਾਰਾ, ਸਿੰਘਨ ਨੇ ਯਹ ਬਚਨ ਉਚਾਰਾ।
ਕਹੋ ਬਿਪ ਤੁਮ ਕਿਨਹੁ ਦੁਖਾਇਆ, ਜਾਂ ਤੇ ਪਾਸ ਹਮਾਰੇ ਆਇਆ।
ਖੋਲ੍ਹ ਬਾਤ ਸਭ ਕਹੋ ਅਗਾਰੀ, ਰਖਾ ਕਰੇ ਖਾਲਸਾ ਥਾਰੀ।
ਜਿਸ ਪਰ ਭਰ ਕਰ ਨੈਨ ਵਿਚਾਰੇ, ਖੋਲ੍ਹ ਭੇਤ ਸਮਝਾਏ ਸਾਰੇ।
ਅਹੋ 'ਾਲਸਾ ਦੀਨ ਉਧਾਰੀ, ਤੁਰਕਨ ਲੜਕੀ ਗਹੀ ਹਮਾਰੀ।
ਬਿਨ ਅਪਰਾਧ੍ ਲਮ ਕੇ ਸੰਗਾ, ਪਕੜ ਲਈ ਚਲ ਦੇਖ ਨਸੰਗਾ।
ਬੀਚ ਕਸੂਰ ਦੂਰ ਨਹਿ ਕੋਈ, ਕਿਆ ਜਾਨਾਂ ਤਿਸ ਕਿਆ ਗਤ ਹੋਈ।
ਜਿਸ ਕੋ ਪਕੜ ਪਾਸ ਰਖ ਲੀਨਾ, ਮੋਹਿ ਮਾਰ ਬਾਹਰ ਕਰ ਦੀਨਾ।
ਅਬ ਰੱਖਾ ਮੋਰੀ ਪ੍ਰਭ ਕੀਜੇ, ਤਿਸ ਤੇ ਸੁਤਾ ਮੋਹਿ ਅਬ ਲੀਜੇ।
ਧਰਮ ਖਾਲਸਾ ਲਾਜ ਰਖਾਵੋਂ, ਦਸਮ ਗੁਰੂ ਕੇ ਪੂਤ ਸਦਾਵੋਂ।
ਜੈਸੇ ਗੁਰੂ ਕਟ ਤਨ ਪਾਏ, ਹਿੰਦੂ ਜਾਨ ਅਨਾਥ ਬਚਾਏ।
ਤੁਮ ਤਿਸ ਗੁਰ ਕੇ ਪੂਤ ਪਿਆਰੇ, ਜਾਨ ਦਾਸ ਕਰੀਯੋ ਉਪਕਾਰੇ।
ਜਬ ਬ੍ਰਾਹਮਣ ਇਮ ਬਿਨਤੀ ਕੀਨੀ, ਸਿੰਘਨ ਧਰ ਸਭ ਕਾਨ ਸੁ ਲੀਨੀ।
ਗਜੇ ਸਿੰਘ ਤਬ ਕਹਿ ਜੈਕਾਰੇ, ਭਏ ਤਾਂਹਿ ਕੇ ਸੰਗ ਤਿਆਰੇ।
ਕਰ ਅਰਦਾਸ ਚੜ੍ਹੇ ਬਿਨ ਦੇਰੀ, ਹਾਨ ਲਾਭ ਰੰਚਕ ਨਹਿੰ ਹੇਰੀ।
ਏਕ ਹਾਰ ਸਿੰਘ ਵਡ ਸੂਰਾ, ਚੜ੍ਹਾ ਹੋਇ ਕਰ ਮਹਾਂ ਗਰੂਰਾ।
ਜਬ ਮਾਰਗ ਮਹਿੰ ਪੈਰ ਟਵਾਇਯੋ, ਔਰ ਸਿੰਘ ਯਹ ਤਬ ਸੁਨ ਪਾਇਯੋ।
ਆਇ ਮਿਲਤ ਮਾਰਗ ਮਹਿੰ ਐਸੇ; ਗੰਗਾ ਮਾਂਹਿੰ ਨਦੀ ਪੁਨ ਜੈਸੇ।
ਇਤਨੋ ਦਲ ਹੋਇਓ ਬਡ ਭਾਰੀ, ਜਨ ਭਾਦਵ ਕੀ ਹੈ ਘਟ ਕਾਰੀ।
ਜਬ ਲੁਲਾਨੀ ਪਹੁੰਚੇ ਆਈ; ਤਬ ਯਹ ਸਿੰਘਨ ਬਾਤ ਬਨਾਈ।
ਬਾਰਾਂ ਕਿਲੇ ਕਸੂਰ ਵਸਾਏ, ਬਾਰਾਂ ਲਾਖ ਤੁਰਕ ਜਿਹ ਥਾਏ।
ਹਮ ਬਾਰਾਂ ਹਾਰ ਬਹਾਦਰ, ਕਿਉਂ ਕਰ ਤਿਨਕਾ ਕਰਹਿ ਨਰਾਦਰ।
ਜਿਸ ਪਰ ਚੜ੍ਹਤ ਸਿੰਘ ਸਰਦਾਰ, ਬੋਲ ਉਠੋ ਊਚੇ ਲਲਕਾਰ।
ਕਿਆ ਤੁਮ ਕਰ ਹੋ ਸੋਚ ਪਿਆਰੇ,ੰ ਤਹ ਗੁਰੂ ਕੀ ਹੈ ਜਗ ਸਾਰੇ।
ਹਾਰ ਜੀਤ ਕੀ ਸੰਕ ਨ ਕੀਜੈ, ਓਟ ਗੁਰੂ ਕੀ ਸਿਰ ਧਰ ਲੀਜੈ।
ਬਾਰ੍ਹਾਂ ਟੋਲੇ ਹੁਇ ਸਭ ਜਾਵੋਂ, ਬਾਰਾਂ ਹੀ ਕਿਲਿਅਨ ਪਰ ਧਾਵੋਂ।
ਚਲੇ ਤੇ ਤੁਰਕਨ ਪਰ ਐਸੀ, ਗਿਰੇ ਨਾਗ ਪਰ ਬਿਜਲੀ ਜੈਸੀ।



ਤੇਗ ਧਨੀ ਤੁਮ ਸਿੰਘ ਪਿਆਰੇ, ਕਹਾਂ 'ਨ ਵਹੁ ਰੰਕ ਵਿਚਾਰੇ।
ਸਿਖਰ ਦੁਪਹਿਰ ਜੇਠ ਕੋ ਮਾਸਾ, ਜਨ ਹੋਲੀ ਕੋ ਭਯੋ ਤਮਾਸਾ।
ਚਲੀ ਤੇਗ ਅਰ ਸਾਂਗ ਅਜੇਹੀ, ਬਾਕੀ ਮਨ ਕੀ ਹੌਂਸ ਨ ਰੇਹੀ।
ਜਹਾਂ ਜਹਾਂ ਪਰ ਹੁਤੇ ਪਠਾਨਾ, ਸੋਏ ਬੈਠੇ ਖਾਵਤ ਖਾਨਾ।
ਤਹਾਂ ਤਹਾਂ ਹੀ ਸਿਰ ਝਟਕਾਏ, ਪਾਨੀ ਬਹੁਰ ਨ ਮਾਂਗਨ ਪਾਏ।
ਨਾਰ ਬਾਲ ਅਰ ਬ੍ਰਿਧ ਬਚਾਇਯੋ, ਬਾਕੀ ਕੇ ਸਭ ਪਕੜ ਮੁਕਾਇਯੋ।
ਲਏ ਪ੍ਰਾਨ ਕੇਤਕ ਨੱਸ ਗਏ, ਕਿਤਨੇ ਹੀ ਭੋਰਨ ਮਹਿੰ ਪਏ।
ਕਹਤ ਏਕ ਤੋਬਾ ਯਾ ਅੱਲਾ, ਕਹਾਂ ਪਰੋ ਯਹ ਆ ਥਰਥੱਲਾ।
ਪਹਲੇ ਫਤਹ ਨਗਰ ਕੋ ਕੀਨਾ, ਪਾਛੇ ਬ੍ਰਹਮਣ ਸੰਗ ਸੁ ਲੀਨਾ।
ਗਏ ਤਿਸੀ ਘਰ ਪਰ ਕਰ ਧਾਈ, ਜਹਾਂ ਹੁਤੀ ਲਰਕੀ ਅਟਕਾਈ।
ਦੇਖੀ ਤਬ ਇੱਕ ਬੀਚ ਚੁਬਾਰੇ, ਰਾਮ ਰਾਮ ਮੁਖ ਬੈਨ ਉਚਾਰੇ।
ਪੈਰ ਹਾਥ ਗਲ ਸੰਗਲ ਪਾਏ, ਬੈਠੀ ਅਪਨਾ ਧਰਮ ਬਚਾਏ।
ਤਬ ਸਿੰਘਨ ਕਰ ਲਏ ਕੁਹਾੜੇ, ਦਰਵਾ'ੇ ਕੇ ਤਾਕ ਉਖਾੜੇ।
ਲਈ ਨਕਾਲ ਅਨਾਥ ਵਿਚਾਰੀ, ਮਿਲੀ ਬਾਪ ਕੋ ਭੁਜਾ ਪਸਾਰੀ।
ਤਬ ਸਿੰਘਨ ਫਿਰ ਲੂਟ ਮਚਾਈ, ਮਨ ਭਾਵਤ ਮਠਾਈ ਖਾਈ।
ਔਰ ਮਾਲ ਧਨ ਤੁਰਕਨ ਕੇਰਾ, ਲੈਕਰ ਤੁਰੇ ਕੀਨ ਨਹਿੰ ਦੇਰਾ।
ਭਰ ਗੱਡੇ ਖੱਚਰ ਅਰ ਊਠਾ, ਸਨਮੁਖ ਅੜਾ ਕਰਾ ਫੜ ਪੂਠਾ।
ਫਤੇ ਗਜਾਇ ਚਾਇ ਮਨ ਧਰਕੇ, ਬੰਦ ਲਾਸ ਦਾਸ ਕੀ ਕਰਕੇ।
ਫਿਰ ਮੁੜ ਕਰ ਪਾਛੇ ਕੋ ਆਏ, ਤਰਨ ਤਾਰਨ ਕੇ ਦਰਨ ਪਾਏ।
ਹੁਤੋ ਮਾਲ ਜੋ ਲੂਟਹ ਕੇਰਾ, ਬਾਂਟ ਦਯੋ ਤਬ ਹੀ ਬਿਨ ਦੇਰਾ।
ਗੁਰਦੁਆਰੇ ਕਾ ਭਾਗ ਸੁ ਜੇਤਾ, ਭੇਟ ਕਰਾ ਜਾਕਰ ਸਭ ਤੇਤਾ।
ਅਰ ਤਿਸ ਬ੍ਰਹਮਣ ਕੋ ਧਨ ਦੇ ਕੇ, ਤੋਰ ਦਈ ਲਰਕੀ ਤਬ ਪੇਕੇ।
ਯਹ ਸਿੰਘਨ ਕੇ ਥੇ ਪੁਰਖਾਰਤ, ਜਾਨਤ ਸਗਲ ਜਾਂਹਿ ਕੋ ਭਾਰਤ।
ਨਾਮ ਸੁਨੇ ਜਿਹ ਦੁਮਨ ਡਰਤੇ, ਸਨਮੁਖ ਦੇਖ ਮੌਤ ਬਿਨ ਮਰਤੇ।

ਚੌਪਈ

ਪੁਨਹਿ ਜਲੰਧਰ ਜੰਗ ਮਝਾਰੀ, ਤੁਰਕਨ ਕੀ ਲੀਨੀ ਬਹੁ ਨਾਰੀ।
ਸੋ ਸਿੰਘਨ ਆਨੰਦ ਪੜ੍ਹਾਏ, ਸਭਹਨ ਕੋ ਅਮ੍ਰਿਤ ਛਕਵਾਏ।

**ਯਹਿ ਸਿੰਘਨ ਕੇ ਥੇ ਤਬ ਕਾਮਾਂ, ਪਲਟ ਦੇਤ ਥੇ ਪਿਛਲਾ ਜਾਮਾਂ।**
**ਅਹੋ ਸਮਾਂ ਵਹੁ ਥੋ ਵਡਭਾਗੀ, ਸਿੰਘ ਹੁਤੇ ਗੁਰਮਤ ਅਨੁਰਾਗੀ।**
**ਅਬ ਸੁਨੀਏ ਸਿੱਖੀ ਕਾ ਹਾਲ, ਛੋਡ ਧਰਮ ਪੈ ਗਈ ਕੁਚਾਲ।**
**ਅਸਲੀ ਸਿੱਖੀ ਦੂਰ ਹਟਾਈ, ਅਬ ਨਕਲੀ ਕਰ ਜਗਤ ਦਿਖਾਈ।**
**ਨਕਲੀ ਸੁਨ ਮਨ ਕੋਪ ਨ ਕੀਜੈ, ਭਲੇ ਸਬੂਤ ਮੋਹਿ ਤੇ ਲੀਜੈ।**
**ਕਾਨ ਲਗਾ ਕਰ ਸੁਨੀਏ ਸਾਰੇ, ਨਕਲੀ ਸਿੱਖ ਲੱਖਨ ਪਾਰੇ।।**

**ਦੋਹਿਰਾ**

**ਨਕਲ ਕਰੰਤਾ ਭਾਂਡ ਜੋ ਖਰੀ ਮਚਾਵਤ ਧੂਮ।**
**ਲੋਗਨ ਕੋ ਦਿਖਰਾਇਕੇ ਹੋਤ ਡੂਮ ਕਾ ਡੂਮ।**

**ਵਾਰਤਕ**

ਇਸ ਉੱਪਰਲੇ ਦੋਹਰੇ ਦਾ ਭਾਵ ਏਹ ਹੈ ਕਿ ਨਕਲੀ ਸਿੱਖੀ ਜੋ ਅੱਜ ਕੱਲ ਪ੍ਰਚਲਤ ਹੈ ਇਸ ਪਰ ਦਸਮ ਗੁਰੂ ਜੀ ਦੇ ਸਿੰਘਾਂ ਅਤੇ ਪਥ ਦੇ  ਪਾਰਿਆਂ ਨੂੰ ਰੂਰ ਧਿਆਨ ਦੇਣਾ ਚਾਹੀਦਾ ਹੈ ਅਰ ਵਿਚਾਰਨਾ ਚਾਹੀਦਾ ਹੈ ਕਿ ਕਿਆ ਦਸਮ ਗੁਰੂ ਜੀ ਦਾ ਏਹੋ ਉਪਦੇ ਸੀ ਜੋ ਅੱਜਕੱਲ ਪ੍ਰਚਾਰ ਕੀਤਾ ਜਾਂਦਾ ਹੈ ਯਾ ਜੋ ਅੱਜਕੱਲ ਏਹ ਸਾਡੇ ਸਿੰਘ ਭਾਈ ਨਕਲਾਂ ਕਰ ਰਹੇ ਹਨ ? ਕਿਆ ਇਸ ਤੇ ਦਸਮ ਗੁਰੂ ਜੀ ਪ੍ਰਸੰਨ ਹੋਣਗੇ ਯਾ ਏਹ ਕਾਰਵਾਈ ਕਰਨ ਵਾਲੇ ਸੱਚੇ ਧਰਮੀ ਸਿੱਖ ਕਹਿਲਾਉਨਗੇ?

ਵਿਚਾਰ ਕੇ ਦੇਖਨ ਤੇ ਏਹ ਸਿੱਧ ਹੁੰਦਾ ਹੈ ਕਿ ਜਿਸ ਪ੍ਰਕਾਰ ਭੰਡ ਲੋਕ ਜਦ ਨਕਲਾਂ ਕਰਦੇ ਹਨ ਤਦ ਓਹ ਾਹੂਕਾਰ ਆਦਿਕ ਦੇ ਸ੍ਵਾਂਗ ਬਣਾਉਂਦੇ ਹਨ ਜਿਸ ਵਿਚ ਓਹ ਓਹੋ ਜੇਹਾ ਰੂਪ ਬਣਾਕੇ ਖੜੇ ਹੋ ਜਾਂਦੇ ਹਨ। ਸਿਰਾਂ ਪਰ ਓਹੋ ਜੇਹੀਆਂ ਪਗੜੀਆਂ, ਤੇੜੀਂ ਧੋਤੀਆਂ, ਮੱਥੇ ਨੂੰ ਟਿੱਕੇ, ਹੱਥ ਵਿੱਚ ਬਹੀਆਂ ਅਤੇ ਕੰਨ ਵਿੱਚ ਕਲਮਾਂ ਰੱਖਦੇ ਹਨ। ਉਸੀ ਤਰ੍ਹਾਂ ਤੱਪੜ ਵਿਛਾਕੇ ਤਕੀਏ ਲਗਾ ਕੇ ਬੈਠ ਜਾਂਦੇ ਹਨ। ਉਸ ਸਮਯ ਪਰ ਆਪਣੇ ਨਾਮ, ਜਾਤ, ਇਟ ਦੇਵਤਾ ਸਭ ਕੁਝ ਬਦਲ ਲੈਂਦੇ ਹਨ। ਦੇਖਨ ਤੇ ਏਹੋ ਪ੍ਰਤੀਤ ਹੁੰਦਾ ਹੈ ਕਿ ਏਹ ਸੱਚ ਮੁੱਚ ਕੇ ਖੱਤ੍ਰੀ ਾਹੂਕਾਰ ਹਨ। ਪਰ ਜਦ ਨਕਲ ਕਰ ਕੇ ਹਟਦੇ ਹਨ ਤਦ ਓਹ ਓਹੋ ਡੂਮ ਕੇ ਡੂਮ ਜੋ ਪਹਿਲੇ ਸਨ, ਬਣ ਕੇ ਖੜੇ ਹੋ ਜਾਂਦੇ ਹਨ ਅਤੇ ਾਹੂਕਾਰੇ ਦੀਆਂ ਗੱਲਾਂ ਛੱਡ ਕੇ ਆਖਦੇ ਹਨ ਅੱਲਾ ੈਰ, ਪੀਰਾਂ ਦੀਆਂ ਰੱਖਾਂ, ਜੋੜੀਆਂ ਸਲਾਮਤ, ਮੋਤੀਆਂ ਵਾਲਾ ਰਾਜਾ, ੈਰ ਹੋਵੀ, ਇਮਾਨ ਦੀ ਸਲਾਮਤੀ”। ਓਹ ਪਗੜੀਆਂ, ਟਿੱਕੇ, ਧੋਤੀਆਂ ਅਰ ਓਹ ਗੱਲਾਂ



ਕਿਧਰੇ ਗੁੰਮ ਹੋ ਜਾਂਦੀਆਂ ਹਨ, ਅਤ ਨੂੰ ਓਹੋ ਪੀਰਾਂ ਦਿੱਤਾ, ਮਹੰਦਾ, ਬੁਲੰਦਾ ਰਹਿ ਜਾਂਦੇ ਹਨ। ਜੇ ਕੋਈ ਓਨ੍ਹਾਂ ਨੂੰ ਪੁੱਛਦਾ ਹੈ ਕਿ ਤੁਸੀਂ ਕੌਨ ਹੁੰਦੇ ਹੋ ਤਦ ਓਹ ਝੱਟ ਪਟ ਆਖਦੇ ਹਨ ਕਿ ਅਸੀਂ ਆਪਦੇ ਮਗਤੇ ਮਿਰਾਸੀ ਹਾਂ”।

**ਦ੍ਵੈਯਾ ਛੰਦ**

**ਏਹੋ ਨਕਲੀ ਹਾਲ ਪਥ ਦਾ ਹਮਕੋ ਨਰੀ ਆਵੈ।**
**ਅਤਰ ਤੋ ਕੁਛ ਔਰ ਬਾਤ ਹੈ ਊਪਰ ਔਰ ਦਿਖਾਵੈ।**
**ਊਪਰ ਨਾਮ ਸਿੰਘ ਇਨ ਟੇਰੇ ਕਰਮ ਨ ਸਿੰਘਨ ਕੇਰੇ।**
**ਨਾਮ ਾਲਸਾ ਾਲਸ ਰਾਖਾ ਬਨੇ ਬੇਰੜੀ ਹੇਰੇ।**
**ਸਰਬ ਜਾਤ ਕੇ ਮਾਨਸ ਮਿਲ ਜਬ ਅਮ੍ਰਿਤ ਛਕਨੇ ਆਵੈਂ।**
**ਪਜ ਸਿੰਘ ਮਿੱਲ ਤਬੀ ਭੁਝੰਗੀ ਅਮ੍ਰਿਤ ਤਾਰ ਕਰਾਵੈਂ।**
**ਸੋ ਪਾਂਚੋ ਗੁਰ ਦਸਮ ਰੂਪ ਹੈਂ ਭੇਦ ਨ ਜਾ ਮੇਂ ਰੰਚਾ।**
**ਦੇਖਹੁ ਅਬ ਅਸਲੀ ਕੋ ਭਾਈ ਕਾ ਬਨ ਹੈ ਪਰਪਚਾ।**

**ਵਾਰਤਕ**

ਅਮ੍ਰਿਤ ਛਕਾਉਣ ਦੇ ਸਮੇਂ ਅਮ੍ਰਿਤ ਛਕਾਉਣ ਵਾਲੇ ਪਜੇ ਸਿੰਘ ਪਜਾਂ ਪਿਆਰਿਆਂ ਦੀ ਜਗ੍ਹਾ ਹੁੰਦੇ ਹਨ। ਜੋ ਓਸ ਸਮ ਉਪਦੇ ਹੁੰਦਾ ਹੈ ਸੋ ਓਹੋ ਹੈ ਜੋ ਸ੍ਰੀ ਦਸਮ ਗੁਰੂ ਜੀ ਦਾ ਸੀ। ਜਦ ਸਨਮੁਖ ਖੜੇ ਕਰਕੇ ਅਮ੍ਰਿਤ ਛਕਾਇਆ ਜਾਂਦਾ ਹੈ ਤਦ ਓਹਨਾਂ ਨੂੰ ਏਹ ਉਪਦੇ ਕੀਤਾ ਜਾਂਦਾ ਹੈ  ਕਿ ਤੁਹਾਡਾ ਜਨਮ ਪਟਨੇ ਸਾਹਿਬ ਦਾ, ਵਾਸੀ ਅਨੰਦਪੁਰ, ਜਾਤ ਤੁਹਾਡੀ ਸਿੰਘ, ਮਾਤਾ ਤੁਹਾਡੀ ਸਾਹਿਬ ਕੌਰਾਂ ਅਤੇ ਪਿਤਾ ਤੁਹਾਡਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈ। ਅੱਗੇ ਤੋਂ ਤੁਹਾਡਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਵੇਗਾ।” ਇਤਨਾ ਓਹਨਾਂ ਨੂੰ ਆਖ ਕੇ ਫੇਰ ਭੀ ਪੁੱਛਿਆ ਜਾਂਦਾ ਹੈ। ਨਾਲ ਹੀ ਓਹਨਾਂ ਤੇ ਆਪਨੇ ਮੂਹੋਂ ਅਖਵਾਯਾ ਜਾਂਦਾ ਹੈ ਕਿ ਸਾਡਾ ਜਨਮ ਪਟਨੇ ਸਾਹਿਬ ਦਾ, ਵਾਸੀ ਅਨੰਦਪੁਰ ਦੀ, ਮਾਤਾ ਸਾਹਿਬ ਕੌਰਾਂ ਅਤੇ ਪਿਤਾ ਸਾਡਾ ਗੁਰੂ ਗੋਬਿੰਦ ਸਿੰਘ ਜੀ, ਅਰ ਾਤ ਸਾਡੀ ਾਲਸਾ ਹੈ।” ਇਸ ਸਾਰੇ ਉਪਦੇ ਦਾ ਤਾਤਪਰਜ ਏਹ ਹੈ ਕਿ ਅੱਜ ਤੇ ਤੁਹਾਡਾ ਜਨਮ ਨੂਰ ਪੁਰੇ ਯਾ ਤੇਲੂ ਮਾਜਰੇ ਦਾ ਨਹੀਂ ਰਿਹਾ, ਅੱਜ ਤੇ ਪਟਣੇ ਸਾਹਿਬ ਦਾ ਜਨਮ ਹੋਇਆ। ਦੂਸਰਾ ਅੱਜ ਤੇ ਤੁਸੀਂ ਝਿੰਗੜਾਂ ਅਤੇ ਭੱਗਪੂਰੇ ਦੇ ਰਹਿਣੇ ਵਾਲੇ ਨਹੀਂ ਰਹੇ ਤੁਹਾਡਾ ਵੱਸਣ ਦਾ ਨਗਰ ਅਨੰਦਪੁਰ ਸਾਹਿਬ ਹੈ। ਤੀਸਰਾ ਅੱਜ ਤੇ ਤੁਹਾਡੀ ਮਾਈ ਕਰਮੋ, ਨਰੈਣੀ ਯਾ ਲੱਛਮੀ ਨਹੀਂ ਹੈ ਕਿੰਤੂ ਤੁਸੀਂ ਮਾਤਾ ਸਾਹਿਬ ਕੌਰਾਂ

ਜੀ ਤੇ ਪੁਤ੍ਰ ਹੋਏ। ਚੌਥਾ ਅੱਜ ਤੇ ਤੁਹਾਡਾ ਪਿਤਾ ਘਸੀਟਾ, ਸੇਢੂ ਅਤੇ ਧੂੰਮਾ ਨਹੀਂ ਹੈ ਪ੍ਰਭੂ ਗੁਰੂ ਗੋਬਿੰਦ ਸਿੰਘ ਜੀ ਦੇ ਤੁਸੀਂ ਪਿਆਰੇ ਪੁਤ੍ਰ ਹੋਏ ਹੋ। ਪਜਵਾਂ ਤੁਹਾਡੀ ਜਾਤ ਅੱਜ ਤੋਂ ਪਿਛਲੀ ਬ੍ਰਹਮਣ, ਖੱਤ੍ਰੀ, ਜੱਟ, ਕਲਾਲ, ਲੁਹਾਰ, ਤਖਾਣ, ਨਾਈ, ਛੀਂਬੇ, ਮਹਿਰੇ, ਲਬਾਣੇ, ਚੂਹੜੇ, ਚਮਾਰ ਨਹੀਂ ਰਹੀ ਪਰੰਤੂ ਅੱਜ ਤੇ ਤੁਸੀਂ ਖ਼ਾਲਸਾ ਪਥ ਵਿਚ ਆਏ ਹੋ। ਇਸ ਤੇ ਪਿੱਛੇ ਓਨ੍ਹਾਂ ਨੂੰ ਰਹਿਤ ਦੱਸੀ ਜਾਂਦੀ ਹੈ ਕਿ ਕੱਛ, ਕੜਾ, ਕ੍ਰਿਪਾਣ, ਕੇਸ, ਕੰਘਾ ਏਹ ਪਜੇ ਕੱਕੇ ਧਾਰਨ ਕਰਨੇ, ਕੁੜੀ ਮਾਰ, ਨੜੀ ਮਾਰ, ਮੀਣੇਂ; ਮਸੰਦ, ਧੀਰ ਮਲੀਏ, ਰਾਮਰਾਈਏ ਅਤੇ ਸਿਰ  ਗੁੰਮ ਨਾਲ ਨਹੀਂ ਵਰਤਣਾ, ਚਾਰ  ਕੁਰਹਿਤਾਂ ਨਹੀਂ ਕਰਨੀਆਂ (ਜੈਸਾ ਕਿ ਤੁਰਕਨੀ ਨਾਲ ਜੁੱਧ, ਕੇਸਾਂ ਦੀ ਬੇਅਦਬੀ, ਕੁੱਠਾ ਅਤੇ ਤਮਾਕੂ ਦਾ ਵਰਤਾਉ); ਫਿਰ ਅਕਾਲ ਪੁਰਖ ਤੇ ਭਿੰਨ ਕਿਸੇ ਨੂੰ ਨਹੀਂ ਮਨਣਾ। ਇਸੀ ਪ੍ਰਕਾਰ ਦਾ ਸਾਰਾ ਉਪਦੇ ਗੁਰੂ ਮੁਖ ਦਾ ਠੀਕ ਠੀਕ ਕੀਤਾ ਜਾਂਦਾ ਹੈ।

**ਦ੍ਵੈਯਾ ਛੰਦ**

**ਏਥੋਂ ਤੀਕਰ ਕਾਰਜ ਸਾਰਾ ਠੀਕ ਰਹੋ ਹੈ ਭਾਈ।**
**ਪਿਛਲੀ ਜਾਤ-ਪਾਤ ਪਿਤ ਮਾਤਾ ਕਰ ਉਪਦੇ ਛੁਡਾਈ।**
**ਸਭ ਬਰਨੋਂ ਕੋ ਕੱਠਾ ਅਮ੍ਰਿਤ ਪੁਨ ਭੋਜਨ ਛਕਵਾਯੋ।**
**ਬੰਸ ਖ਼ਾਲਸਾ ਪੂਤ ਗੁਰੂ ਕੇ ਪਲ ਮਹਿੰ ਕਰ ਦਿਖਰਾਯੋ।**
**ਦੇਖਨ ਹਾਰੇ ਮਾਨਸ ਤਾਂਕੋ ਹੋਤ ਅਨੰਦ ਘਨੇਰੇ।**
**ਕਹਿਤ ਪਥ ਇਨ ਧਰਯੋ ਖ਼ਾਲਸ ਤਜ ਕਜ ਔਰ ਬਖੇਰੇ।**
**ਏਕ ਘੜੀ ਕੇ ਪੀਛੇ ਤਾਂਕਾ ਹਾਲ ਸੁਨੋ ਕਿਆ ਹੋਈ।**
**ਦਸਮ ਗੁਰੂ ਕੀ ਸਗਲੀ ਸਿੱਖਾ ਇਕ ਪਲ ਭੀਤਰ ਖੋਈ।**
**ਕਰ ਇਨਾਨ ਬਦਲ ਕੇ ਬਸਤਰ ਬੈਠ ਗਏ ਮਿਲ ਸਾਰੇ।**
**ਆਪੋ ਆਪਣੀ ਬਾਤ ਚਲਾਵੇਂ ਦੇਖੋ ਗੁਰ ਕੇ ਪਾਰੇ।**
**ਭਈ ਨਕਲ ਸਭ ਪਿਛਲੀ ਪੂਰੀ ਅਬ ਅਸਲੀ ਪਰ ਆਏ।**
**ਪਕੜ ਲਏ ਵਹੁ ਸਗਲੇ ਧੰਦੇ ਜੋ ਗੁਰ ਹੁਤੇ ਛੁਡਾਏ।**

**ਅਮ੍ਰਿਤ ਛਕਣੇ ਥੋਂ ਪਿੱਛੋਂ ਨਕਲੀ ਸਿੱਖਾਂ ਦੇ**
**ਪਰਸਪਰ ਪ੍ਰਨ ਉੱਤਰ**

**ਪ੍ਰਨ ਚੌਪਈ ਉੱਤਰ**

**ਕੌਣ ਸਿੱਖ ਹੁੰਦੇ ਹੋ ਭਾਈ ? ਮੈਂ ਅਰੋੜਾ ਇਹ ਹੈ ਨਾਈ।**



**ਤੇਰੀ ਸਿੰਘਾ ਕੀ ਹੈ ਜਾਤ ? ਨਾਮਾਂ ਬੰਸੀ ਛੀਂਬਾ ਭ੍ਰਾਤ।**
**ਤੇਰਾ ਦੂੱਧ ਕੌਣ ਹੈ ਪਾਰੇ ? ਅਸੀਂ ਸਿੰਘ ਹਾਂ ਜੱਟ ਕਰਾਰੇ।**
**ਤੇਰਾ ਜਨਮ ਕਿਨ੍ਹਾਂ ਦੇ ਘਰ ਦਾ ? ਮੈਂ ਹਾਂ ਮਹਿਰਾ ਪਾਣੀ ਭਰਦਾ।**
**ਤੈਂ ਨਾ ਦੱਸਿਆ ਅਪਨਾ ਹਾਲ ? ਆਹਲੂ ਵਾਲੇ ਅਸੀਂ ਕਲਾਲ।**
**ਤੂੰ ਭੀ ਅਪਨਾ ਗੋਤ ਬਖਾਨ ? ਕਾਰੀਗਰ ਹਾਂ ਅਸੀਂ ਤਖਾਨ।**
**ਤੁਸਾਂ ਕਿਨ੍ਹਾਂ ਘਰ ਵਾਸਾ ਲੀਆ ? ਬ੍ਰਾਹਮਣ ਜਨਮ ਰੱਬ ਨੇ ਦੀਆ।**
**ਕੀ ਕੁਝ ਕਰਦੇ ਤੇਰੇ ਘਰ ਦੇ ? ਹੈਨ ਖੱਤਰੀ ਹੱਟੀ ਕਰਦੇ।**
**ਤੈਂ ਕਹੁ ਚੁੱਪ ਭਲੀ ਕਿਉਂ ਕੀਤੀ ? ਜਾਤ ਸਾਇਣੀ ਆਪਾਂ ਲੀਤੀ।**
**ਤੂੰ ਭੀ ਕਹੁ ਅਪਨਾ ਅਲਸੇਟਾ ? ਮੈਂ ਰੰਘੜੇਟਾ ਗੁਰ ਕਾ ਬੇਟਾ।**
**ਤੈਂ ਕਿਉਂ ਜੁਦੀ ਲਗਾਈ ਤਾੜੀ ? ਰਵਿਦਾਸ ਭਗਤ ਦੀ ਹਾਂ ਮੈਂ ਵਾੜੀ।**
**ਤੈਂ ਨਾ ਦੱਸਿਆ ਗੋਤ ਪਿਆਰੇ ? ਮਾਈ ਪੋਤਰੇ ਹਾਂ ਸੁਨਿਆਰੇ।**
**ਕਹਿ ਦੇ ਝਬਦੇ ਤੂੰ ਭੀ ਕੁੱਝ ? ਨਾਉਂ ਰਹਿਤੀਏ ਸਾਡਾ ਬੁੱਝ।**
**ਤੇਰੀ ਕੀ ਹੈ ਜਾਤ ਸਿਆਣੇ ? ਬਚਿੱਤ੍ਰ ਸਿੰਘੀਏ ਸਿੰਘ ਲੁਬਾਣੇ।**
**ਤੁਸੀਂ ਬੈਠ ਕਿਉਂ ਰਹੇ ਇੱਕਲੇ ? ਹਮ ਸਿੱਖਾਂ ਹੈਂ ਬਾਵੇ ਭੱਲੇ।**
**ਕਹੋ ਆਪ ਭੀ ਕੋਈ ਬਾਤੀ ? ਹਮ ਭੀ ਬਾਵੇ ਤੇਹੁਣ ਜਾਤੀ।**
**ਤੂੰ ਕਯਾ ਬੈਠਾ ਪਾਇ ਝੰਬੇਲਾ ? ਬੇਦੀ ਬਾਵਾ ਸਮਝ ਸੁਹੇਲਾ।**
**ਕੌਣ ਪਿਡ ਦੇ ਰਹਿਨੇ ਹਾਰਾ ? ਭੱਗੂ ਪੁਰ ਹੈ ਨਗਰ ਹਮਾਰਾ।**
**ਮਾਈ ਤੇਰੀ ਕਾ ਕਯਾ ਨਾਉਂ ? ਭਾਗੋ ਸੱਦੇ ਸਭ ਗਿਰਾਉਂ।**
**ਨਾਉਂ ਬਾਪ ਦਾ ਦੇਹੁ ਬਤਾਇ ? ਸੇਢੂ ਤੈਨੂੰ ਕਹਿਆ ਸੁਨਾਇ।**

**ਦੋਹਿਰਾ** **ਤਿਸੀ ਸਮਯ ਇਸ ਭਾਂਤ ਕੀ, ਬਾਤੇਂ ਕਰਤ ਬਨਾਇ।**
**ਅਮ੍ਰਿਤ ਕੋ ਉਪਦੇ ਸਭ, ਪਲ ਮੇਂ ਦਯੋ ਭੁਲਾਇ।**

**ਦੋਹਿਰਾ** **ਆਯੋ ਅਸਲੀ ਸਿੰਘ ਇੱਕ ਬੋਲਿਯੋ ਮਨ ਧਰ ਰੋਸ।**
**ਹਾ ਧਿਕ ਐਸੀ ਬੁੱਧ ਕੋ ਲੇਤ ਸੀਸ ਪਰ ਦੋ।**

**ਅਸਲੀ ਅਤੇ ਨਕਲੀ ਸਿੰਘ ਦੇ ਪ੍ਰਨ ਉੱਤਰ**

**ਚੌਪਈ**

**ਅਸਲੀ ਦਾ ਪ੍ਰਨ ਨਕਲੀ ਦਾ ਉੱਤਰ**

**ਕਹੋ ਪਿਆਰੇ ਕਾ ਹੋ ਕਰਦੇ ? ਬਨੇ ਸਿੰਘ ਹਾਂ ਗੁਰ ਕੇ ਘਰ ਦੇ।**

**ਕਾ ਤੁਮ ਅਮ੍ਰਿਤ ਛਕਾ ਪਿਆਰੇ ? ਚੜ੍ਹੇ ਜਹਾ ਅੱਜ ਹਾਂ ਸਾਰੇ।**
**ਪੜਾ ਜਹਾ ਸੁ ਘੁਮਨ ਘੇਰੇ। ਹੇ ਗੁਰ ਮਾਰੇ ਤੂੰ ਕਾ ਟੇਰੇ ?**
**ਇਤਨਾ ਗੁੱਸਾ ਕਿਉਂ ਕਰ ਕੀਨਾ ? ਤੈਂ ਜੋ ਬੁਰਾ ਬੋਲ ਕਹਿ ਦੀਨਾ।**
**ਬੁਰਾ ਨਹੀਂ ਵਹੁ ਸਾਚਾ ਭਾਈ ? ਕਹੁ ਕੈਸੇ ਹੈ ਸਗਲ ਸੁਨਾਈ।**
**ਦੋਹਿਰਾ– ਲਗੋ ਕਹਿਨ ਤਬ ਸਿੱਖ ਵਹੁ ਸਾਚੇ ਬੈਨ ਨਸੰਕ।**
**ਅਹੋ ਨਿਧੀ ਕੋ ਪਾਇਕੇ ਬਨ ਬੈਠੇ ਹੋ ਰੰਕ।**

**ਚੌਪਈ**

**ਅਮ੍ਰਿਤ ਛਕ ਸਭ ਾਲਸ ਹੋਏ, ਪਿਛਲੀ ਜਾਤ–ਪਾਤ ਸਭ ਖੋਏ।**
**ਤੁਮ ਥੇ ਬਨੇ ਸਿੰਘ ਨਿਰਸੰਕਾ, ਦਸਮ ਗੁਰੂ ਕੇ ਸੁਤ ਬਰ ਬੰਕਾ।**
**ਪਰ ਅਬ ਔਰ ਔਰ ਬਨ ਬੈਠੇ, ਮੋਰੇ ਸਾਥ ਬੋਲ ਹੋ ਐਠੇ।**
**ਕਹੋ ਕਹਾਂ ਵੁਹ ਸੀਖ ਭੁਲਾਈ, ਅਮ੍ਰਿਤ ਛਕਤੇ ਜੋਇ ਸਿਖਾਈ।**

**ਦ੍ਵੈਯਾ ਛੰਦ**

**ਔਰੇ ਔਰੇ ਜਾਤ ਠਰਾਈ ਔਰੇ ਗੋਤ ਬਨਾਏ।**
**ਔਰ ਔਰ ਸੋ ਮਾਤ ਬਤਾਵੈਂ ਔਰੇ ਪਿਤਾ ਠਹਿਰਾਏ।**
**ਸਾਹਿਬ ਕੌਰਾਂ ਦਸਮ ਗੁਰੂ ਤੇ ਪਲ ਮਹਿੰ ਕੀਨ ਕਿਨਾਰਾ।**
**ਾਲਸ ਮਤ ਕੋ ਤਜ ਕਰ ਮੂੜੇ ਗਿਰੇ ਜਾਇ ਤੁਮ ਗਾਰਾ।**

# ਨਕਲੀ ਸਿੱਖ ਦਾ ਉੱਤਰ

**ਚੌਪਈ**

**ਹੇ ਸਿੱਖਾਂ ਤੈਂ ਠੀਕ ਬਤਾਈ, ਪਰ ਅਸਲੀ ਨਹਿੰ ਛਪੈ ਛਪਾਈ।**
**ਵਡਾ ਅਸਾਡਾ ਭਾਈ ਚਾਰਾ, ਗੁੱਸੇ ਹੋ ਜਾਵੇਗਾ ਸਾਰਾ।**
**ਜੋ ਸਿੱਖੀ ਪਰ ਨਿਸਚਾ ਕਰੀਏ, ਅਮ੍ਰਿਤ ਕੀ ਮਿਰਯਾਦਾ ਧਰੀਏ।**
**ਸਭ ਪਰਵਾਰ ਛੱਡ ਹਮ ਜਾਊ, ਨਾ ਸਾਡੇ ਘਰ ਪੀਊ ਖਾਊ।**
**ਸਿੱਖੀ ਰਹਿਤ ਕਠਨ ਹੈ ਭਾਈ, ਸਾਥੋਂ ਜਾਂਦੀ ਨਾਹਿੰ ਕੁਮਾਈ।**
**ਪਿਛਲੀ ਜਾਤੋਂ ਕਰੇਂ ਕਨਾਰੇ, ਲੜਕੇ ਲੜਕੀ ਰਹੇਂ ਕੁਆਰੇ।**
**ਦਾਦਾ ਹੁੰਦਾ ਲੈਨ ਨ ਆਊ, ਭਾਂਡਾ ਸਾਡਾ ਤੁਰਤ ਛਿਕਾਊ।**



**ਸਾਡਾ ਕੁਨਬਾ ਸਾਨੂੰ ਜੱਭੂ, ਫਿਰ ਇਸ ਸਿੱਖੀ ਤੇ ਕਿਆ ਲੱਭੂ।**
**ਇਸੀ ਤਰਹ ਚੰਗੇ ਹਾਂ ਭਾਈ, ਪਿਤਾ ਪੁਰਖੀ ਜੋ ਚਲਦੀ ਆਈ।**

**ਵਾਰਤਕ**

ਇਸ ਬਾਤ ਚੀਤ ਤੇ ਇਹ ਤਾਤਪਰਜ ਨਿਕਲਿਆ ਜੋ ਪਿਤਾ ਗੁਰੂ ਗੋਬਿੰਦ ਸਿੰਘ ਜੀ ਤਾਂ ਨਕਲੀ ਸਨ ਅਤੇ ਪਿਤਾ ਧੂੰਮਾ, ਮਾਤਾ ਸੇਢੋ ਅਸਲੀ ਹਨ ਿਕ ! ਗੁਰੂ ਮਹਾਰਾਜ ਦੇ ਅਮ੍ਰਿਤ ਨੇ ਜਾਤ–ਪਾਤ ਦੇ ਬੰਧਨ ਤੋਂ ਛੁੜਾਇਆ ਪਰ ਫਿਰ ਭੀ ਇਹ ਕਿਹਾ ਜਾਂਦਾ ਹੈ ਅਸਲੀ ਮਾਂ ਬਾਪ ਤੇ ਜਾਤ ਕਦ ਛਪਾਏ ਜਾਂਦੇ ਹਨ"? ਮਹਾਰਾਜ ਜਾਤ ਦਾ ਛਿਪਾਉਣਾ ਬੜਾ ਦੋ ਹੁੰਦਾ ਹੈ।

ਦੇਖੋ ਗੁਰੂ ਮਹਾਰਾਜ ਕੀ ਉਪਦੇ ਦੇਂਦੇ ਹਨ। ਯਥਾ :–

**ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ"॥** (ਅਗ **1230**)

ਅਰਥਾਤ ਾਲਸੇ ਵਿੱਚ ਕੋਈ ਾਤ ਪਾਤ ਨਹੀਂ। ਏਹ ਝੰਬੇਲਾ ਕੇਵਲ ਉਨ੍ਹਾਂ ਵਾਸਤੇ ਹੈ ਜੋ ਅਕਾਲ ਪੁਰਖ ਨੂੰ ਸਾਰੀ ਸ੍ਰਿਟੀ ਦਾ ਕਰਤਾ ਨਹੀਂ ਜਾਨਦੇ। ਗੁਰੂ ਕਲੀਧਰ ਜੀ ਅਕਾਲ ਉਸਤਤ ਵਿੱਚ ਕਹਿੰਦੇ ਹਨ

ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ"॥

ਅਮ੍ਰਿਤ ਛਕਾਉਣ ਸਮੇਂ ਪ੍ਰਾਣੀ ਨੂੰ ਗੁਰਮਤਿ ਧਾਰਨ ਕਰਾਈ ਜਾਂਦੀ ਹੈ। ਫਿਰ ਮਾਲੂਮ ਨਹੀਂ ਜਾਤ ਕੇਹੜੀ ਰਹਿ ਜਾਂਦੀ ਹੈ। ਗੁਰੂ ਮਹਾਰਾਜ ਜੀ ਸੰਾਂ ਕਹਿੰਦੇ ਹਨ ਕਿ :

**ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ"॥**
(ਅਗ **1198**)

ਪੁਨਃ **ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ"॥**
(ਅਗ **1374**)

ਏਹਨਾਂ ਉਪਦੇਾਂ ਨਾਲ ਅਮ੍ਰਿਤ ਛਕਾਕੇ ਜਹਾ ਚੜ੍ਹਾਯਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਤੇਰੀ ਪਿਛਲੀ **ਫਕੜੁ ਜਾਤੀ ਫਕੜਿ ਨਾਉ** ਤੋੜਕੇ ਆਜ ਤੋਂ ਤੂੰ **ਸਭਨਾਂ ਜੀਆਂ ਇਕ ਛਾਉ** ਦੇ ਅਨੁਸਾਰ ਖਾਲਸੇ ਵਿਚ ਅਭੇਦ ਕਿਹਾ ਜਾਂਦਾ ਹੈ।

ਕਿਉਂ ਨਕਲੀ ਾਲਸਾ ਜੀ ਦੱਸੋ ਤਾਂ ਸਹੀ ਕਿ ਓਹ ਜਹਾ ਕਿਸ ਤੂੰਾਨ ਨਾਲ ਉੱਡ ਗਯਾ ਅਤੇ ਕੀ ਵਿਚਾਰਾ ਸਿੱਖ ਉਰਾਰ ਹੀ ਰਚ ਬੰਨ੍ਹੀ ਬੈਠਾ ਰਹਿ

ਗਿਆ ?

ਜੇ ਕੋਈ ਗੁਰੂ ਦਾ ਲਾਲ ਕਾਰਾਰਾ ਦਿਲ ਕਰ ਕੇ ਆਖ ਭੀ ਦੇਵੇ ਕਿ ਮੈਂ ਸਿੰਘ ਹਾਂ ਜੋ ਸਭ ਤੋਂ ਉੱਤਮ ਕੌਮ ਹੈ, ਤਦ ਲੋਕ ਆਖਦੇ ਹਨ ਕਿ ਦੇਖੋ ਯਾਰੋ ਭੂੰਡੀ ਮਹਿਰੇ ਦਾ ਪੁੱਤ੍ਰ ਜਿਸ ਦਾ ਨਾਉਂ ਡੋਗਰ ਹੈ ਅਪਨੀ ਜਾਤ ਲੁਕਾਉਂਦਾ ਹੈ, ਭੱਠ ਝੋਕਦਾ ਝੋਕਦਾ ਅੱਜ ਸਿੰਘ ਬਣ ਬੈਠਾ ਹੈ, ਅਤੇ ਉਸ ਨੂੰ ਆਖਦੇ ਹਨ ਕਿ ਬੈਠ ਭੜੂਏ ਦਾ ਭੜੂਆ ਜਾਤ ਨਹੀਂ ਛਿਪਈਦੀ। ਆਪਸ ਵਿੱਚ ਮਿਲ ਕੇ ਮੌਲ ਕਰ ਕੇ ਆਖਦੇ ਹਨ ਕਿ ਦੇਖੋ ਯਾਰੋ ਜਾਤ ਦੀ ਕੋੜ੍ਹ ਕਿਰਲੀ ਤੀਰਾਂ ਨਾਲ ਜੱਫੇ", ਝੀਊਰਾਂ ਦਾ ਮੁਡਾ ਅੱਜ ਸਭ ਤੋਂ ਪਵਿੱਤ੍ਰ ਬਣਦਾ ਹੈ, ਭਾਈ ਕਲਜੁਗ ਦਾ ਪ੍ਰਭਾਉ ਹੈ ਅਤੇ ਅਗਰੇ ੀ ਰਾਜ ਹੈ ਕੋਈ ਕਿਸੇ ਨੂੰ ਕੁਝ ਨਹੀਂ ਆਖਦਾ, ਭਾਵੇਂ ਕੁਝ ਬਣਦਾ ਫਿਰੇ, ਧਰਮ ਅੱਜ ਕੱਲ ਕਿਧਰੇ ਨਹੀਂ ਰਿਹਾ ਹੈ,ਂ ਕਰ ਵਰਣ ਹੋ ਗਿਆ ਹੈ।

**ਇਸ ਪਰ ਕਾਨੂੰਨੀ ਦੰਾ ਦਾ ਕਾਇਮ ਕਰਨਾ।**

ਜੇਕਰ ਅਮ੍ਰਿਤ ਛਕਾਉਣ ਵਾਲੇ ਨੇ ਪਜ ਆਨੇ ਦੇ ਪੈਸਾਂ ਦਾ ਲਾਲਚ ਕਰ ਕੇ ਅਮ੍ਰਿਤ ਛਕਨ ਵਾਲੇ ਨੂੰ ਧੋਖਾ ਦਿੱਤਾ ਹੈ ਉਸ ਨੂੰ ਸਾ ਦੇਣੀ ਚਾਹੀਏ ਜਿਸ ਤੇ ਫੇਰ ਮੁੜ ਕੇ ਅੱਗੇ ਨੂੰ ਕਿਸੇ ਪ੍ਰਤਿ ਅਜੇਹਾ ਝੂਠਾ ਉਪਦੇ ਨਾ ਕਰੇ, ਅਤੇ ਅੱਗੇ ਉਸ ਨੂੰ ਏਹ ਸਮਝਾ ਦੇਣਾ ਚਾਹੀਏ ਕਿ ਅੱਜ ਤੋਂ ਅਮ੍ਰਿਤ ਛਕਣ ਵਾਲੇ ਨੂੰ ਏਹ ਉਪਦੇ ਕਰਿਆ ਕਰੇ : ਬੋਲ ਲਾਲਾ ਰਾਮ ਰਾਮ, ਬੋਲ ਭੈਰੋਂ, ਹੇਠਾਂ ਦੇਖ, ਸਾਮ੍ਹਣੇ ਨਾ ਝਾਕ; ਆਖ ਜਨਮ ਰੰਗਪੁਰ ਖੇੜੇ ਵਾਸੀ ਗੁੱਜਰਾਂਵਾਲਾ, ਸਾਇਣੀ ਬੰਸ, ਬਾਪ ਬੋਘਾ, ਮਾਈ ਸੇਢੋ ਅਤੇ ਚੂੜ੍ਹੇ, ਚੁਮਾਰ, ਸਾਂਹਸੀ, ਗੰਧੀਲੇ, ਕੋਹੜੇ ਏਨ੍ਹਾਂ ਪਜਾਂ ਨਾਲ ਨਾ ਵਰਤਨਾ; ਗੁੱਗਾ, ਮੀਰਾਂ, ਜਿੰਨ, ਭੂਤ, ਭੈਰੋਂ, ਕਾਲੀ ਦਾ ਪੂਜਨ ਕਰਨਾ; ਸਖੀ ਸਰਵਰ ਦਾ ਚੂਰਮਾਂ ਦੇਨਾ ਅਤੇ ਭਰਾਈ ਨੂੰ ੇਖ ਆਖ ਕੇ ਉਸ ਦੇ ਗੋਡੀਂ ਹੱਥ ਲਾਉਣਾ; ਸਾਕ ਨਾਤਾ ਆਦਿਕ ਹਿੰਦੂਆਂ ਨਾਲ ਕਰਨੋਂ ਨ ਡਰੀਂ ਕਿਉਂ ਕਿ ਤੂੰ ਕੇਸਾ ਧਾਰੀ ਅਤੇ ਉਹ ਸਹਜਧਾਰੀ ਹੁੰਦੇ ਹਨ, ਸੋ ਜਿਸ ਨਾਲ ਧਾਰੀ ਧਾਰੀ ਮਿਲ ਜਾਏ ਉਸ ਨਾਲ ਸਰਬੰਧ ਹੋ ਸਕਦਾ ਹੈ, ਏਥੇ ਭਾਗ ਤਿਆਗ ਲੱਖਨਾ ਕਰ ਲੈਨੀ ਜੈਸੀ ਵੇਦਾਂਤੀ ਕਰਦੇ ਹਨ ਅਰਥਾਤ ਤੂੰ ਅਪਨੇ ਕੇਸਾਂ ਦਾ ਾਲ ਛੱਡ ਦੇਈਂ ਅਤੇ ਉਹ ਅਪਨੇ ਰੋਡੇਪਨ ਦਾ ਸੰਕਲਪ ਤਿਆਗ ਦੇਵੇ, ਇਨ੍ਹਾਂ ਦੋਨਾਂ ਤੇ ਜੁਦਾ ਜੋ ਧਾਰੀ ਪਨ ਹੈ ਸੋ ਆਪਸ ਵਿੱਚ ਦੋਹਾਂ ਨੂੰ ਮਿਲਾਉਂਦਾ ਹੈ ਸੋ ਧਾਰਨ ਕਰ ਲੈਣਾ, ਇਸ ਵਿੱਚ ਕੋਈ ਦੋ ਨਹੀਂ ਹੈ ਕਿਉਂਕਿ ਬਰਾਦਰੀ ਤੇ ਤਾਂ ਨਿਕਲਯਾ ਨਹੀਂ ਜਾਂਦਾ ਸਿੱਖੀ ਭਾਵੇਂ ਘਟ ਜਾਏ!!



ਦੂਸਰਾ ਗੁਰੂ ਮਹਾਰਾਜ ਨੇ ਨੜੀਮਾਰ ਨਾਲ ਵਰਤਨ ਦੀ ਆਗਿਆ ਨਹੀਂ ਦਿੱਤੀ ਸੋ ਤੂੰ ਗੁਰੂ ਦੇ ਇਸ ਹੁਕਮ ਨੂੰ ਮਨਣ ਲਈ ਨੜੀਮਾਰ ਦੀ ਜਗਾ ਚੁਰਟਮਾਰ ਨਾਲ ਭਾਵੇਂ ਵਰਤ ਲਈ ਕਿਉਂਕਿ ਗੁਰੂ ਜੀ ਨੇ ਚੁਰਟਮਾਰ ਨਾਲੋਂ ਵਰਤਨੋਂ ਕਿਤੇ ਨਹੀਂ ਹਟਾਯਾ। ਹੋਰ, ਨੌਂ ਗੁਰੂਆਂ ਦੇ ਚਰਨਾਂ ਨਾਲ ਭੀ ਕੁਝ ਪ੍ਰੇਮ ਰੱਖਨਾ; ਦਸਮ ਗੁਰੂ ਜੀ ਦੀ ਰੀਤੀ ਕਠਨ ਹੈ ਤੂੰ ਧਾਰ ਨਹੀਂ ਸਕੇਂਗਾ, ਜੇ ਧਾਰਨੀ ਹੋਵੇ ਤਾਂ ਇਹ ਸੌਖੀ ਮਰਯਾਦਾ ਧਾਰੀ, ਜੋ ਅੱਗੇ ਦੱਸੀ ਜਾਂਦੀ ਹੈ–

ਪਜ ਕੱਕੇ ਏਹ ਰੱਖੀਂ, ਪਹਿਲਾ ਕੱਕਾ ਕੋਠਾ ਜਿਸ ਵਿਚ ਵਸਕੇ ਅਰਾਮ ਪਾਏ ਂ, ਦੂਜਾ ਕੁੱਤਾ ਜੋ ਉਸ ਪਹਿਲੇ ਦੀ ਰਾਖੀ ਕਰੇ; ਤੀਜਾ ਕੱਪੜਾ ਜੋ ਦੇਹ ਨੂੰ ਸਰਦੀ ਤੇ ਬਚਾਏ ਅਤੇ ਨੰਗ ਕੱਜੇ, ਚੌਥਾ ਕਟੋਰਾ ਜਿਸ ਵਿੱਚ ਬੂਰੀ ਮੱਝ ਦਾ ਦੁੱਧ ਯਾ ਠੰਢਾ ਪਾਣੀ ਪਾ ਕੇ ਪੀਵੇਂ, ਪਜਵਾਂ ਕਿਰਤ ਕਿਰਸਾਣੀ ਜਿਸ ਦੇ ਰੱਖਣੇ ਤੇ ਖਾਣ ਜੋਗੇ ਦਾਣੇ ਘਰ ਵਿੱਚ ਆ ਜਾਣ। ਬੰਦਗੀ ਬੁਲਾ ਅਤੇ ਘਰ ਨੂੰ ਜਾਹ; ਕਦੇ ਮਿਲਦਾ ਰਹੀਂ, ਭੁਲਾ ਨਾ ਬੈਠੀਂ।

ਦੇਖੋ ਇਸ ਉਪਦੇ ਤੇ ਸਿੱਖੀ ਨੂੰ ਕੇਹਾ ਭਾਗ ਲੱਗੇਗਾ ਜੋ ਕੌੜੀ ਵੇਲ ਵਾਂਗੁਰ ਵਧੇਗੀ ਅਤੇ ਕਿਸੇ ਨੂੰ ਕਠਨ ਭੀ ਪ੍ਰਤੀਤ ਨਾ ਹੋਵੇਗੀ।

ਦੂਸਰਾ ਜੇਕਰ ਅਮ੍ਰਿਤ ਛਕਾਉਨ ਵਾਲੇ ਨੇ ਅਪਨੇ ਸੱਚੇ ਦਿਲ ਨਾਲ ਸੱਚ ਮੁੱਚ ਹੀ ਦਸਮ ਗੁਰੂ ਜੀ ਦੀ ਰੀਤੀ ਨਾਲ ਅਮ੍ਰਿਤ ਛਕਾਕੇ ਾਲਸਾ ਬਨਾ ਦਿੱਤਾ ਸੀ, ਤੇ ਛਕਨੇ ਵਾਲਾ ਬਾਹਰ ਆ ਕੇ੍ਰ ਦ ਮੁੱਕਰ ਬੈਠਾ ਹੈ ਕਿ ਮੈਂ ਾਲਸਾ ਨਹੀਂ ਹਾਂ ਤਦ ਅਮ੍ਰਿਤ ਛਕਨ ਵਾਲੇ ਨੂੰ ਅਦਾਲਤ ਦੇ ਰੀਏ ਓਹ ਦੰਡ ਦੁਆਉਣਾ ਚਾਹੀਦਾ ਹੈ ਜੋ ਤਾੀਰਾਤ ਹਿੰਦ ਵਿੱਚ ਜਾਤ ਦੇ ਹਟਾਉਣ ਵਾਲੇ ਨੂੰ ਲਿਖਿਆ ਹੋਇਆ ਹੈ। ਇਸ ਤੇ ਅੱਗੇ ਨੂੰ ਕੋਈ ਫੇਰ ਅਜੇਹਾ ਕੰਮ ਨਾ ਕਰੇਗਾ।

ਦੋਹਿਰਾ– **ਹਾਸੀ ਵਾਲੀ ਗੱਲ ਇਕ, ਸੁਨੋ ਮੀਤ ਮਨ ਲਾਇ।**
**ਪਥ ਾਲਸਾ ਲਕ ਮੈਂ, ਭੰਬਲ ਭੂਸੇ ਖਾਇ।**

ਦੋਹਿਰਾ– **ਏਕ ਦੀਨ ਇਨਕਾ ਨਹੀਂ; ਨਹਿ ਪੁਨ ਏਕ ਈਮਾਨ।**
**ਕੋਈ ਪੂਜਤ ਮੜੀ ਮਟ, ਵਾਚਤ ਕੋਈ ਪੁਰਾਨ।**

ਵਾਰਤਕ

ਏਹਨਾ ਦੋਹਰਿਆਂ ਦਾ ਭਾਵ ਏਹ ਹੈ ਕਿ ਸੰਸਾਰ ਵਿੱਚ ਜੇਹਾ ਖਾਲਸਾ ਪਥ ਧੱਕੇ ਖਾ ਰਿਹਾ ਹੈ ਅਜੇਹਾ ਹੋਰ ਕੋਈ ਪਥ ਯਾ ਿਰਕਾ ਨਹੀਂ ਹੈ ਕਿਉਂਕਿ ਏਨ੍ਹਾਂ ਦਾ

ਇੱਕ ਧਰਮ ਅਤੇ ਇੱਕ ਮਹਬ ਨਹੀਂ: ਦਸ ਭੈਰੋਂ ਜਤੀ ਦੇ ਚੇਲੇ, ਪਦ੍ਹਾਂ ਸਖੀ ਸਰਵਰੀਏ ਹਨ; ਅਰ ਦਸ ਬਾਰਾਂ ਗੋਰਾਂ ਮੜ੍ਹੀਆਂ ਪਰ ਸਿਰ ਝੁਕਾ ਰਹੇ ਹਨ। ਕੋਈ ਮੁਕਤੀ ਦੇ ਵਾਸਤੇ ਕੁਰਾਨ ਪੜ੍ਹਦਾ ਹੈ, ਕੋਈ ਪੁਰਾਨ ਵਾਚਦਾ ਹੈ। ਜਿਸ ਤਰ੍ਹਾਂ ਦਰਯਾ ਦੇ ਵਿੱਚ ਤ੍ਰਿਣ ਵਹੇ ਜਾਂਦੇ ਹਨ, ਉਨ੍ਹਾਂ ਵਿਚੋਂ ਕੋਈ ਕਿਧਰੇ ਕੋਈ ਕਿਧਰੇ ਅਟਕ ਜਾਂਦਾ ਹੈ; ਇਸੀ ਤਰ੍ਹਾਂ ਏਹ ਭੀ ਸੰਸਾਰ ਸਾਗਰ ਵਿੱਚ ਕੋਈ ਕਿਧਰੇ ਕੋਈ ਕਿਧਰੇ ਆਸ ਲਾਈ ਬੈਠਾ ਹੈ, ਹਾਰਾਂ ਵਿੱਚੋਂ ਅਜੇਹਾ ਕੋਈ ਗੁਰੂ ਦਾ ਪਿਆਰਾ ਪੱਕਾ ਸਿੰਘ ਹੋਵੇਗਾ ਜਿਸ ਦਾ ਨਿਸਚਾ ਕੇਵਲ ਦਸਮ ਗੁਰੂ ਜੀ ਦੀ ਰਚਿਤ ਅਤੇ ਗੁਰੂ ਗ੍ਰੰਥ ਸਾਹਿਬ ਪਰ ਹੋਵੇਗਾ। ਇਤਨੇ ਪਰ ਹੀ ਬੱਸ ਨਹੀਂ, ਨਕਲੀ ਾਲਸਾ ਜੀ ਦਾ ਇੱਕ ਹੋਰ ਕਚਘਰੜ ਪੁਨਾ ਦੇਖੋ ਜੋ ਕੇਹਾ ਹਾਸੀ ਦੇ ਜੋਗ ਹੈ! ਅੱਵਲ ਤਾਂ ਮੁਸਲਮਾਨ ਲੋਗ, ਭਾਵੇਂ ਓਹ ਮੂਰਖ ਹੋਨ ਭਾਵੇਂ ਵਿਦ੍ਵਾਨ ਹੋਨ, ਸਾਰੇ ਅਪਨੇ ਦੀਨ ਵਿੱਚ ਅਜੇਹੇ ਪੱਕੇ ਹੁੰਦੇ ਹਨ ਜੇਹਾ ਮਜੀਠ ਦਾ ਰੰਗ ਹੁੰਦਾ ਹੈ, ਜਿਸ ਤੋਂ ਓਹ ਦੂਸਰੇ ਧਰਮ ਵਿੱਚ ਨਹੀਂ ਜਾ ਸਕਦੇ। ਭਲਾ ਜੇ ਕੋਈ ਭੁਲਿਆ-ਚੁਕਿਆ ਮੁਸਲਮਾਨ ਭਾਈ ਖਾਲਸਾ ਧਰਮ ਦੀਆਂ ਖੂਬੀਆਂ ਦੇਖ ਸੁਣ ਕੇ ਅਮ੍ਰਿਤ ਛਕ ਕੇ ਪੂਰਾ ਪੂਰਾ ਸਿੰਘ ਬਣ ਭੀ ਜਾਂਦਾ ਹੈ ਤਦ ਾਲਸਾ ਜੀ ਉਸ ਨੂੰ ਬਹੁਤ ਦਿਆਲ ਹੋ ਕੇ ਏਹ ਤਿਾਬ ਬਦਾ ਹੈ ਕਿ ਾਲਸਾ ਜੀ ਅੱਜ ਤੋਂ ਇਹ ਮਹੰਮਦੀ ਸਿੰਘ ਹੈ" ਿਕ, ਮਹਾਂ ਿਕ! ਦੇਖੋ ਉਸ ਵਿਚਾਰੇ ਨੇ ਅਮ੍ਰਿਤ ਤਾਂ ਛਕਾ ਗੁਰੂ ਗੋਬਿੰਦ ਸਿੰਘ ਜੀ ਕਲਗੀਧਰ ਦਾ ਅਤੇ ਨਕਲੀ ਸਿੱਖਾਂ ਦੇ ਕਥਨ ਅਨੁਸਾਰ ਓਹ ਸਿੰਘ ਹੋਇਆ ਮਹੰਮਦ ਸਾਹਿਬ ਦਾ।

ਦੋਹਿਰਾ : **ਧੰਨ ਮਹੰਮਦ ਤੇਗ ਹੈ, ਧੰਨ ਦੀਨ ਪਰਤਾਪ।**
**ਜਾਂਤੇ ਤੇਰੇ ਮਤ ਵਿਖੇ, ਫਸਾ ਰਹਿਤ ਨਰ ਆਪ।**

ਕੇਹੀ ਅਧੇਰ ਦੀ ਬਾਤ ਹੈ ਕਿ ਸਾਰੀ ਗੁਰੂ ਘਰ ਦੀ ਰੀਤੀ ਕਰਕੇ ਵੀ ਓਹ ਮਹੰਮਦੀ ਸਦਾਇਆ, ਕਾ ਜਦ ਕੋਈ ਹਿੰਦੂ ਯਾ ਸਿੱਖ ਮੁਸਲਮਾਨ ਹੋ ਕੇ ਨਬੀ ਦਾ ਕਲਮਾਂ ਪੜ੍ਹਦਾ ਹੈ ਤਦ ਮੁਸਲਮਾਨ ਭੀ ਉਸ ਨੂੰ ਏਹੋ ਆਖਦੇ ਹਨ ਕਿ ਏਹ ਰਾਮਚੰਦ੍ਰੀਆ ਮੁਸਲਮਾਨ ਹੈ, ਯਾ ਕ੍ਰਿਨ ਦਾਸੀਆ ਦੀਨਦਾਰ ਹੈ, ਯਾ ਗੋਬਿੰਦ ਸਿੰਘੀਆ ਮੌਲਵੀ? ਕਦੇ ਨਹੀਂ, ਕਿਉਂਕਿ ਓਨ੍ਹਾਂ ਦੀ ਏਹ ਰੀਤੀ ਹੈ ਕਿ ਭਾਵੇਂ ਕਿਸੇ ਮਹਬ ਅਤੇ ਕੌਮ ਦਾ ਪੁਰ ਕਿਉਂ ਨਾ ਹੋਵੇ ਜਦ ਉਸ ਨੇ ਨਬੀ ਦਾ ਕਲਮਾਂ ਪੜ੍ਹਿਆ ਤਦੋਂ ਹੀ ਮਹੰਮਦੀ ਬਣ ਗਿਆ; ਪਿਛਲੀ ਜਾਤ-ਪਾਤ, ਧਰਮ, ਗੁਰੂ, ਪੀਰ ਦਾ ਨਾਮ ਨਿਾਨ ਇਸ ਤਰ੍ਹਾਂ ਮਿਟਾ ਦਿੱਤਾ ਜਿਸ ਪ੍ਰਕਾਰ ਕੁਠਾਲੀ ਵਿੱਚ ਪੈ ਕੇ ਰੁਪਏ ਦਾ ਸਿੱਕਾ ਦੂਰ ਹੋ



ਜਾਂਦਾ ਹੈ।

ਪ੍ਰਨ- ਨਕਲੀ ਾਲਸਾ ਜੀ ਦੱਸੋ ਖਾਂ ਓਹ ਕਿ ਭਾਈ ਗੁਰੂ ਗੋਬਿੰਦ ਸਿੰਘ ਜੀ ਦਾ ਅਮ੍ਰਿਤ ਛਕ ਕੇ ਫਿਰ ਮਹੰਮਦੀ ਸਿੰਘ ਕਿਉਂ ਹੋ ਗਿਆ ਅਤੇ ਗੋਬਿੰਦ ਸਿੰਘੀਆ ਕੋਂ ਨਾ ਹੋਇਆ ? ਕਾ ਗੁਰੂ ਦੀ ਪਾਹੁਲ ਕਮੋਰ ਸੀ ਜੋ ਉਸ ਨੂੰ ਅਪਨੀ ਵਲ ਖਿੱਚ ਨਾ ਸਕੀ ਅਤੇ ਮੁਹੰਮਦ ਦਾ ਕਲਮਾਂ ਬਲ ਵਾਲਾ ਸੀ ਜਿਸ ਨੇ ਉਸ ਨੂੰ ਉਥੇ ਹੀ ਰੋਕ ਛੱਡਿਆ?

ਹੁਣ ਰਾ ਅਮ੍ਰਿਤ ਛਕਾਉਣ ਦਾ ਢੰਗ ਭੀ ਕੰਨ ਲਗਾ ਕੇ ਸੁਣ ਲੇਵੋ ਜੋ ਕੀ ਹੈ। ਜਿਸ ਪਰਕਾਰ ਸਰਾਇ ਵਾਲੇ ਲੋਗ ਬਹੁਤ ਸਾਰੇ ਮਜੇ ਬਣਾ ਛੱਡਦੇ ਹਨ ਤੇ ਜਦ ਮੁਸਾਂਰ ਆਉਂਦੇ ਹਨ ਤਦ ਓਨ੍ਹਾਂ ਤੇ ਟਕਾ ਟਕਾ ਲੈ ਕੇ ਮਜੀਆਂ ਦੇ ਦੇਂਦੇ ਹਨ ਅਰ ਜਦ ਰਾਤ ਕੱਟ ਕੇ ਤੁਰ ਜਾਂਦੇ ਹਨ ਤਦ ਅਪਨੀ ਮਜੀ ਸਾਂਭ ਕੇ ਰੱਖ ਛੱਡਦੇ ਹਨ, ਇਸੀ ਪ੍ਰਕਾਰ ਕਈ ਕੁ ਗੁਰਦੁਆਰੀਏ ਪੁਜਾਰੀ ਸਿੰਘ ਭੀ ਬਹੁਤ ਸਾਰੀਆਂ ਕੱਛਾਂ ਬਣਾ ਕੇ ਰੱਖ ਛੱਡਦੇ ਹਨ ਅਤੇ ਅਮ੍ਰਿਤ ਛਕਨ ਵਾਲਿਆਂ ਨੂੰ ਉਸ ਵੇਲੇ ਅਪਨੇ ਪਾਸੋਂ ਪਹਿਰਾਕੇ ਆਖਦੇ ਹਨ ਕਿ ਆਓ ਸਿੰਘੋ ਜਹਾ ਤਿਆਰ ਹੈ ਚੜ੍ਹੋ। ਤਦ ਸਿੱਖਾਂ ਨੂੰ ਅਮ੍ਰਿਤ ਛਕਾਉਂਦੇ ਹਨ ਅਰ ਉਪਦੇ ਕਰਦੇ ਹਨ ਕਿ ਪਜ ਕੱਕੇ ਧਾਰਨ ਕਰਨ। ਜਦ ਅਮ੍ਰਿਤ ਛਕ ਚੁੱਕਾ ਅਰ ਅਪਨੀ ਅਰਦਾਸ ਦੇ ਸਵਾ ਪਜ ਆਨੇ ਲੈ ਕੇ ਖੀਸੇ ਵਿੱਚ ਪਾ ਲਏ ਤਦ ਆਖਦੇ ਹਨ ਕਿ ਬੱਸ ਕਛਿਹਰੇ ਉਤਾਰ ਕੇ ਲੰਗੋਟੇ ਕੱਸ ਕਰ ਘਰਾਂ ਨੂੰ ਨੱਸ ਜਾਓ, ਜਿਸ ਦਾ ਭਾਵ ਏਹ ਨਿਕਲਦਾ ਹੈ ਕਿ ਇੱਕ ਕੱਕਾ ਤਾਂ ਅਸੀਂ ਏਥੇ ਹੀ ਉਤਾਰ ਲਿਆ ਹੈ। ਸੋ ਏਸੇ ਤਰ੍ਹਾਂ ਦੂਜਿਆਂ ਲਈ ਘਰ ਜਾ ਕੇ ਤੂੰ ਆਪ ਉਦਮ ਕਰ ਲੇਵੀਂ। ਸਾਡਾ ਕੰਮ ਤਾਂ ਢੰਗ ਦੱਸਨੇ ਦਾ ਸੀ ਸੋ ਤੈਨੂੰ ਦੱਸ ਦਿਤਾ ਹੈ। ਜੇ ਕੋਈ ਭੁੱਲ ਕੇ ਕਛਿਹਰਾ ਲੈ ਜਾਵੇ ਤਦ ਗੁੱਸੇ ਹੋ ਕੇ ਆਖਦੇ ਹਨ ਕਿ ਓਇ ਸਿੱਖਾਂ ਕੱਛ ਤਾਂ ਸਾਡੀ ਲਾਹਿ ਜਾ ਚਾਰ ਆਨੇ ਦੇ ਟਕੇ ਦੇ ਕੇ ਅੱਠ ਆਨੇ ਦੀ ਕੱਛ ਮਾਰ ਲੈ ਚਲਿਆ ਹੈਂ"* ਏਹ ਸਿੱਖੀ ਦਾ ਪਰਚਾਰ ਕੀਤਾ ਜਾਂਦਾ ਹੈ, ਅਹੋ ਭਾਗਯ!

ਦੋਹਿਰਾ

**ਰਹਿਤ ਧਰੋ ਕਿ ਨਹਿੰ ਧਰੋ, ਰੱਖੋ ਟਕੇ ਤਿਆਰ।**
**ਜਜਮਾਨ ਵਿਆਹੇ ਖੋਤੜੀ, ਲਾਗਾਂ ਨਾਲ ਪਿਆਰ।**

ਇਸ ਦੋਹਿਰੇ ਦਾ ਤਾਤਪਰਜ ਏਹ ਹੈ ਕਿ ਜਿਸ ਤਰ੍ਹਾਂ ਵਿਵਾਹ ਵਾਲੇ ਪਾਂਧੇ ਦਾ

---

*ਇਹ ਉਸ ਸਮੇਂ ਦੀਆਂ ਗੱਲਾਂ ਗਿਆਨੀ ਜੀ ਨੇ ਲਿਖੀਆਂ ਹਨ, ਅੱਜ-ਕੱਲ੍ਹ ਨਹੀਂ ਹਨ।

ਕੰਮ ਲਾਗ ਲੈਣ ਨਾਲ ਹੈ ਉਸਦਾ ਜਜਮਾਨ ਭਾਵੇਂ ਗਧੀ ਦਾ ਵਿਵਾਹ ਕਿਉਂ ਨਾ ਕਰੇ ਇਸ ਪ੍ਰਕਾਰ ਇਨ੍ਹਾਂ ਸਾਹਿਬਾਂ ਦਾ ਕੰਮ ਭੀ ਸਵਾ ਪਜ ਆਨੇ ਤਨਾਹ ਅਤੇ ਟਕਾ ਅਰਦਾਸਾ ਲੈਣ ਤਾਈਂ ਹੈ ਸਿੱਖ ਭਾਵੇਂ ਕੱਕੇ ਛੱਡ ਕੇ ਮਕੇ ਕਿਉਂ ਨਾ ਜਾਵੇ, ਜਿਸ ਤਰ੍ਹਾਂ ਅਯਾਲੀ ਉੱਨ ਉਤਾਰਨ ਲਈ ਪ੍ਰਯੋਜਨ ਰੱਖਦਾ ਹੈ ਭੇਡ ਭਾਵੇਂ ਕੁਝ ਖਾਂਦੀ ਕਿਉਂ ਨਾ ਫਿਰੇ॥

ਪ੍ਰਨ–ਕਯਾ ਈਸਾਈਆਂ ਦੇ ਪਾਦਰੀ ਅਤੇ ਮੁਸਲਮਾਨਾਂ ਦੇ ਕਾਜੀ ਭੀ ਏਸੇ ਤਰ੍ਹਾਂ ਅਪਨੇ ਧਰਮ ਦਾ ਉਪਦੇ ਕਰਦੇ ਹਨ ?

**ਚੌਪਈ**

**ਜੇ ਪਿਆਰਯੋ ਇਸ ਵਿਚ ਹੈ ਕੁਝ ਝੂਠ। ਮੈਂ ਬਿੱਲੀ ਦਾ ਕੀਤਾ ਊਠ॥**
**ਤਾਂ ਮੈਨੂੰ ਆ ਕੇ ਸਮਝਾਵੋ। ਮਿੱਥਯਾ ਵਾਦੀ ਚਾਇ ਠਹਿਰਾਵੋ॥**
**ਜੇ ਏਹ ਸਾਰੀ ਸੱਚ ਕਹਾਣੀ। ਤਾਂ ਸਿੱਖੀ ਦੀ ਉਲਝੀ ਤਾਣੀ॥**
**ਦੀਨ ਦੁਨੀ ਦੋਨੋਂ ਕੋ ਖੋਏ। ਤੁਮ ਮਿੱਟੀ ਕੇ ਮਾਧੋ ਹੋਏ॥**
**ਵਿੱਚ ਵਿਚਾਲੇ ਕਿਉਂ ਭਟਕਾਵੋ। ਜ ਵਿੱਚ ਅਪਨਾ ਕੁਰਬ ਗਵਾਵੋ॥**
**ਕਿਉਂ ਨ ਰਲੋ ਤੁਮ ਉਨਮੇਂ ਜਾਈ। ਜੋ ਹਨ ਤੁਮਰੇ ਪਿਛਲੇ ਭਾਈ॥**
**ਚੋਟੀ ਜੰਞੂ ਤਿਲਕ ਰਖਾਵੋ। ਗਿਟਿਆਂ ਤੋੜੀ ਧੋਤੀ ਪਾਵੋ॥**
**ਜੈਗੁਪਾਲ ਨੱਥੂ ਸਦਵਾਵੋ। ਹਿੰਦ ਧਰਮ ਮਹਿੰ ਰੌਨਕ ਪਾਵੋ॥**
**ਨਾ ਤਰ ਸਿੰਘ ਬਣੋ ਤੁਮ ਪੂਰੇ। ਸੋਭਾ ਪਾਵਹੁ ਨਾਹਿੰ ਅਧੂਰੇ॥**
**ਸੁਥਰੇ ਦੀ ਇਹ ਮਨੋ ਗੱਲ। ਏਥੇ ਓਥੇ ਲੇਵੋ ਭੱਲ॥**
**ਦੋਹਿਰਾ–ਅਖੇ ਤਾਂ ਸਾਬਤ ਤਿਲ ਰੱਖ, ਅਖੇ ਤਾਂ ਤੇਲ ਕਢਾਇ॥**
**ਵਿੱਚ ਵਿੱਚ ਲੈਂਦੀ ਘਾਬਰੀ ਸੁਥਰਿਆ ਦੁਹਾਂ ਧਿਰਾਂ ਤੇ ਜਾਇ**

**ਚੌਪਈ**

**ਸੋ ਏਹ ਸੱਚ ਬਾਤ ਹੈ ਭਾਈ। ਤੁਮ ਕੋ ਚਹੀਏ ਨਾਹਿੰ ਭੁਲਾਈ।**
**ਦੋ ਬੇੜੀ ਜੋ ਲੱਤ ਰਖਾਵੇਂ। ਡਿਗ ਸਾਗਰ ਮਹਿੰ ਗੋਤੇ ਖਾਵੇਂ।**
**ਦੋ ਘੋੜਯਾਂ ਪਰ ਕਰ ਅਸਵਾਰੀ। ਕਿਨ ਸੁਖ ਪਾਯਾਜਗਤ ਮਝਾਰੀ।**
**ਰੋਡੇ ਸਿਰ ਦੀ ਲੇਹੁ ਬਹਾਰ। ਨਾਈਆਂ ਦਾ ਖੋਲਹੁ ਰੁਗਾਰ।**
**ਯਾ ਗੁਰ ਘਰ ਦੇ ਸਿੱਖ ਸਦਾਓ। ਕੈ ਹੁਨ ਅਨ ਮਤੀ ਬਣਜਾਓ।**



**ਨਿੱਤ ਨਿੱਤ ਦਾ ਮਿਟੇ ਬਖੇੜਾ। ਓੜਕ ਨੂੰ ਇਹ ਚੁੱਕੇ ਝੇੜਾ।**
**ਯਾ ਏਧਰ ਯਾ ਓਧਰ ਹੋਵੋ। ਦੋਨੋਂ ਪਾਸੇ ਮੂਲ ਨ ਖੋਵੋ।**

# ਨਕਲੀ ਸਿੱਖ ਦੇ ਆਚਾਰੋ ਬਿਹਾਰ ਪਰ ਅਸਲੀ ਸਿੱਖ ਦਾ ਪ੍ਰਨ ਉੱਤਰ

**ਦ੍ਵੈਯਾ–ਨਕਲੀ ਸਿੱਖਾਂ ਵਿਚੋਂ ਜੇਕਰ ਪੁੱਤ ਕਿਸੇ ਦੇ ਜੰਮੇਂ।**
**ਦੇਖੋ ਫਿਰ ਓਹ ਕਰਨੇ ਲਗਦਾ ਕੇਹੇ ਕੰਮ ਨਿਕੰਮੇਂ॥**
**ਓਸੇ ਵੇਲੇ ਪਾਂਧਾ ਸੱਦੇ ਟੇਵਾ ਚਾਹਿ ਲਖਾਵੇ।**
**ਨੌਂ ਗਰਹਿ ਇਸਦੇ ਪਾਂਧਾ ਬਹਿਕੇ ਚੰਗੀ ਥਾਇ ਰਖਾਵੇ॥**
**ਤੇਰਾਂ ਦਿਨ ਤਕ ਘਰ ਦੇ ਅਦਰ ਕੋਈ ਪੈਰ ਨ ਪਾਵੇ।**
**ਆਖੈ ਸੂਤਕ ਵਾਲੇ ਘਰ ਦਾ ਮਤ ਕੋ ਪੀਵੇ ਖਾਵੇ॥**
**ਉਸ ਸੂਤਕ ਕੇ ਕੱਢਨ ਵਾਲਾ ਪਡਤ ਚਾਇ ਬੁਲਾਇਆ।**
**ਜਿਸ ਨੇ ਆ ਕੇ ਮੂਤ ਗਊ ਦਾ ਅਰ ਗੋਬਰ ਮਗਵਾਇਆ॥**
**ਹੋਮ ਧੂਪ ਦੇ ਗੜ ਬੜ ਕੀਤੀ ਅਰ ਚੌਂਕਾ ਚਾ ਪਾਂਦਾ।**
**ਅਪਨੀ ਪੋਥੀ ਵਿਚੋਂ ਪੜ੍ਹਕੇ ਥੋੜਾ ਬਹੁਤ ਸੁਨਾਂਦਾ॥**
**ਉਸ ਲੜਕੇ ਦੀ ਮਾਈ ਨੂੰ ਫਿਰ ਉਸ ਮੂਤਰ ਦਾ ਪਾਣੀ।**
**ਚਾਇ ਪਲਾਇਆ ਦਾਦੇ ਨੇ ਫਿਰ ਮੁਖ ਤੇ ਏਹ ਬਖਾਣੀ॥**
**ਏਹੋ ਸਿਰ ਵਿੱਚ ਪਾਕੇ ਨ੍ਹਾਓ ਅਰ ਪੁਤ੍ਰ ਭੀ ਨ੍ਹਾਏ।**
**ਇਸ ਗੋਹੇ ਦੇ ਵਿਚੋਂ ਭੀ ਕੁਝ ਏਹ ਸਿਖਣੀ ਖਾਏ॥**
**ਜਿਸ ਨੂੰ ਗੋਹਾ ਮੂਤ ਖੁਲਾਇਆ ਪਿੱਛੇ ਆਪ ਵਿਚਾਰੇ।**
**ਅਪਣੇ ਹੱਥੀਂ ਖੀਰ ਨਾਲ ਚਾ ਮਡੇੂ ਬ ਸਵਾਰੇ॥**
**ਖਾਇ ਗਿਆ ਸਭ ਟੱਬਰ ਜਿਤਨਾ ਦੇ ਕੇ ਪੇਟ ਹਲੂਣਾ।**
**ਆਖੇ ਅੱਜ ਵਧਾਈ ਦਾ ਦਿਨ ਪੇਟ ਨਾ ਰੱਖੋ ਊਣਾ॥**
**ਫਿਰ ਬਾਕੀ ਦਾ ਥਾਲ ਪੁਰਾਕੇ ਘਰ ਦੇ ਵੱਲੇ ਤੋਰਾ।**
**ਲਈ ਦੱਖਨਾੂ ਬ ਰੁਪੱਯੇ ਨਾਲ ਕਪੜਾ ਕੋਰਾ।**
**ਚਰਨ ਧਵਾ ਕਰ ਸਿੱਖ ਵਿਚਾਰੇ ਚਰਨਾਮਤ ਮੁਖ ਪਾਇਆ।**
**ਆਖੇ ਦਾਦਾ ਚਰਨ ਪਾਇ ਤੈਂ ਘਰ ਨੂੰ ਸੁਧ ਕਰਾਇਆ॥**

ਉਸ ਨੂੰ ਵਿਦਾ ਕਰਨ ਤੇ ਪਿੱਛੇ ਫਿਰ ਸਰਬੰਧੀ ਸਾਰੇ।
ਜਾਨ ਪੁਨੀਤ ਅੱਜ ਘਰ ਹੋਇਆ ਰਲ ਮਿਲ ਖਾਨ ਵਿਚਾਰੇ॥

ਦੋਹਿਰਾ– ਅਸਲੀ ਗੁਰ ਦਾ ਸਿੱਖ ਤਦ ਦੇਖ ਹਾਲ ਇਸ ਭਾਂਤ।
ਪੁੱਛਨ ਲਗਾ ਓਸ ਨੂੰ ਪਾਸ ਬਿਠਾਇ ਇਕਾਂਤ॥

ਚੌਪਈ

ਸੁਨ ਭਾਈ ਇਹ ਕਿਆ ਸੀ ਗੱਲ, ਜੋ ਤੈਂ ਕਰਕੇ ਲੀਤੀ ਭੁੱਲ ?
ਇੱਕ ਪੁਰਖ ਘਰ ਤੇਰੇ ਆਇਆ, ਉਸਨੇ ਅਪਨਾ ਖੇਲ ਰਚਾਯਾ।
ਤੈਨੂੰ ਅਰ ਤੇਰੇ ਘਰ ਤਾਈਂ, ਦੋਖ ਲਗਾਇਆ ਜਿਨੇ ਅਜਾਈਂ।
ਤੇਰੀ ਘਰ ਵਾਲੀ ਨੂੰ ਆਇ, ਦਿੱਤਾ ਜਿਸਨੇ ਮੂਤ ਪਲਾਇ।
ਅਰ ਗੋਹੇ ਦੇ ਭੋਗ ਲਗਾਏ, ਓਸ ਹੀ ਦੇ ਉਹ ਨਾਲ ਨੁਹਾਏ।
ਫਿਰ ਉਨ ਆਪੇ ਚੌਂਕਾ ਪਾਇਆ, ਅਪਨੇ ਹੱਥੀਂ ਆਪ ਪਕਾਇਆ:
ਆਪੇ ਖਾਇ ਭਰੇ ਭਰ ਛੰਨੇ, ਬਾਕੀ ਦੇ ਲੜ ਮਡੇ ਬੰਨ੍ਹੇ।
ਅਰ ਤੈਂ ਉਸ ਨੂੰ ਖੂਬ ਰਿਝਾਇਆ, ਪੈਰ ਧੋਇ ਚਰਨਾਮਤ ਪਾਯਾ।
ਫਿਰ ਜਾਂਦੇ ਨੂੰ ਕੁਝਕ ਰੁਪੱਈਏ, ਤੈਂ ਦਿੱਤੇ ਉਨ ਦੱਸੇ ਢਈਏ।
ਜਿਤਨਾ ਚਿਰ ਉਹ ਚੌਂਕੇ ਅਦਰ, ਬੈਠਾ ਰਿਹਾ ਤੁਹਾਡੇ ਮਦਰ।
ਉਤਨਾ ਚਿਰ ਤੁਮ ਦੂਰ ਬਠਾਏ, ਨਾਲ ਨ ਉਸਦੇ ਲਗਨੇ ਪਾਏ।
ਮੈਂ ਇਹ ਸਾਰਾ ਹਾਲ ਪਿਆਰੇ, ਦੇਖਿਆ ਹੈ ਘਰ ਅੱਜ ਤੁਮਾਰੇ।
ਸੋ ਤੂੰ ਦੱਸ ਬਾਤ ਕਿਆ ਹੋਈ ? ਲਗੀ ਦੂਖਨਾ ਤੈਨੂੰ ਕੋਈ ?

# ਨਕਲੀ ਸਿੱਖ

ਚੌਪਈ

ਕਿਆ ਸਿੱਖਾਂ ਤੈਂ ਸੁਨਿਆ ਨਾਹੀਂ, ਜੋ ਕੁਛ ਅੱਜ ਅਸਾਂ ਘਰ ਮਾਹੀਂ।
ਸਾਡੇ ਘਰ ਬਾਲਕ ਹੈ ਹੋਇਆ, ਅੱਜ ਓਸ ਦਾ ਸੂਤਕ ਖੋਇਆ।
ਇਹ ਪਡਤ ਸੀ ਸਾਡੇ ਘਰ ਦਾ; ਸਭ ਮਰਯਾਦਾ ਏਹੋ ਕਰਦਾ।
ਹੁਤੀ ਸਿੱਖਣੀ ਸੂਤਕ ਵਾਲੀ, ਨ੍ਹਾਇ ਧੋਇ ਕਰ ਬਾਹਰ ਨਿਕਾਲੀ।
ਮੂਤਰ ਅਰ ਗੋਬਰ ਜੋ ਲਿਆਯਾ, ਆਕਰ ਓਸਨੂੰ ਚਾਇ ਛਕਾਯਾ।
ਇਹ ਹੈ ਧਰਮ ਾਸਤ੍ਰ ਰੀਤੀ, ਜੋ ਪਡਤ ਨੇ ਆ ਕੇ ਕੀਤੀ।



ਇਸ ਦੇ ਨਾਲ ਪਵਿੱਤਰ ਹੋਈ, ਬਾਕੀਂ ਕਾ ਰਹੀ ਨ ਕੋਈ।
ਅਰ ਉਸ ਨੇ ਘਰ ਭੋਜਨ ਖਾਇ, ਸੂਤਕ ਦਿੱਤਾ ਸਭ ਉਠਾਇ।
ਏਹ ਬਾਤ ਹੈ ਜਿਸ ਪਰ ਭਾਈ, ਤੈਨੂੰ ਸੋਚ ਨਵੀਂ ਉਪਜਾਈ!!

# ਅਸਲੀ ਸਿੱਖ

ਚੌਪਈ

ਵਾਹ ਵਾਹ ਸਿੱਖਾਂ ਕਿਆ ਠੀਕ, ਚੰਗਾ ਚਲਦਾ ਲੀਕੋ ਲੀਕ।
ਕਾ ਮੂਤਰ ਸੀ ਵਡਾ ਪੁਨੀਤ, ਅਰਕ ਕੇਵੜੇ ਤੇ ਭੀ ਮੀਤ।
ਅਰ ਕੜਾਹ ਤੇ ਗੋਬਰ ਚੰਗਾ, ਕੇਸਾਂ ਧਾਰੀ ਤੇ ਸਿਰ ਨੰਗਾ।
ਫਿਰ ਉਸ ਪੋਥੀ ਤੇ ਸੁਨ ਭਾਈ, ਜੋ ਉਸ ਅਨਮਤੀ ਬਤਲਾਈ।
ਗੁਰੂ ਗ੍ਰੰਥ ਬਾਣੀ ਸੀ ਮਾੜੀ, ਜੌਂ ਤੈਂ ਘਰ ਦੇ ਵਿੱਚ ਨ ਵਾੜੀ।
ਅਰ ਜੇ ਸਿੱਖ ਆਇ ਘਰ ਖਾਂਦਾ, ਤਾਂ ਕਿਆ ਸੂਤਕ ਨਾ ਸੀ ਜਾਂਦਾ।
ਅਰ ਤੂੰ ਇਹ ਭੀ ਸਮਝ ਪਿਆਰੇ, ਕਾ ਸੂਤਕ ਜੋ ਭਯਾ ਤੁਮਾਰੇ।
ਯਹ ਬਾਲਕ ਕਰਤਾਰ ਪਠਾਯਾ, ਉਸ ਦੇ ਭਾਣੇ ਅਦਰ ਆਯਾ।
ਫਿਰ ਇਸ ਮੇਂ ਸੂਤਕ ਕਯਾ ਭਾਈ, ਕਯਾ ਹੋਈ ਤੇਰੀ ਚਤਰਾਈ।
ਅਰ ਪੁਨ ਗੁਰਮਤ ਅਦਰ ਕੋਈ, ਸੂਤਕ ਪਾਤਕ ਰਸਮ ਨ ਹੋਈ।
ਯਹ ਤੋਂ ਅਨਮਤੀ ਕੇ ਝੇੜੇ, ਮੂਰਖ ਪੁਰਖਾਂ ਰਚੇ ਬਖੇੜੇ।
ਗੁਰੂ ਗ੍ਰੰਥ ਨੂੰ ਪੜ੍ਹ ਕੇ ਦੇਖੋ, ਦੂਰ ਕਰੋ ਮਨ ਸਗਲ ਭੁਲੇਖੇ।
ਦੇਖ ਗੁਰੂ ਕਿਆ ਇਸ ਪਰ ਗਾਵੈ। ਸੂਤਕ ਦਾ ਟੰਟਾ ਚੁਕਵਾਵੈ।

ਜਥਾ – ਜੇ ਕਰਿ ਸੂਤਕੁ ਮਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅਦਰਿ ਕੀੜਾ ਹੋਇ॥
ਜੇਤੇ ਦਾਣੇ ਅਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥ 1॥

ਪੁਨ: ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ।

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ।। 2।। ਮ: 1 ।।
ਸਭੋ ਸੂਤਕੁ ਭਰਮੁ ਹੈ ਦੂਜੇ ਲਗੈ ਜਾਇ।।
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।।
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕ ਸੰਬਾਹਿ।।
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ।।3।।ਅਗ 472।।
ਦੇਖਿਆ ਗੁਰੂ ਗ੍ਰੰਥ ਦਾ ਵਾਕ, ਕਯਾ ਤੈਨੂੰ ਹੈ ਕਰਦਾ ਤਾਕ।
ਫਿਰ ਭੁਲਾਇ ਤੂੰ ਇਸ ਨੂੰ ਭਾਈ, ਅਨਮਤੀ ਦੀ ਖੇਡ ਰਚਾਈ।
ਰਮ ਨ ਆਈ ਕਰਦਿਆਂ ਏਹ, ਗੁਰ ਤਜ ਅਨਮਤੀ ਸੌਂ ਨੇਹੁ।
ਇਸਦਾ ਉਤ੍ਰ ਆਪ ਸੁਨਾਉ, ਅੱਗੇ ਨੂੰ ਇਹ ਅਲਖ ਚੁਕਾਉ।

## ਨਕਲੀ ਸਿੱਖ

ਲੇ ਭਾਈ ਸਿੱਖਾ ਇਹ ਜੋ ਬਾਣੀ, ਅਸਲੀ ਦੁਧੋਂ ਵਾਂਗ ਮਧਾਣੀ।
ਸੱਚਾਈ ਦਾ ਮੱਖਨ ਕੱਢੇ, ਅਨਮਤਾਂ ਦੇ ਬੰਧਨ ਵੱਢੇ।
ਪਰ ਕਿਆ ਕਰੀਏ ਘਰ ਦੇ ਲੋਗ, ਪਏ ਕਰਾਵਨ ਕੰਮ ਅਜੋਗ।
ਨਹੀਂ, ਅਸੀਂ ਤਾਂ ਗੁਰ ਦੇ ਦਾਸ, ਗੁਰੂ ਗ੍ਰੰਥ ਹੈ ਸਾਡੇ ਪਾਸ।
ਨਿਤ ਪਾਠ ਮੈਂ ਉਸਦਾ ਕਰਦਾ, ਅਮਲ ਨ ਕਰਦਾ ਘਰ ਤੇ ਡਰਦਾ।
ਜੇ ਮੈਂ ਗੁਰੂ ਗਰੰਥ ਪਰ ਚਲਾਂ, ਸੱਚੇ ਗੁਰ ਦਾ ਰਸਤਾ ਮਲਾਂ।
ਏਹੋ ਮੇਰੀ ਘਰ ਦੀ ਨਾਰ, ਵਿੱਚ ਕੁਟੰਬ ਕਰੂਗੀ ਆਰ।
ਘਰ ਵਿੱਚ ਚੁਕ ਲੜਾਈ ਪਾਊ, ਵੇਲੇ ਸਿਰ ਨਾ ਮਨ ਪਕਾਊ।
ਅਰ ਅਮਾਂ ਬੀ ਹੋਊ ਗੁੱਸੇ, ਬਾਪੂ ਜੀ ਭੀ ਬੈਠੂ ਰੁੱਸੇ।
ਅਹੇ ਗੱਲ ਤਾਂ ਚੰਗੀ ਤੇਰੀ, ਇਹੋ ਦਿਲੀਲ ਚਾਹੁੰਦੀ ਮੇਰੀ।
ਪਰ ਘਰ ਦੇ ਹਨ ਬੁਰੇ ਬਖੇੜੇ, ਦੇਵਨ ਜਾਨ ਨ ਸਿੱਖੀ ਨੇੜੇ।

## ਅਸਲੀ ਸਿੱਖ

### ਚੌਪਈ

ਮੈਂ ਤੈਨੂੰ ਸੀ ਕਿਆ ਸਮਝਾਯਾ, ਤੈਂ ਉਸ ਪਰ ਕਿਆ ਅਮਲ ਕਰਾ।
ਨਾਰੀ ਦਾ ਬਣ ਗਿਆ ਲਾਮ; ਜਿਸ ਤੇ ਗੁਰ ਦਾ ਲਵੇਂ ਨਾ ਨਾਮ।
ਨਾਰ ਗੁਰੂ ਵੱਡਾ ਘਰ ਤੇਰੇ, ਐਸੀ ਮਨ ਮਹਿ ਆਵਤ ਮੇਰੇ।



ਸੁਨ ਭਾਈ ਗੁਰ ਮੁਕਤੀ ਦਾਤੇ, ਅਨਿਕ ਬਿਘਨ ਤੇ ਜੋਇ ਬਚਾਤੇ।
ਤਿਨ ਤੇ ਅਬ ਤੂੰ ਬੇਮੁਖ ਹੋ ਕੇ, ਮਰਹੈਂ ਨਾਰ ਬਿਗਾਰਾਂ ਢੋਕੇ।
ਤਾਂਤੇ ਗੁਰ ਉਪਦੇ ਉਦਾਰੇ, ਦੇਹੁ ਸਿੱਖਨੀ ਕੋ ਭੀ ਪਿਆਰੇ।
ਅਰ ਪੁਨ ਮਾਤ ਪਿਤਾ ਜੋ ਤੇਰੇ, ਤਿਨ ਕੇ ਹੇਤ ਨ ਕਰੋ ਨਿਹੋਰੇ।
ਤਿਨ ਕੋ ਭੀ ਉਪਦੇ ਸੁਨਾਓ, ਸਿਖੀ ਕੇ ਮਾਰਗ ਮਹਿ ਪਾਓ।
ਉਨ ਮਹਿ ਭਾਈ ਦੋ ਨ ਰਾਈ, ਇਸ ਮਹਿ ਤੇਰੀ ਹੈ ਕਚਿਰਾਈ।
ਇਹ ਕੀ ਲੱਗਾ ਹੋਵਨ ਹੋਰ ? ਜੋ ਸਿੱਖੀ ਨੂੰ ਪੈ ਗਏ ਚੋਰ।
ਵਜਦੇ ਵਾਜੇ ਗਾਜੇ ਭਾਰੇ, ਨਾਲ ਸਿੱਖਨੀ ਜਾਏ ਤੁਮਾਰੇ।
ਗੋਦੀ ਮਹਿ ਬਾਲਕ ਜਿਸ ਲੀਆ, ਤਿਲਕ ਾਕ ਕਾ ਮੱਥੇ ਕੀਆ।
ਅਰ ਇਨ ਚਨੇ ਗੋਦ ਮਹਿ ਡਾਰੇ, ਬੈਠੀ ਏਕ ਗਧੇ ਨੂੰ ਚਾਰੇ।
ਫਿਰ ਇਕ ਥਾਨ ਪਾਸ ਤੁਮ ਜਾਕੇ, ਕਾਲੀ ਹਾਂਡੀ ਪਾਸ ਟਿਕਾਕੇ।
ਨਮਸਕਾਰ ਦੋਨੋਂ ਨੇ ਕੀਨਾ, ਇਸਤੇ ਕਿਆ ਵਰ ਤਾਂ ਹੈ ਲੀਨਾ ?

## ਨਕਲੀ ਸਿੱਖ

### ਚੌਪਈ

ਹਾਂ ਭਾਈ ਜੀ ਸੁਨ ਲੈ ਬਾਤ, ਮਾਤਾ ਮੁੜੀ ਬਾਲ ਕੀ ਰਾਤ।
ਜਿਸਨੂੰ ਅੱਜ ਪੂਜਨੇ ਆਏ, ਬਾਲਕ ਨੂੰ ਜੋ ਸੁਖ ਰਖਾਏ।
ਇਹ ਪੁਤ੍ਰਾਂ ਦੀ ਮਮਤਾ ਭਾਈ, ਦੁਨੀਆਂ ਤੇ ਨਹਿੰ ਜਾਈ ਹਟਾਈ।
ਅਰ ਇਹ ਗਧਾ ਖੜਾ ਹੈ ਜੋਈ, ਮਾਤਾ ਦਾ ਘੋੜਾ ਹੈ ਸੋਈ।
ਜਿਸਨੂੰ ਦਾਣੇ ਅਸੀਂ ਚਰਾਏ, ਹੋਇ ਸੀਤਲਾ ਅਸਾਂ ਸਹਾਏ।
ਪਰੰਪਰਾ ਏਹ ਆਈ ਰੀਤੀ, ਸਭਨਾਂ ਹੀ ਲੋਕਾਂ ਨੇ ਕੀਤੀ।
ਜਿਸ ਤੇ ਅਸੀਂ ਛੱਡ ਜੇ ਬਹੀਏ, ਫਿਰ ਲੋਕਾਂ ਤੇ ਕਿੱਥੇ ਰਹੀਏ ?

## ਅਸਲੀ ਸਿੱਖ

ਅਹੋ ਜਨਮ ਤੇਰਾ ਹੈ ਧਨ, ਲਈ ਸੀਤਲਾ ਜਿਸ ਨੇ ਮਨ।
ਜਿਸ ਤੇ ਅਪਨਾ ਬਾਲ ਬਚਾਯਾ, ਅਰ ਖੋਤੇ ਦਾ ਭੋਗ ਲਗਾਯਾ।
ਅਪਨੇ ਪੁੱਤਰ ਹੇਤ ਪਿਆਰੇ, ਕਰਨੇ ਚਾਹੀਏ ਸਭ ਬਿਵਹਾਰੇ।

ਹੈ ਉਲਾਦ ਸਭ ਨੂੰ ਜਗ ਪਿਆਰੀ, ਇਸ ਮੈਂ ਕਿਆ ਹੈ ਹਾਨ ਤੁਮਾਰੀ।
ਪਰ ਮੈਂ ਪੁਛਦਾ ਤੈਨੂੰ ਏਹ, ਕਿਆ ਬੁੱਧਿ ਪਰ ਪਾਈ ਖੇਹ?
ਕਿਆ ਗੁਰ ਸਰਨ ਪਰੇ ਜੇ ਕੋਈ, ਰੱਖਯਾ ਨਹੀਂ ਕਰਤ ਹੈ ਸੋਈ ?
ਕਿਆ ਗੁਰ ਤੇ ਇਹੋ ਰਾਵਰ ਹੈ, ਮੜ੍ਹੀਆਂ ਦੇ ਵਿਚ ਜਿਸ ਦਾ ਘਰ ਹੈ ?
ਜੋ ਗੁਰ ਜਗਤ ਮਾਹਿ ਅਵਤਾਰੀ, ਕੋਟ ਸੀਤਲਾ ਜਿਨ ਪਨਹਾਰੀ।
ਤਿਨ ਕੀ ਸਰਨ ਤਿਆਗ ਤੂੰ ਬੌਰੇ, ਪੂਜਤ ਨਾਰ ਮੂਢ ਮਤਿ ਹੌਰੇ!!
ਅਰ ਸਿੱਖਨ ਤੇ ਗਧਾ ਚੰਗੇਰਾ, ਦਾਨਾ ਖਾਇ ਸਹਾਈ ਤੇਰਾ!!
ਜੇ ਸਿੱਖਨ ਪ੍ਰਾਦ ਛਕਾਂਦਾ, ਗਧੇ ਸਮਾਨ ਨਾ ਤੂੰ ਫਲ ਪਾਂਦਾ ?
ਗੁਰ ਭਗਤੀ ਤੁਹਿ ਕਾਮ ਨ ਆਈ, ਜਾਇ ਗਧੇ ਦੀ ਓਟ ਤਕਾਈ।

ਦੋਹਿਰਾ ਖੋਤੇ ਜਿਤਨਾ ਭੀ ਨਹੀਂ ਕਦਰ ਸਿੱਖ ਦਾ ਯਾਰ।
ਜਿਸ ਤੇ ਸੁਖ ਤੂੰ ਚਾਹੁੰਦਾ ਚਣੇ ਏਸ ਨੂੰ ਚਾਰ?

### ਚੌਂਪਈ

ਜੇ ਖੋਤਾ ਹੈ ਤੇਰਾ ਦੇਵ, ਤੈਨੂੰ ਭਲੀ ਏਸ ਦੀ ਸੇਵ।
ਤਾਂ ਤੂੰ ਘਰ ਘਮਾਰਾਂ ਜਾਈਂ, ਗਧਿਆਂ ਦੇ ਪੈਖੜ ਖੁਲਵਾਈਂ।
ਅਰ ਉਨ੍ਹਾਂ ਦੇ ਬਦਲੇ ਪਿਆਰੇ, ਢੋਈਂ ਮਿੱਟੀ ਤਾਂਕੇ ਦੁਆਰੇ।
ਇਸ ਮੈਂ ਲਾਜ ਤੋਹ ਕੋ ਭਾਰੀ, ਦੇਵ ਤੁਮਾਰਾ ਭਇਆ ਵਿਗਾਰੀ।
ਅਰ ਘੁਮਿਆਰ ਡੰਡ ਤਿਸ ਮਾਰੇ, ਲੱਦੇ ਸਾਰੇ ਦਿਵਸ ਵਿਚਾਰੇ।
ਮਾਤਾ ਸੀਤਲਾ ਦਾ ਜੋ ਘੋੜਾ, ਫੜ ਘੁਮਿਆਰ ਕਾਮ ਮਹਿ ਜੋੜਾ।
ਹੇ ਭੌਂਦੂ ਕਿਆ ਹੈਂ ਤੂੰ ਕਰਦਾ, ਮਨ ਮੱਤ ਕੋਲੋਂ ਮੂਲ ਨ ਡਰਦਾ।
ਤੇਰੇ ਜਿਹਾਂ ਗੁਵਾਰਾਂ ਕਾਰਨ, ਗੁਰੂ ਗ੍ਰੰਥ ਇਹ ਕਰੇ ਉਚਾਰਨ।

ਦੋਹਿਰਾ- ਨਾਮਦੇਵ ਦਾ ਬਚਨ ਇਹ ਕੇਹਾ ਕਰੇ ਮੌਲ।
ਤੇਰੇ ਜੇਹੇ ਬੁੱਧੂਆਂ ਦੇਖਤ ਭੈੜੀ ਡੌਲ॥

### ਗੋਂਡ

ਯਥਾ : ਭੈਰਉ ਭੂਤ ਸੀਤਲਾ ਧਾਵੈ॥
ਖਰ ਬਾਹਨੁ~ ਉਹੁ ਛਾਰੁ~ ਉਡਾਵੈ॥1॥
ਹਉ ਤਉ ਏਕੁ~ ਰਮਈਆ ਲੈਹਉ॥



ਆਨ ਦੇਵ ਬਦਲਾਵਨਿ ਦੈਹਉ॥1॥ ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ॥
ਬਰਦ ਚਢੇ ਡਉਰੂ ਢਮਕਾਵੈ॥2॥
ਮਹਾ ਮਾਈ ਕੀ ਪੂਜਾ ਕਰੈ॥
ਨਰ ਸੈ ਨਾਰਿ ਹੋਇ ਅਉਤਰੈ॥3॥
ਤੂ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥4॥
ਗੁਰਮਤਿ ਰਾਮ ਨਾਮ ਗਹੁ ਮੀਤਾ॥
ਪ੍ਰਣਵੈ ਨਾਮਾ ਇਉ ਕਹੈ ਗੀਤਾ॥5॥ (ਅਗ 874)

### ਚੌਂਪਈ

ਸੁਨੀ ਬਾਤ ਤੈਂ ਕਾਨ ਲਗਾਕੇ, ਕਹਿਤ ਨਾਮਦੇਵ ਜੋ ਤਹਿ ਸਮਝਾਕੇ।
ਜੇ ਤੈਂ ਧਰਨਾ ਰੂਪ ਸੁ ਨਾਰੀ, ਹੋਹ ਨਾਰ ਦਾ ਜਾਇ ਵਿਗਾਰੀ।
ਪੂਜ ਸੀਤਲਾ ਦਾ ਤੂੰ ਥਾਨਾ, ਗਧੇ ਜੂਨ ਜੇ ਚਾਹੇਂ ਜਾਨਾ।
ਬਨਕੇ ਗਦਹਾ ਡੰਡੇ ਖਾਈਂ, ਭਾਰ ਹੇਠ ਨਿਜ ਪਿੱਠ ਤੁੜਾਈਂ।
ਦੱਸ ਸਲਾਹ ਭਲੀ ਕਿਆ ਮੈਨੂੰ, ਗੁਰਮਤ ਕਿਧੋ ਸੀਤਲਾ ਤੈਨੂੰ ?
ਤਾਂਤੇ ਸਮਝ ਅਜਾਨ ਨ ਹੋਈਂ, ਗੁਰ ਰੀਤੀ ਤਜ ਪੈਜ ਨ ਖੋਈਂ।
ਸਕਲ ਪਦਾਰਥ ਗੁਰੂ ਦੁਆਰੇ, ਸਰਧਾ ਕਰ ਪਾਵਹੁ ਤੁਮ ਪਿਆਰੇ।
ਅਹੋ ਸੀਤਲਾ ਕਿਆ ਤੁਧ ਦੈਹੈ, ਔਰ ਗਧੇ ਤੇ ਕਿਆ ਵਰ ਲੈਹੈ।

## ਨਕਲੀ ਸਿੱਖ

### ਚੌਂਪਈ

ਕਹੋ ਹੱਥ ਕਿਆ ਆਵੇ ਤੈਨੂੰ, ਇਤਨਾ ਕਰ ਰਮਿਦਾ ਮੈਨੂੰ ?
ਬੇਂਕ ਮੈਂ ਜੋ ਕੀਤੀ ਕਾਰ, ਗੁਰ ਤੇ ਬੇਮੁਖਪਣ ਦੀ ਯਾਰ।
ਪਰ ਕਿਆ ਕਰੀਏ ਜਗਤ ਪੁਆੜੇ ਕਰਨੇ ਪੈਂਦੇ ਜੋ ਦਿਲ ਸਾੜੇ।
ਅੱਛਾ ਅੱਗੇ ਨੂੰ ਜੋ ਹੋਊ, ਗੁਰ ਮਰਯਾਦਾ ਕਰਸਾਂ ਸੋਊ।
ਹੌਲੀ ਹੌਲੀ ਗੁਰ ਦੀ ਰੀਤੀ, ਵਿੱਚ ਅਸਾਂ ਦੀ ਲੱਗੂ ਪ੍ਰੀਤੀ।
ਸਭ ਅਪਨਾ ਆਚਾਰ ਬਿਹਾਰ, ਸਿੱਖ ਧਰਮ ਦਾ ਕਰਸਾਂ ਯਾਰ।

# ਅਸਲੀ ਸਿੱਖ

ਦੋਹਿਰਾ – ਕਿਉਂ ਨਾ ਕਰਸੇਂ ਮਿੱਤ੍ਰਾ ਆਪਨੇ ਮਤ ਦੀ ਰੀਤ॥
ਆਪਨੇ ਘਰ ਨੂੰ ਛੱਡ ਕਿਉਂ ਕਰੇ ਔਰ ਸੋਂ ਪ੍ਰੀਤ॥

ਚੌਪਈ

ਉਹ ਤਾਂ ਕਰਦਾ ਹੀ ਤੂੰ ਕਰਸੇਂ, ਅੱਜ ਕੱਲ ਘਰਦਿਆਂ ਤੇ ਡਰਸੇਂ।
ਪਰ ਇਹ ਢੋਲਕ ਕਿੱਥੇ ਵੱਜਦੀ, ਸਾਵਨ ਦੇ ਬੱਦਲ ਜਿਉਂ ਗਜਦੀ।
ਅਰ ਘਰ ਵਿੱਚ ਚੁਟਾਲਾ ਪਾਯਾ, ਆਇ ਡੂਮਣੀ ਰਾਗ ਮਚਾਯਾ।
ਚਾਇ ਤ੍ਰੀਮਤਾਂ ਪਾਈ ਲੁੱਡੀ, ਕਿਆ ਅਸਮਾਨ ਚੜ੍ਹੀ ਇਹ ਗੁੱਡੀ।
ਭਾਂਤ ਭਾਂਤ ਦੇ ਰਾਗ ਅਲਾਉਣ, ੇਖ ਸੱਦੂ ਦੀ ਕਾਂੀ ਗਾਉਣ।
ਇੱਕ ਨਾਰ ਬੈਠੀ ਸਿਰ ਖੁੱਲੇ, ਲਏ ਸਵਰਗ ਦੇ ਠੰਡੇ ਬੁੱਲੇ।
ਅਰ ਓਹ ਸਿਰ ਨੂੰ ਪਈ ਹਲਾਵੇ, ਤਾਲੀ ਹੱਥਾਂ ਨਾਲ ਵਜਾਵੇ।
ਆਖੇ ਇਸਦੀ ਅਲਖ ਚੁਕਾਊਂ, ਇਸ ਡੋਲੀ ਨੂੰ ਲੈ ਕੇ ਜਾਊਂ।
ਧਰੀ ੀਰਨੀ ਇਸਦੇ ਅੱਗੇ, ਕਿਤਨੇ ਪੁਰਖ ਮਨਾਵਨ ਲੱਗੇ,
ਆਖਨ ਮੀਆਂ ਬਖ ਅਸਾਂ ਨੂੰ, ਰਾੀ ਕਰੀਏ ਅਸੀਂ ਤੁਸਾਂ ਨੂੰ।
ਕਈ ਤਰ੍ਹਾਂ ਦੇ ਧੂਪ ਧੁਖਾਏ, ਅਰ ਬਹੁ ਰੰਗੇ ਫੁਲ ਮਗਾਏ।
ਇਹ ਘਰ ਅਦਰ ਛਿੰਝ ਮਚਾਈ, ਇਸਦਾ ਭੀ ਕੁਝ ਦੱਸੀਂ ਭਾਈ।
ਸਿੱਖਾਂ ਦੇ ਘਰ ਕੰਮ ਅਜੇਹੇ, ਸੁਣੇ ਨਾ ਦੇਖੇ ਕਿਨੇ ਅਵੇਹੇ।
ਇਸ ਦਾ ਹਾਲ ਅਸਾਨੂੰ ਦੱਸੀਂ, ਐਵੇਂ ਮੁਖ ਮੋੜ ਨਾ ਨੱਸੀਂ।

# ਨਕਲੀ ਸਿੱਖ

ਚੌਪਈ

ਇਹ ਤਾਂ ਐਵੇਂ ਗੱਲ ਨਿਕਾਰੀ, ਨਹੀਂ ਬਾਤ ਕੁਛ ਐਡੀ ਭਾਰੀ।
ਏਹ ਸਿੱਖਨੀ ਮੇਰੀ ਭਾਈ, ਖੇਡ ਰਹੀ ਹੈ ਬੈਠਕ ਲਾਈ।
ਕਦੇ ਕਦੇ ਇਸ ਨੂੰ ਇਹ ਹੋਵੇ, ਕਸਰ ਪਵੇ ਤਨ ਦਾ ਸੁਖ ਖੋਵੇ।
ਮੀਆਂ ਮੀਰਾਂ ਇਸ ਵਿੱਚ ਆਈ, ਕਿਸੇ ਕਿਸੇ ਦਿਨ ਦਏ ਖਡਾਈ।
ਅਪਨੀ ਭੇਟਾ ਲੈ ਕਰ ਜਾਂਦਾ, ਅਸਲੀ ਘਰ ਵਿੱਚ ਸੁਖ ਵਰਤਾਂਦਾ।
ਪੀਰਾਂ ਕੀਰ ਸੱਤ ਹਨ ਭਾਈ, ਜਾਂਦੇ ਅਪਨੀ ਕਤਿ ਦਖਾਈ।



ਤਾਂਤੇ ਇਸਨੇ ਬੈਠਕ ਦਿੱਤੀ, ਕਿਸੇ ਦਿਹਾੜੇ ਸੁੱਖ ਜੁ ਲਿੱਤੀ।
ਮੇਰਾ ਇਸ ਵਿੱਚ ਕੀ ਨੁਕਸਾਨ, ਪਈ ਤੋੜਦੀ ਅਪਨੀ ਜਾਨ।
ਬੁੱਢੀਆਂ ਦੇ ਇਹ ਵੇਦ ਨਿਰਾਲੇ। ਕੌਣ ਜਾਨਦਾ ਇਨਕੇ ਚਾਲੇ।
ਸਗੋਂ ਜਿੱਦਨ ਮੀਆਂ ਆਵੇ, ਸਾਨੂੰ ਮਿੱਠੇ ਚਉਲ ਖੁਲਾਵੇ।
ਤੈਂ ਜੋ ਮੈਥੋਂ ਪੁੱਛੀ ਬਾਤ, ਕਿਆ ਮਤਲਬ ਸੀ ਇਸਤੇ ਭਰਾਤ ?

# ਅਸਲੀ ਸਿੱਖ

ਚੌਪਈ

ਇਹ ਤਾਂ ਰੰਗ ਭਲਾ ਖਿਲਵਾਯਾ, ਸਿੱਖਾਂ ਦੇ ਘਰ ਮੀਆਂ ਆਯਾ।
ਅਰ ਸਿੱਖ ਦੀ ਨਾਰੀ ਅਦਰ, ਬੈਠ ਟਪਾਵਤ ਜੈਸੇ ਬੰਦਰ।
ਇਸ ਹੀ ਮੀਏਂ ਦੇ ਪਰਤਾਪ, ਹੋਵਨ ਲੱਗੇ ਭਾਰੇ ਪਾਪ।
ਮੁਸਲਮਾਨ ਸਾਡੇ ਘਰ ਆਵੇ, ਘਰ ਸਿੱਖਨੀਆਂ ਪਿਆ ਟਪਾਵੇ।
ਨਾਲ ਡੂਮਨੀ ਢੋਲਕ ਲੀਤੀ, ਸਿੱਧੀ ੂਬ ਸਿੱਖਨੀ ਕੀਤੀ।
ਮਨਭਾਵਤ ਜਿਨ ਖੇਲ ਖਿਲਾਈ, ਅਰ ਅਪਨੀ ਪੂਜਾ ਕਰਵਾਈ ?
ਦੇਖ ਗੁਰੂ ਦੇ ਸਿੱਖ ਸਦਾ ਕੇ, ਰਮ ਨਾ ਆਈ ਮੀਆਂ ਲਿਆਕੇ।
ਪੱਕਾ ਸਿੰਘ ਹੋਵੰਦਾ ਜਿੱਥੇ, ਮੀਆਂ ਦੇਖ ਨ ਰਹਿੰਦਾ ਤਿੱਥੇ।
ਮੀਆਂ ਛੀਆਂ ਤੁਰਤ ਨਸਾਵੇ, ਗੁਰੂ ਗ੍ਰੰਥ ਜਹਿ ਦਰਸ ਦਿਖਾਵੇ।
ਸਤਿ ਸ੍ਰੀ ਅਕਾਲ ਗਜਾਏ, ਮੀਆਂ ਮੁੜ ਕੇ ਫੇਰ ਨ ਆਏ।
ਪਰ ਤੈਂ ਮਿੱਠਾ ਖਾਣ ਸੁਨਾਇਆ, ਜੋ ਮੀਏਂ ਦਾ ਦਿੱਤਾ ਖਾਇਆ।
ਅਹੋੋ ਕ ਤੇਰੇ ਪਰ ਭਾਈ, ਤੂੰ ਤਾਂ ਡਾਢਾ ਅਹੇਂ ਸੁਦਾਈ।
ਜਾਂਤੇ ਬਨਿਆ ਚਾ ਅੱਗਾਨੀ, ਕਰੇਂ ਕੰਮ ਜੋ ਮਹਾਂ ਤਾਨੀ।
ਪਕੜ ੂਬ ਡੰਡਾ ਤੂੰ ਕਰ ਮੈਂ, ਜਾਹੁ ਇਸੀ ਵੇਲੇ ਫਿਰ ਘਰ ਮੈਂ।
ਅਰ ਮੀਆਂ ਜਿਸ ਵਿੱਚ ਹੈ ਆਯਾ, ਦੇਵ ਪਰੀ ਦਾ ਜਿਸ ਵਿੱਚ ਸਾਯਾ।
ਉਸ ਦੀ ਭਗਤ ਸਵਾਰੀਂ ਐਸੀ, ਔਖਧ ਅੱਛੀ ਹੋਵੇ ਜੈਸੀ।
ਦੇਖਦਿਆਂ ਮੀਆਂ ਨਸ ਜਾਊ, ਮੁੜ ਕੇ ਪੈਰ ਨ ਘਰ ਵਿੱਚ ਪਾਊ।
ਜੋ ਤੈਨੂੰ ਮੈਂ ਕਹਿਆ ਇਲਾਜ, ਖੋਲ੍ਹ ਦਏਗਾ ਸਾਰਾ ਪਾਜ।
ਅਰ ਜੇ ਹੈ ਘਰ ਕੁਝ ਬਿਮਾਰੀ, ਹਕੀਮ ਬੁਲਾਕੇ ਕਰ ਕੁਛ ਕਾਰੀ।

ਜਿਸ ਤੇ ਤਨ ਦਾ ਰੋਗ ਸਿਧਾਊ, ਮੀਆਂ ਵਸਤ ਨ ਕੋਈ ਵਾਊ।
ਅੱਗੇ ਹੱਥ ਕੰਨ ਨੂੰ ਲਾਈਂ, ਮੀਆਂ ਮੁੜਕੇ ਨਾਹਿ ਮਨਾਈਂ।
ਸਿੰਘ ਗੁਰੂ ਕੇ ਕੇਹਰ ਬੱਗੇ, ਮੀਆਂ ਰਹੇ ਨ ਤਿਨਕੇ ਅੱਗੇ।
ਪਰ ਇਸ ਦਾ ਭੀ ਛੱਡ ਖਿਆਲ, ਤੇਰਾ ਅਪਨਾ ਕੀ ਹੈ ਹਾਲ ?
ਮੈਨੂੰ ਆਖੀਂ ਹੋਇ ਨਸੰਗ, ਬੁਰਾ ਦਿੱਸਦਾ ਤੇਰਾ ਢੰਗ।
ਅਨਮਤੀ ਇੱਕ ਪੁਰਖ ਘਮਡੀ, ਬੈਠਾ ਘੇਰੀ ਤੁੱਧ ਪਖਡੀ।
ਲਈ ਪੱਤ੍ਰੀ ਹੱਥ ਮਝਾਰੀ, ਬੈਠਾ ਦੇਖੇ ਰਾਸ ਤੁਮਾਰੀ।
ਸਾੜ੍ਹਸਤੀ ਦਾ ਹਾਲ ਸੁਨਾਵੇ, ਅਰ ਢਈਆ ਤੇਰੇ ਪਰ ਲਿਆਵੇ।
ਫੇਰ ਕਹੇ ਰਾਹੂ ਹੈ ਖੋਟਾ, ਕਦੇ ਕਹੇ ਗ੍ਰਹ ਆਊ ਛੋਟਾ।
ਕਦੇ ਨਿਚਰ ਦੱਸੇ ਆਇਆ, ਆਖੇ ਸੂਰਜ ਚਹਤ ਤਪਾਇਆ।
ਫੇਰ ਕਹੇ ਮਗਲ ਹੈ ਮਾੜਾ, ਬੁੱਧ ਘੱਤਦਾ ਕਦੇ ਪੁਆੜਾ।
ਨੌਂ ਗ੍ਰਹ ਜੁਦੇ ਜੁਦੇ ਪੜ੍ਹ ਸੋਧੇ, ਤੇਰੇ ਤਾਂਈ ਬਹਿ ਪਰਬੋਧੇ।
ਕਹੇ ਕਟ ਹੈ ਤਨ ਨੂੰ ਭਾਰਾ, ਅਸਲੀ ਸੁੱਖ ਨ ਕਛੂ ਵਿਗਾਰਾ।
ਧਨ ਦਾ ਨਾਸ ਬਤਾਵੇ ਗਾਵੇ, ਅਗਨੀ ਜਲ ਦਾ ਭੈ ਦਿਖਲਾਵੇ।
ਅਰ ਪੂਜਾ ਦੇ ਕਈ ਪ੍ਰਕਾਰ, ਹੌਲੀ ਹੌਲੀ ਕਹੇ ਪੁਕਾਰ।
ਸੱਤ ਖੂਹਾਂ ਦਾ ਨੀਰ ਮਗਾਵੇ, ਕੱਠਾ ਕਰ ਉਨ ਵਿੱਚ ਨੁਲ੍ਹਾਵੇ।
ਕਾਲੇ ਕੁੱਤੇ ਨੂੰ ਇੱਕ ਰੋਟੀ, ਦੇਹ ਪਕਾਇ ਮਾਂਹਾਂ ਦੀ ਮੋਟੀ।
ਕੌੜੇ ਤੇਲ ਨਾਲ ਚੁਪੜਾਕੇ, ਸੁੱਖ ਹੋਇ ਕੁੱਤੇ ਨੂੰ ਪਾਕੇ।
ਕਦੇ ਕਹੇ ਇਹ ਕਰਉ ਪ੍ਰਯੋਗ, ਸਿੱਧ ਕਾਜ ਸਾਰਾ ਤੁਮ ਹੋਗ।
ਦੋਖੀ ਦੂਟ ਨਟ ਹੋ ਜਾਇ, ਘਰ ਵਿੱਚ ਵੜੇ ਲਛਮੀ ਆਇ।
ਏਹੋ ਜੇਹੇ ਕਈ ਜੰਜਾਲ, ਪਾਈ ਬੈਠਾ ਤੇਰੇ ਨਾਲ।
ਇਸ ਤੋਂ ਤੈਂ ਕੀ ਲੀਤਾ ਭਾਈ, ਸਿਰ ਦਰਦੀ ਜੋ ਕਰੀ ਅਜਾਈ ?
ਮੈਨੂੰ ਇਸਦਾ ਪਤਾ ਨ ਲਗਾ, ਕਿੱਕਰ ਦੇਖ ਲਏ ਇਹ ਅੱਗਾ ?

# ਨਕਲੀ ਸਿੱਖ

### ਚੌਪਈ

ਸੁਨ ਸਿੱਖਾ ਜੋ ਤੈਂ ਸਮਝਾਈ, ਹੈ ਮੇਰੇ ਮਨ ਨੂੰ ਇਹ ਭਾਈ।



ਇਹ ਮਨ ਦੇ ਹਨ ਭਰਮ ਪਿਆਰੇ, ਜੋ ਭਟਕਾਉਨ ਜਗਤ ਮਝਾਰੇ।
ਦੇਖੋ ਇਹ ਹੈ ਗ੍ਰਹ ਹਨ ਸਾਰੇ, ਚੰਦਰ ਸੂਰਜ ਅਰ ਜੋ ਤਾਰੇ।
ਅਪਨਾ ਅਪਨਾ ਅਸਰ ਦਿਖਾਉਣ, ਦੁਖ ਸੁਖ ਪੁਰਖਾਂ ਨੂੰ ਭੁਗਤਾਉਣ।
ਤਾਂਤੇ ਪੂਜਾ ਇਨਕੀ ਕਰਤੇ, ਜਾਂ ਤੇ ਕਟ ਨ ਕੋਈ ਧਰਤੇ।

# ਅਸਲੀ ਸਿੱਖ

### ਚੌਪਈ

ਜੋ ਤੈਂ ਭਰਮ ਰਿਦੇ ਦਾ ਜਾਤਾ, ਅਰ ਇਹ ਸੱਭੋ ਝੂਠ ਪਛਾਤਾ।
ਫਿਰ ਕਿਉਂ ਇਸ ਫੰਧੇ ਵਿੱਚ ਆਯਾ, ਚਾਹੇ ਮਨ ਨੂੰ ਤੂੰ ਭਟਕਾਯਾ।
ਅਣਹੋਣੀ ਨਾ ਹੁੰਦੀ ਭਾਈ, ਅਰ ਹੋਣੀ ਨਾ ਕਿਨੇ ਮਿਟਾਈ।
ਦੇਖ ਰਾਮ ਸੀਤਾ ਜਦ ਵਿਆਹੀ, ਸਭਨਾਂ ਸੁੱਖ ਉਨ੍ਹਾਂ ਦੀ ਚਾਹੀ।
ਸਭ ਰਿਖੀਆਂ ਨੇ ਲਗਨ ਸੁਧਾਯਾ, ਨੌਂ ਗ੍ਰਹ ਨੂੰ ਭਲਿ ਭਾਂਤ ਮਨਾਯਾ।
ਵਟਿ ਰਿਖੀ ਤੇ ਹੁਤੇ ਪਰੋਹਤ, ਰਾਜ ਰਿਖੀ ਸੇ ਰਿਖ ਮਨ ਮੋਹਤ।
ਦਸਰਥ ਜਨਕ ਜਿਹੇ ਪਿਤ ਤਾਂਕੇ, ਪੂਜਤ ਜਗਤ ਪਾਦ ਸਭ ਜਾਂਕੇ।
ਫਿਰ ਤੈਂ ਦੇਖਾ ਕਾ ਕੁਛ ਭਾ, ਇਸ ਬਿਆਹ ਦਾ ਫਲ ਕਾ ਲਾ।
ਸਾਰੀ ਉਮਰ ਦੁਹਾਂ ਦੁਖ ਪਾਏ, ਓੜਕ ਸਰਜੂ ਵਿੱਚ ਡੁਬਾਏ।
ਤਾਂਤੇ ਇਸ ਮਹਿ ਸਿੱਧ ਨ ਕਾਈ, ਯਹ ਤੋ ਹੈ ਸਭ ਮੂਰਖਤਾਈ।
ਜੋ ਜੜ ਵਸਤੂ ਗਿਆਨ ਵਿਹੂਣੀ, ਉਸ ਕੋ ਦੇਤ ਸੁਗੰਧਤ ਧੂਣੀ।
ਅਰ ਤਿਸਕੀ ਪੂਜਾ ਬਹੁ ਕੀਨੇ, ਕਹੋ ਕੌਨ ਫਲ ਤਿਸਨੇ ਦੀਨੇ ?

### ਦੋਹਿਰਾ

ਜੱਲਨ ਇਕ ਧਰਮਾਤਮਾ ਜੋ ਸੀ ਸੱਚਾ ਜੱਟ।
ਉਸਨੇ ਤੇਰੇ ਗ੍ਰਿਹਾਂ ਨੂੰ ਕੀਤਾ ਚੌੜ ਚੁਪੱਟ।
ਯਥਾ ਮੁੱਲਾ ਦੇ ਘਰ ਪਿੱਟਣਾ ਪਾਂਧੇ ਦੇ ਘਰ ਰੰਡ।
ਚਲ ਜੱਲ੍ਹਨ ਘਰ ਆਪਨੇ ਸਾਹਾ ਦੇਹ ਨਸੰਗ।।"

### ਚੌਪਈ

ਸੁਨੀ ਗੱਲ ਤੈਂ ਜੱਲ੍ਹਨ ਕੇਰੀ, ਆਖੀ ਜੋ ਉਸ ਚਾਲੀ ਸੇਰੀ।
ਇਸੀ ਤਰ੍ਹਾਂ ਤੂੰ ਭਰਮ ਗਵਾਈਂ, ਢਈਏ ਦੇ ਪਿੱਛੇ ਨਾ ਜਾਈਂ।

ਸਾੜ੍ਹਸਤੀ ਨਾ ਵਸਤੂ ਕੋਈ, ਜੋ ਤੇਰੇ ਪਰ ਗੁੱਸੇ ਹੋਈ।
ਸਾਰੇ ਦਿਵਸ ਰੱਬ ਨੇ ਕੀਤੇ, ਤੈਂ ਕਿਉ ਬੁਰੇ ਸਮਝ ਓਹ ਲੀਤੇ ?
ਧਨ ਨਿਰਧਨ ਸਭ ਉਸਦੀ ਰਚਨਾ, ਰੱਖ ਯਾਦ ਇਹ ਗੁਰ ਦੇ ਬਚਨਾ :
ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

ਅਗ 394

ਦੁਖ ਸੁਖ ਤਨ ਦਾ ਭੋਗ ਪਿਆਰੇ, ਆਇ ਬਨੇ ਸੋ ਪੁਰਖ ਸਹਾਰੇ।
ਅਰ ਜੇ ਤੈਂ ਕੁਛ ਕਰਨਾ ਭਾਈ, ਬਿਪਤ ਕਾਲ ਮੇਂ ਚਹੇਂ ਸਹਾਈ।
ਤਾਂ ਗੁਰੂ ਗ੍ਰੰਥ ਪਾਠ ਤੂੰ ਕਰ ਲੈ, ਜਾਤੇਂ ਕ ਰਿਦੇ ਦੇ ਹਰ ਲੈ।
ਜਦ ਗੁਰੂ ਬਾਣੀ ਪੜ੍ਹੇ ਪਿਆਰੇ, ਜਾਨ ਕਲੇ ਰਿਦੇ ਦੇ ਸਾਰੇ।
ਦੇਖ ਕਹਨ ਕਿਆ ਅਮ੍ਰਿਤ ਬਾਣੀ, ਕੋਟ ਵਿਘਨ ਕੋ ਕਰਤੀ ਹਾਣੀ।
ਜੌ ਰਾਜੁ ਦੇਹਿ ਤ ਕਵਨ ਬਡਾਈ॥
ਜੌ ਭੀਖ ਮਗਾਵਹਿ ਤ ਕਿਆ ਘਟਿ ਜਾਈ॥ ਅਗ 525॥

ਦੋਹਿਰਾ

ਅਕਾਲ ਪੁਰਖ ਨੂੰ ਛੱਡ ਕੇ ਸੁਖ ਹਿਤ ਧਿਆਵੇਂ ਹੋਰ।
ਦੇਖ ਲੋਕ ਗ੍ਰੰਥ ਦਾ ਕਿਆ ਬਤਲਾਵੇਂ ਤੋਰ।
ਯਥਾ ਸਲੋਕ ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ"॥

ਅਗ 1426

ਸ੍ਵੈਯਾ–ਜੋ ਤੇਰੇ ਮਨ ਦੀ ਹੈ ਬਿਰਥਾ ਸੋ ਕਰਤੇ ਪੈ ਗਾਈਂ।
ਤਿਸ ਨੂੰ ਤਿਆਗ ਦੂਸਰੇ ਪਿੱਛੇ ਐਵੇਂ ਨਾ ਭਟਕਾਈਂ॥
ਕਲਪ ਬ੍ਰਿਖ ਸਭ ਹੀ ਫਲ ਦੇਵੇ ਤਾਂ ਜੋ ਤਜਕਰ ਪਾਰੇ॥
ਅੱਕ ਹੇਠ ਜਾ ਫਲ ਤੂੰ ਚਾਹੇਂ ਹੈ ਕਰਮਾਂ ਦੀ ਮਾਰੇ॥
ਦੇਖ ਗੁਰੂ ਜੀ ਇਸ ਪਰ ਤੈਨੂੰ ਕਿਆ ਉਪਦੇ ਦ੍ਰਿੜਾਏ॥
ਜੋ ਪੜ੍ਹ ਸੁਨਕੇ ਅਪਨੇ ਮਨ ਮਹਿੰ, ਤੈਂ ਨਾ ਮੀਤ ਕਮਾਏ॥
ਲੈ ਹੁਣ ਕੁਛਕ ਬਦ ਮੈਂ ਤੈਨੂੰ, ਐਥੇ ਲਿਖ ਸਮਝਾਵਾਂ॥
ਇਨ ਪਰ ਹੀ ਦ੍ਰਿੜ ਨਿਸਚਾ ਤੇਰਾ, ਦੇ ਉਪਦੇ ਕਰਾਵਾਂ॥



ਯਥਾ – ਬਿਲਾਵਲੁ ਮਹਲਾ 5

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥
ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥1॥ ਰਹਾਉ॥
ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ।
ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ॥1॥
ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥"

(ਅਗ 820)

ਚੌਪਈ

ਏਹ ਪੁਨੀਤ ਬਦ ਮਹਿੰ ਪਾਰੇ॥
ਅਕਾਲ ਪੁਰਖ ਕੀ ਓਟ ਤਿਹਾਰੇ॥
ਸਭ ਦੁਖ ਸੁਖ ਤਿਸ ਹੀ ਪਹਿ ਆਖੋ॥
ਜੋ ਚਾਹੋ ਉਸ ਆਗੇ ਭਾਖੋ॥
ਅਰ ਜੋ ਕਟ ਪਰੇ ਤੁਹਿ ਆਈ॥
ਤਿਸ ਆਗੇ ਹੀ ਕਹੋ ਸੁਨਾਈ॥
ਜੈਸੇ ਗੁਰੂ ਗ੍ਰੰਥ ਸਮਝਾਵੈ॥
ਤੇਰੇ ਮਨ ਕਾ ਭਰਮ ਮਿਟਾਵੇ॥

ਸਿਰੀਰਾਗੁ ਮਹਲਾ 5

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥1॥
ਸਾਹਿਬੁ ਨਿਤਾਣਿਆ ਕਾ ਤਾਣੁ।
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥1॥ ਰਹਾਉ॥
ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ॥
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥2॥
ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ॥
ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ।3॥

(ਅਗ 70-71)

### ਚੌਪਈ

ਕਿਉਂ ਭਾਈ ਤੈਂ ਸੁਨਾ ਮਹਾਤਮ॥ ਜਿਸ ਸਿਮਰੇ ਤੂੰ ਹੋ ਧਰਮਾਤਮ॥
ਫਿਰ ਤਿਸਕੋ ਤੂੰ ਤਿਆਗ ਪਿਆਰੇ॥ ਕਿਓਂ ਭਟਕਤ ਹੈ ਹੋਰ ਦੁਆਰੇ॥
ਸੱਚਾ ਸਾਹਿਬ ਇੱਕ ਪਛਾਨ॥ ਉਸ ਪਰ ਹੀ ਰੱਖੀਂ ਸਭ ਮਾਣ॥
ਜਿਤਨੇ ਤਿਸ ਬਿਨ ਢਈਏ ਵੱਈਏ, ਸੁੱਟ ਇਨ੍ਹਾਂ ਨੂੰ ਭੱਠੀ ਦਈਏ॥
ਇਸ ਪਰ ਦੱਸ ਮਤਾ ਕਿਆ ਤੇਰਾ, ਲੱਗਾ ਹੈ ਮਨ ਆਖਾ ਮੇਰਾ ?

## ਨਕਲੀ ਸਿੱਖ

ਧੰਨ ਧੰਨ ਸਿੱਖਾ ਤੂੰ ਧੰਨ, ਤੈਂ ਹਨ ਖੋਲ੍ਹੇ ਸਾਡੇ ਕੰਨ।
ਅਸੀਂ ਜਗਤ ਰੀਤਾਂ ਦੇ ਅਦਰ, ਨੱਚ ਰਹੇ ਸੇ ਜੈਸੇ ਬੰਦਰ।
ਪਰ ਹੁਣ ਅਕਲ ਅਸਾਨੂੰ ਆਈ, ਗੁਰ ਘਰ ਦੀ ਤੈਂ ਰੀਤ ਦਿਖਾਈ।
ਅਸੀਂ ਗੁਰੂ ਦੇ ਮਤ ਤੇ ਨੱਸੇ, ਹੋਰ ਹੋਰ ਕੰਮਾਂ ਵਿੱਚ ਫੱਸੇ।
ਪਰ ਕਿਆ ਕਰੀਏ ਜਗ ਦੀ ਰੀਤ, ਸਾਨੂੰ ਰਖਦੀ ਹੈ ਭੈ ਭੀਤ।
ਇਹ ਮਨ ਪਾਪੀ ਭਟਕ ਡਰਾਵੇ, ਉਲਟੇ ਰਸਤੇ ਦੇ ਵਿੱਚ ਪਾਵੇ।
ਹੁਣ ਨਿਸਚਾ ਸਾਡਾ ਕੁਛ ਹੋਯਾ, ਭਟਕਨ ਵਾਲਾ ਚਿੱਤ ਖਲੋਯਾ।

## ਅਸਲੀ ਸਿੱਖ

ਵਾਹ ਪਾਰੇ ਗੁਰ ਦੇ ਲਾਲ, ਹੁਣ ਤੈਂ ਪਕੜੀ ਗੁਰਮਤ ਢਾਲ।
ਪਰ ਇੱਕ ਕਰਦਾ ਹੋਰ ਪੁਆੜਾ, ਜਿਸਨੇ ਪੜਦਾ ਹੋਰ ਉਘਾੜਾ।
ਅਰ ਇਹ ਰੀਤ ਨਵੀਂ ਜੋ ਕਰਦਾ, ਉਸਤੇ ਨਾ ਦਿਲ ਤੇਰਾ ਡਰਦਾ।
ਸਿੱਖਾਂ ਨੂੰ ਤਾਂ ਹੈ ਇਹ ਪਾਪ, ਕਿੱਥੇ ਤੈਨੂੰ ਲੱਗਾ ਤਾਪ।
ਇੱਕ ਭਰਾਈ ਧਰਮ ਬੁਲਾਯਾ, ਢੋਲ ਓਸਨੇ ਗਲ ਵਿੱਚ ਪਾਯਾ।



ਅਰ ਡੱਗਾ ਉਹ ਖੂਬ ਲਗਾਵੇ, ਟਾਹਰ ਦੇ ਦੇ ਤੁਝੇ ਸੁਨਾਵੇ।
ਆਖੇ ਲਾਲਾਂ ਵਾਲੇ ਪੀਰਾ, ਲਾਲ ਰੰਗ ਦਾ ਤੇਰਾ ਚੀਰਾ।
ਆਖੇ ਬੱਕੀ ਦੇ ਅਸਵਾਰਾ, ਬੋਲੇ ਕੁੱਲੇ ਦੇ ਸਰਦਾਰਾ।
ਦਾਨੀ ਜੱਟੀ ਤੁਧ ਮਨਾਯਾ, ਜਿਸਨੇ ਗੋਦੀ ਬਾਲ ਖਲਾਯਾ।
ਤੂੰ ਲੱਖਾਂ ਦਾ ਦਾਤਾ ਪੀਰ। ਮਨਨ ਤੈਨੂੰ ਪੀਰੰ ਕੀਰ।
ਤਿੰਮੋਂ ਰਾਣੀ ਤੇਰੀ ਸਾਲੀ ਚਲਦੀ ਜੇਹੜੀ ਉਲਟੀ ਚਾਲੀ॥
ਸਖੀ ਸਰਵਰਾ ਏਧਰ ਆਓ। ਸਾਡਾ ਬੇੜਾ ਬੰਨੇ ਲਾਓ।
ਸਵਾ ਮਣੇ ਦਾ ਰੋਟ ਪਕਾਯਾ। ਜੋ ਤੈਂ ਟੱਬਰ ਨੂੰ ਵਰਤਾਯਾ॥
ਜਾਤ ਪਾਤ ਤੈਂ ਚੁੱਲੇ ਪਾਈ। ਇੱਕ ਮਈ ਕਰਕੇ ਦਿਖਲਾਈ॥
ਤੇਰਾ ਰਹਬਰ ਬਨਾ ਭਰਾਈ। ਜਿਸਦੀ ਛੂਤ ਨ ਤੈਨੂੰ ਕਾਈ।
ਸਿੱਖਾਂ ਦੇ ਘਰ ਇਹੀ ਕੁਚਾਲ। ਕਿਉਂ ਤੈਂ ਕੀਤੀ ਗੁਰ ਦੇ ਲਾਲ ?
ਇਸਦਾ ਕਿੱਸਾ ਸੱਚ ਸੁਨਾਈਂ। ਮਨ ਅਦਰ ਨਾ ਤੂੰ ਰਮਾਈਂ॥

## ਨਕਲੀ ਸਿੱਖ

ਇਸਦਾ ਕੁਛ ਨਾ ਪੁੱਛ ਪਿਆਰੇ, ਅਸਾਂ ਫਸੇ ਸੇ ਔਖੇ ਗਾਰੇ।
ਮੁਡਾ ਕਰ ਬੈਠਾ ਸੀ ਚੋਰੀ, ਚੁੱਕ ਖਡ ਦੀ ਲਿਆਇਆ ਬੋਰੀ।
ਜਿਸ ਪਰ ਖੋਜ ਨਿਕਾਲ ਸਿਪਾਹੀ, ਪਕੜ ਲਿਆ ਗਲ ਪੈ ਗਈ ਫਾਹੀ।
ਉਸਨੂੰ ਅਸੀਂ ਛੁਡਾਵਨ ਲੱਗੇ, ਕਈ ਰੁਪੱਯੇ ਰਿਵਤ ਲੱਗੇ।
ਪਰ ਕੁਝ ਪੇ ਨਾ ਸਾਡੀ ਗਈ, ਬੁਰੀ ਦਿਾ ਹੀ ਹੁੰਦੀ ਰਈ।
ਜਿਸ ਪਰ ਸਾਨੂੰ ਦੱਸਿਆ ੇਖ, ਪੀਰ ਮਾਰਦਾ ਰੇਖੀਂ ਮੇਖ।
ਜਿਸ ਪਰ ਤੂੰ ਉਸਨੂੰ ਹੁਣ ਧਿਆਉ, ਸਵਾ ਮਣੇ ਦਾ ਮਨ ਪਕਾਉ।
ਅਰ ਤੂ ਇਸ ਸਰਵਰ ਦੇ ਤਾਈਂ, ਚੌਕੀ ਭਰਕੇ ਰਾਤ ਮਨਾਈਂ।
ਜਿਸ ਤੇ ਫਿਰ ਸਭ ਬੰਦ ਛੁਡਾਊ, ਮੁਡਾ ਤੇਰਾ ਘਰ ਨੂੰ ਆਊ॥
ਇਸਨੂੰ ਸੁਣਕੇ ਮੈਂ ਏਹ ਕੀਤਾ, ਸੌ ਸੌ ਵੇਰ ਨਾਮ ਉਸ ਲੀਤਾ।
ਜਿਸ ਦਾ ਮੈਂ ਏਹ ਲੈ ਪਰਤਾਵਾ, ਜਾਨ ਲਿਆ ਸੱਚਾ ਹੈ ਬਾਵਾ।
ਸੰਝੋਂ ਅੱਗੇ ਮੁਡਾ ਆਇਆ, ਜਿਸਨੂੰ ਨਾਲ ਗਲੇ ਮੈਂ ਲਾਇਆ।
ਏਹ ਸੁੱਖਨਾ ਉਸ ਦੀ ਦਿੱਤੀ, ਸੁਰਰੂਈ ਅਪਨੀ ਕਰ ਲਿੱਤੀ।
ਇਸ ਪਰ ਦੱਸੋ ਕਿਆ ਹੈ ਦੋ, ਤੈਂ ਮੇਰੇ ਪਰ ਕਢਿਆ ਰੋਸ।
ਔਖੀ ਬਣੀ ਸਮੇਂ ਸੁਣ ਭਾਈ, ਹੋ ਜਾਂਦਾ ਹੈ ਪੁਰਖ ਸੁਦਾਈ।

# ਅਸਲੀ ਸਿੱਖ

## ਚੌਪਈ

ਕਿਆ ਕਹਾਂ ਮੈਂ ਤੇਰੀ ਬੁੱਧ, ਕਰੇ ਕੰਮ ਤੂੰ ਸਾਰੇ ਸੁੱਧ।
ਖੂਬ ਵਕੀਲ ਬਨਾਇਆ ਪੀਰ, ਕਰਾਮਾਤ, ਜਿਨ ਮਾਰੇ ਤੀਰ।
ਜਿਸ ਮੋਟੀ ਰੋਟੀ ਦੇ ਪਿੱਛੇ, ਪੂਰੀ ਕਰੀ ਤੁਹਾਡੀ ਇੱਛੇ।
ਚੋਰਾਂ ਦਾ ਉਹ ਹੈ ਰਖਵਾਲਾ, ਪੀਰ ਨਹੀਂ ਉਹ ਠੱਗ ਸੁਖਾਲਾ।
ਜੋ ਰੋਟੀ ਦੇ ਕਾਰਨ ਭਾਈ। ਚੋਰਾਂ ਦਾ ਆ ਭਇਆ ਸਹਾਈ।
ਸੋ ਤਾਂ ਡਾਢਾ ਹੈ ਕਿ ਭੁੱਖਾ, ਉਲਟੇ ਕੰਮ ਕਰੇ ਪੀ ਸੁੱਖਾ।
ਤੂੰ ਹੈਂ ਕੋਈ ਭੋਲਾ ਲੋਗ, ਜਿਸ ਤੇ ਕਰਦਾ ਕੰਮ ਅਜੋਗ।
ਕਯਾ ਉਹ ਪੀਰ ਬਚਾਵੇ ਹੋਰ, ਜਿਹੜਾ ਬਚਿਆ ਆਪ ਨ ਚੋਰ।
ਕਰਾਮਾਤ ਇਸ ਵਿੱਚ ਨ ਕੋਈ, ਹੋਵਨਹਾਰ ਹੋਤ ਹੈ ਸੋਈ।
ਅਕਾਲ ਪੁਰਖ ਦੇ ਅਦਰ ਭਾਣੇ, ਸਾਰੇ ਹੁੰਦੇ ਕੰਮ ਸਿਆਣੇ।
ਗੁਰੂ ਗਰੰਥ ਨੇ ਭਾਖੀ ਜੋਇ, ਬੰਦ ਖਲਾਸੀ ਭਾਣੈ ਹੋਇ"
ਫਿਰ ਇਹ ਤੇਰਾ ਹੈ ਅਗਯਾਨ, ੇਖਾਂ ਵੱਲੇ ਕਰੇਂ ਧਿਆਨ।
ਕਯਾ ਗੁਰ ਨਾਲੋਂ ਹੈ ਉਹ ਭਾਰਾ, ਜਿਸਦਾ ਲੈਂਦਾ ਆਪ ਸਹਾਰਾ।
ਜਨਮ ਮਰਨ ਦੇ ਲਹਨ ਤਗਾਦੇ, ਜੋ ਗੁਰ ਸਰਨ ਗਹਨ ਤਜਵਾਦੇ।

# ਨਕਲੀ ਸਿੱਖ

ਹੈ ਤਾਂ ਸੱਤ ਬਾਤ ਤੈਂ ਭਾਖੀ, ਪਰ ਘਰ ਦੇ ਨਾ ਮਨਨ ਆਖੀ।
ਮੈਂ ਬਹੁਤੇਰਾ ਸੀ ਸਮਝਾਇਆ, ਪਰ ਮੈਨੂੰ ਸਭ ਨੇ ਦੁਰਕਾਇਆ
ਜਿਸ ਪਰ ਡਰਦੇ ਕੀਤਾ ਏਹ, ਮੈਨੂੰ ਨਾਹਿੰ ਉਲਾਂਭੇ ਦੇਹਿ
ਘਰ ਦੇ ਲੋਗ ਨ ਆਖੀ ਮਨਨ, ਜੇ ਬੋਲਾਂ ਤਾਂ ਸਿਰ ਨੂੰ ਭੰਨਨ।
ਡਰਦਾ ਹਾਂ ਮੈਂ ਹਰ ਹਰ ਕਰਦਾ, ਜੋ ਆਖਨ ਸੋ ਬੈਠਾ ਜਰਦਾ।
ਮੈਨੂੰ ਇਸ ਵਿੱਚ ਕੀ ਹੈ ਘਾਟਾ, ਲੱਗ ਗਿਆ ਜੇ ਦੋ ਮਣ ਆਟਾ ?

# ਅਸਲੀ ਸਿੱਖ

ਵਾਹ ਖਾਲਸਾ ਤੂੰ ਹੈਂ ਠੀਕ, ਸਿੱਖੀ ਨੂੰ ਤੈਂ ਲਾਈ ਲੀਕ।



ਚੰਗਾ ਘਰ ਵਿੱਚ ਤੇਰਾ ੋਰ, ਦਿਨ ਦੀਵੀਂ ਜੋ ਲੁੱਟਨ ਚੋਰ।
ਏਹੋ ਜੇਹੇ ਘਰ ਤੇ ਪਿਆਰੇ, ਬੈਠ ਕਿਤੇ ਸੁਖ ਲਈਂ ਕਨਾਰੇ।
ਜੋ ਅਧਰਮ ਦੇ ਮਾਰਗ ਪਾਵੇ, ਜੇ ਬੋਲੇਂ ਤਾਂ ਡੰਡੇ ਲਾਵੇ।
ਇਤਨਾਂ ਤੂੰ ਤਾਂ ਕਰੀਂ ਵਿਚਾਰ, ਐਵੇਂ ਕੱਟ ਨ ਪਿਆ ਵਿਗਾਰ।
ਜੇ ਕੁਕਰਮ ਤੇ ਓਹ ਨ ਹੱਟਨ, ਤੂੰ ਬੋਲੇਂ ਤਾਂ ਝਾਟਾ ਪੱਟਨ।
ਤਾਂ ਤੂੰ ਧਰਮ ਕਾਸ ਨੂੰ ਖੋਵੇਂ, ਜਿਸਦੇ ਗਏ ਅਤ ਨੂੰ ਰੋਵੇਂ।
ਇਹ ਜੋਰੂ ਅਰ ਪੁੱਤਰ ਮਾਈ, ਅਤ ਕਾਲ ਨਹਿ ਹੋਇ ਸਹਾਈ।
ਜੇ ਐਥੇ ਹੀ ਹਨ ਛੱਡ ਜਾਣੇ, ਤਾਂ ਕਿਉਂ ਮਰਦਾ ਪਿਆ ਧਿਗਾਣੇ।
ਜੋ ਗੁਰ ਤੇਰਾ ਸਦਾ ਸਹਾਈ, ਓਤ ਪੋਤ ਰਾਖੇ ਵਡਿਆਈ।
ਉਸਦਾ ਪੱਲਾ ਛੱਡ ਨ ਲੋੜੇਂ, ਗੁਰ ਸੋਂ ਤੋੜ ਤਿਨੋਂ ਸੋਂ ਜੋੜੇਂ।
ਕੇਹੀ ਬਾਤ ੋਕ ਦੀ ਭਾਈ, ਗੁਰ ਮਰਯਾਦਾ ਤੋਹ ਤਜਾਈ।
ਦੇਖ ਪ੍ਰਹਲਾਦ ਧਰਮ ਨਹਿ ਹਾਰਾ, ਪਿਤਾ ਗੁਰੂ ਤੇ ਕੀਨ ਕਿਨਾਰਾ।
ਦੁਟ ਕਰਮ ਮਹਿ ਜੋਇ ਲਯਾਵੈ, ਮਨਮਤ ਮਹਿ ਪੈ ਧਰਮ ਗਵਾਵੈ।
ਮਾਤ ਪਿਤਾ ਬਾਂਧਵ ਸੁਤ ਦਾਰਾ, ਬੁਧ ਜਨ ਤਹਿ ਤੇ ਕਰੇਂ ਕਨਾਰਾ।
ਤਾਂਤੇ ਇਨਕੇ ਪੀਛੇ ਭਾਈ, ਤੈਂ ਅਪਨੀ ਪਤ ਕਾਹਿ ਗੁਵਾਈ।
ਜੈਸੇ ਏਹ ਅਧਰਮ ਨਹਿ ਤਿਆਗੋ। ਕਹੋ ਧਰਮ ਤੇ ਤੂੰ ਕਿਉਂ ਭਾਗੋ ?

# ਨਕਲੀ ਸਿੱਖ

## ਚੌਪਈ

ਹੇ ਪਿਆਰੇ ਤੈਂ ਸੱਚ ਸੁਨਾਈ, ਮੈਨੂੰ ਸਕਲ ਸੁੱਧ ਹੁਨ ਆਈ।
ਅੱਗੇ ਨੂੰ ਮੈਂ ਕਰਸਾਂ ਸੋਈ, ਜੋ ਗੁਰ ਘਰ ਮਰਯਾਦਾ ਹੋਈ।
ਝੂਠੇ ਸਾਜਨ ਸਭ ਤਜ ਦੈਹੋ, ਇੱਕ ਗੁਰ ਓਟ ਆਪਨੀ ਲੈਹੋ।
ਬਿਨਾਂ ਗੁਰੂ ਸਭ ਸਮਝੋ ਕਾਚੇ, ਚਲੋ ਤਿਨੋਂ ਕੇ ਮਾਰਗ ਸਾਚੇ।

# ਅਸਲੀ ਸਿੱਖ

## ਚੌਪਈ

ਜਮਾਂ ਖਰਚ ਨਹਿੰ ਰਿਹਾ ਅਧੂਰਾ, ਕਰਿਆ ਬਾਨੀ ਤੈਂ ਸਭ ਪੂਰਾ।

ਮੁਖ ਤੋ ਸੱਤ ਬਚਨ ਤੈਂ ਗਾਏ, ਚੰਗੇ ਗੁਰ ਦੇ ਹੁਕਮ ਮਨਾਏ।
ਦੱਸ ਏਹ ਕੀ ਪਾਸ ਤੁਮਾਰੇ, ਧਰੇ ਗੰਡੋਏ ਥਾਲ ਮਝਾਰੇ।
ਅਰ ਗਲ ਵਿਚ ਤੈਂ ਪਾਈ ਰੱਸੀ, ਇਸਦੀ ਗੱਲ ਨ ਕੋਈ ਦੱਸੀ।
ਕਿੱਥੇ ਨੂੰ ਲੈ ਕੇ ਹੈ ਜਾਣਾ, ਕੀਤਾ ਕੋਈ ਹੋਰ ਟਿਕਾਣਾ ?
ਅਰ ਇਹ ਭੰਗੀ ਦਰ ਪਰ ਖਰੇ, ਡੌਰੂ ਹੱਥ ਬਨਾਕੇ ਧਰੇ।
ਗਾਵਨ ਗੀਤ ਪ੍ਰੀਤ ਕੇ ਸੰਗਾ, ਟੱਬਰ ਸੁਨਦਾ ਨਾਲ ਉਮਗਾ।
ਇਸਦਾ ਹਾਲ ਸੁਨਾ ਦੇ ਭਾਈ, ਜਿਸਦੀ ਮੈਨੂੰ ਖਬਰ ਨ ਕਾਈ।

## ਨਕਲੀ ਸਿੱਖ

### ਚੌਂਪਈ

ਇਹ ਤਾਂ ਪਾਸ ਸੇਵੀਆਂ ਮੇਰੇ, ਜੋ ਥਾਲੀ ਵਿੱਚ ਅੱਗੇ ਤੇਰੇ।
ਉਸ ਮਾੜੀ ਦੇ ਜਾਣਾ ਕੋਲ, ਜਿੱਥੇ ਵਜਦੇ ਦੇਖੇ ਢੋਲ।
ਅਰ ਛੜੀਆਂ ਖੜੀਆਂ ਹਨ ਜਿੱਥੇ, ਗੁੱਗਾ ਜ਼ਾਹਰ ਪੀਰ ਹੈ ਤਿਥੇ।
ਸਭ ਸੱਪਾਂ ਦਾ ਜੋ ਸਰਦਾਰ, ਜ਼ਾਹਰ ਪੀਰ ਨੀਲੇ ਅਸਵਾਰ।
ਬਾਗੜ ਵਾਲਾ ਡਾਢਾ ਪੀਰ, ਜੌੜੇ ਮਾਰੇ ਜਿਨ ਲੈ ਤੀਰ।
ਉਸਨੂੰ ਜਾਕੇ ਚੜ੍ਹਤ ਝੜਾਂਵਾਂ, ਫਿਰ ਮੁੜਕੇ ਜਦ ਘਰ ਮੈਂ ਆਵਾਂ।
ਇਨ੍ਹਾਂ ਭੰਗੀਆਂ ਨੂੰ ਮੈਂ ਦਾਨੇ, ਦੇਊਂ ਕਪੜੇ ਕੁੱਝ ਪੁਰਾਣੇ।
ਇਹ ਉਸਦੇ ਹਨ ਬਨੇ ਗਵਈਏ, ਜਿਸ ਤੇ ਗਾਉਣ ਪਏ ਸਵਈਏ।
ਏਹ ਸੇਵੀਆਂ ਜਦੋਂ ਚੜ੍ਹਾਊਂ, ਅਰ ਗੁੱਗੇ ਦਾ ਭਗਤ ਮਨਾਊਂ।
ਤਾਂ ਸੱਪਾਂ ਤੇ ਰਹਿਸੀਂ ੈਰ, ਭਾਵੇਂ ਫਿਰਸਾਂ ਨੰਗੇ ਪੈਰ।
ਇਸ ਵਿੱਚ ਬਾਤ ਬੁਰੀ ਕਿਆ ਭਾਈ, ਅਪਨਾ ਸੁਖ ਸਭ ਚਹੇ ਲੁਕਾਈ ?

## ਅਸਲੀ ਸਿੱਖ

### ਚੌਂਪਈ

ਬੱਸ ਗਪੌੜੇ ਨਾ ਤੂੰ ਛੱਡ, ਹੈਂ ਤੂੰ ਪੱਕਾ ਅਹਮਕ ਜੱਡ।
ਸੁਨ ਮੂਰ ਇਹ ਗੁੱਗਾ ਜੋਈ, ਸਿੰਘਾਂ ਅੱਗੇ ਵਸਤ ਨ ਕੋਈ।
ਕਿਆ ਇਸਨੇ ਮਾਰੇ ਦੋ ਭਾਈ, ਛੱਡਿਆ ਘਰ ਜਦ ਲੜ ਪਈ ਮਾਈ।



ਦੇਖ ਗੁਰੂ ਦਸਮੇਂ ਨੇ ਭਾਰੇ, ਕੀਤੇ ਜੰਗ ਤੁਰਕ ਫੜ ਮਾਰੇ।
ਤਿਨ ਤੁਰਕਨ ਤੇ ਤੁਮੇਂ ਛੁਡਾਯਾ, ਰਾਜ ਭਾਗ ਤੁਹਿ ਦੇਸ ਦਿਵਾਯਾ।
ਕਰ ਸਰਦਾਰ ਦਿਖਾਇਆ ਤੈਨੂੰ, ਕਿਆ ਘਾਟਾ ਹੈ ਦੱਸੀਂ ਮੈਨੂੰ।
ਹੁਣ ਸੱਪਾਂ ਤੇ ਡਰ ਕਰ ਪਾੀ, ਕਰਨ ਲੱਗਾ ਗੁੱਗੇ ਨੂੰ ਰਾੀ।
ਲੈ ਮੈਂ ਤੈਨੂੰ ਜੁਗਤ ਬਤਾਵਾਂ, ਅਰ ਸਪਾਂ ਦਾ ੌ ਗੁਵਾਵਾਂ।
ਦੇਖੇਂ ਸੱਪ ਜਦੋਂ ਹੈ ਜਾਂਦਾ, ਐਵੇਂ ਨਾ ਓਹ ਤੈਨੂੰ ਖਾਂਦਾ।
ਤਦ ਫੜ ਡੰਡਾ ਸਿਰ ਉਸ ਮਾਰ, ਉਪਰ ਤੇ ਜੜ ਦੇ ਦੋ ਚਾਰ।
ਲੜਨੇ ਪਰ ਤੂੰ ਕਰੀਂ ਇਲਾਜ, ਘਿਉ ਪੀਕੇ ਖਾ ਜਾਹੁ ਪਿਆਜ।
ਡੰਗ ਵਿੱਚ ਤੇ ਲੌਹੂ ਕੱਢੀ; ਉਤਨੀ ਜਗ੍ਹਾ ਤੁਰਤ ਹੀ ਵੱਢੀਂ।
ਜਿਸਤੇ ਹੁਣ ਨਾ ਕਰ ਤੂੰ ਦੇਰ। ਮੁੜ ਜਾ ਘਰ ਨਾ ਆਈਂ ਫੇਰ।

## ਨਕਲੀ ਸਿੱਖ

ਅੱਛਾ ਸਿੱਖਾ ਕਰਸਾਂ ਏਹੀ, ਜੇਹੜੀ ਬਾਤ ਤੁਧ ਨੇ ਕੇਹੀ।

## ਨਕਲੀ ਸਿੱਖ ਦਾ ਚਲਾਣਾ

ਦ੍ਵੈਯਾ–ਨਕਲੀ ਸਿੱਖਾਂ ਵਿੱਚੋਂ ਜੇਕਰ ਬਾਪ ਕਿਸੇ ਦਾ ਮਰਦਾ।
ਦੇਖੋ ਉਸਦਾ ਪੁੱਤ ਪਿਆਰਾ ਕੀ ਕੁਛ ਕਰਨੇ ਕਰਦਾ।
ਮਜੇ ਤੋਂ ਧਰਿ ਹੇਠਾਂ ਸਿੱਟੇ ਦੀਵਾਂ ਹੱਥ ਰਖਾਵੇ।
ਗਊ ਲਿਆਇ ਬੁਲਾਇ ਅਚਾਰਜ ਰੁੱਪਾ ਦਾਨ ਕਰਾਵੇ।
ਪਗੜੀ ਤੁਰਤ ਉਤਾਰ ਚਖੂਟਾ ਸਿਰ ਪਰ ਬਾਂਧ ਰਖਾਵੇ।
ਲਾਹਿ ਕਛਹਿਰਾ ਧੋਤੀ ਪਾਕਰ ਬੋਲੋ ਰਾਮ ਬੁਲਾਵੇ।
ਅਧਮਾਰਗ ਵਿੱਚ ਭਾਂਡਾ ਭੰਨੇ ਸਿਰ ਪਰ ਧਾਂਈ ਮਾਰੇ।
ਆਖੇ ਬਾਪੂ ਛੱਡ ਗਿਓਂ ਤੂੰ ਅਪਨੇ ਪੁੱਤ ਪਿਆਰੇ॥
ਮਰਘਟ ਜਾਕਰ ਲੋਥ ਰਖਾਈ ਭਾਰੀ ਚਿਖਾ ਬਨਾਈ।
ਹੱਥ ਘਾਸ ਦੇ ਛੱਲੇ ਪਾਏ ਅਡੀ ਲੱਕ ਬਨ੍ਹਾਈ।
ਮੁਰਦੇ ਮੁਖ ਪਜ ਰਤਨੀ ਪਾਕਰ ਤੁਰਤ ਚਿਖਾ ਪਰ ਚਾੜ੍ਹੇਂ।
ਅਰਧ ਜਲਾ ਸਾ ਹੋਵੇ ਜਬਕੇ ਸੋਟੇ ਸਿਉਂ ਸਿਰ ਫਾੜ੍ਹੇਂ॥

ਆਇ ਧਾਮ ਮੇਂ ਕਰਮੀ ਧਰਮੀ ਬੈਠਾ ਸਿੰਘ ਵਿਚਾਰਾ।
ਕਥਾ ਗਰੁੜ ਕੀ ਹੋਵਨ ਲਾਗੀ ਖੁਲ੍ਹਿਆ ਨਰਕ ਦੁਆਰਾ।।
ਨਰਕਾਂ ਦਾ ਸੁਣ ਰੂਪ ਭਯਾਨਕ ਮਨ ਵਿੱਚ ਬੈਠਾ ਧੜਕੇ।
ਆਖੇ ਬਾਪੂ ਤਰੂ ਬੈਤਰਨੀ ਪੂਛ ਗਊ ਦੀ ਫੜਕੇ।।
ਦਿਵਸ ਤੇਰ੍ਹਵੇਂ ਕਿਰਿਆ ਆਈ ਸੱਦ ਅਚਾਰਜ ਤਾਈਂ।
ਮਜੀ ਕੱਪੜੇ ਬਰਤਨ ਦੇਕੇ ਘਰ ਥੋਂ ਵਿਦਾ ਕਰਾਈਂ।
ਲੈਕਰ ਅਸਥਾਂ ਦਾ ਫਿਰ ਥੈਲਾ ਗੰਗਾ ਜੀ ਨੂੰ ਜਾਂਦੇ।
ਹਰਿਦੁਆਰ ਪਾਂਡਿਆਂ ਦੇ ਹੱਥੀ ਹੱਡ ਬਾਪ ਦੇ ਪਾਂਦੇ।।
ਓਥੋਂ ਮੁੜ ਕਰ ਕਰੇ ਭੰਡਾਰਾ ਵੱਡਾ ਬਾਪ ਬਣਾਵੇ।
ਕਿਤਕ ਪਰੇਮੀ ਸਿੰਘਨ ਕੋ ਭੀ ਕਰ ਪਰਾਦ ਛਕਾਵੇ।।
ਫਿਰ ਸਿਰ ਉਪਰ ਸਜੇ ਦਮਾਲਾ ਸਿੱਧੀ ਪਗੜੀ ਭਾਈ।
ਜਾਕਰ ਕਾਹੂੰ ਗੁਰੂ ਦੁਆਰੇ ਸੋਂ ਤਨਾਹ ਬਾਈ।।
ਓਹੋ ਕੱਛ ਕੜਾ ਦਸਤਾਰਾ ਮੁੜਕੇ ਫੇਰ ਸਮਾਲੇ।
ਕਰ ਦੰਡ ਪਿਤਰਾਂ ਦਾ ਦੇਕੇ ਬੈਠੇ ਹੋਇ ਸੁਖਾਲੇ।।
ਦੁਗਨੀ ਚੱਟੀ ਭਰ ਘਰ ਬੈਠਾ ਸਿੱਖੀ ਦਾ ਫਲ ਪਾਯਾ।
ਇਕ ਉਠ ਗਿਆ ਸੰਬੰਧੀ ਘਰ ਦਾ ਦੂਸਰ ਧਾਮ ਲੁਟਾਯਾ।।
ਤੀਸਰ ਸੁਣੀ ਨਰਕ ਕੀ ਬਾਤਾਂ ਰੈਨ ਸਮਯ ਬਰੜਾਵੇਂ।
ਆਖੇ ਊਠਾਂ ਜੇਡੇ ਕਊਏ ਨਰਕ ਵਿਖੇ ਮੁਹਿ ਖਾਵੇਂ।।
ਦੇਖੋ ਗਰੜ ਪਕੜਕੇ ਬਾਪੂ ਪਲ ਵਿਚ ਪਾਰ ਕਰਾਇਆ।
ਉਸਦੇ ਨਾਲ ਸਹਾਰਾ ਥੋੜਾ ਨਾਸਕੇਤ ਨੇ ਲਾਇਆ।।
ਮਨ ਵਿੱਚ ਬੈਠ ਵਿਚਾਰਾਂ ਕਰਦਾ ਧਰਮਰਾਜ ਦੇ ਕੋਲੇ।
ਕਿਆ ਜਾਣੇ ਬਾਪੂ ਜੀ ਬੁੱਢਾ ਕੀ ਕੁਝ ਅੱਗੋਂ ਬੋਲੇ।।
ਲੇਖਾ ਮਗੇਗਾ ਜਦ ਉਸ ਥੋਂ ਕਿੱਕੁਰ ਪੂਰਾ ਪਾਹੜੂ।
ਧਰਮ ਰਾਇ ਦਾ ਦੂਤ ਪਕੜ ਕੇ ਤੁਰਤ ਕੰਜੇ ਚਾਹੜੂ।।
ਚਿਤਰਗੁਪਤ ਖੋਲ੍ਹ ਕਰ ਦੱਸਨ ਜੋ ਸੀ ਉਸਦੀ ਕਰਨੀ।
ਓੜਕ ਨੂੰ ਫਿਰ ਪੈਸੀ ਭਾਈ ਬਾਪੂ ਜੀ ਨੂੰ ਭਰਨੀ।।
ਦੇਖੋ ਅਪਨੀ ਕਰਨੀ ਦਾ ਫਲ ਨਰਕ ਸੁਰਗ ਮੇਂ ਲੈਂਦਾ।
ਯਾ ਮੁੜਕੇ ਓਹ ਜੂਨ ਕਿਸੇ ਵਿੱਚ ਆਇ ਵਿਚਾਰਾ ਪੈਂਦਾ।।



# ਅਸਲੀ ਸਿੱਖ ਦਾ ਨਕਲੀ ਨੂੰ ਬੁਲਾਉਣਾ ਤੇ ਉਸ ਨਾਲ ਧਰਮ ਵਿਚਾਰ ਕਰਨਾ

ਦੋਹਰਾ ਅਸਲੀ ਗੁਰ ਦਾ ਸਿੱਖ ਇੱਕ, ਆਇਆ ਤਿਸਦੇ ਪਾਸ।
ਨਕਲੀ ਦਾ ਪਿਖ ਹਾਲ ਤਬ, ਬੋਲੋ ਬਚਨ ਬਲਾਸ।।

## ਅਸਲੀ ਸਿੱਖ

ਚੌਪਈ

ਕਲਪਤ ਸਿੰਘਾ ਪਿਤਾ ਤੁਮਾਰਾ, ਜਗ ਮਿੱਥਾ ਤੇ ਕਰ ਅਸਵਾਰਾ।
ਗਇਓ ਗੁਰੂਪੁਰ ਨੂੰ ਮਨ ਭਾਣਾ, ਇਸ ਜਗ ਮੇਂ ਕਿਨ ਕੀਨ ਟਕਾਣਾ।

## ਨਕਲੀ ਸਿੱਖ

ਕਾ ਕਹੀਏ ਕੁਛ ਪੇ ਨ ਜਾਏ, ਮੁਰਦੇ ਨਾਲ ਨ ਮਰਿਆ ਭਾਏ।
ਆਰ ਸਬਰ ਕਰਨ ਹੀ ਬਨ ਹੈ, ਦੁੱਖ ਪਿਤਾ ਦਾ ਮਨ ਹੀ ਮਨ ਹੈ।

## ਅਸਲੀ ਸਿੱਖ

ਸੁਣ ਸਿੱਖਾਂ ਤੈਂ ਏਹ ਕੀ ਕਰਿਆ, ਲਾਹਿ ਪਿਤਾ ਮਜੇ ਥੋਂ ਧਰਿਆ ?
ਜਿਸਤੇ ਤਿਸਨੂੰ ਬਹੁ ਦੁਖ ਹੋਯਾ, ਪਲ ਨੂੰ ਮਰਦਾ ਹੁਣ ਹੀ ਮੋਯਾ।
ਕੀ ਮਜੇ ਨੂੰ ਓਹ ਸੀ ਖਾਂਦਾ, ਤੈਂ ਜੋ ਚੁੱਕ ਧਰਾ ਪਰ ਆਂਦਾ।
ਕਿਆ ਸੱਥਰ ਸੀ ਕੁਝ ਦਵਾਈ, ਜੋ ਉਸਨੂੰ ਤੈਂ ਘੋਲ ਪਲਾਈ।

## ਨਕਲੀ ਸਿੱਖ

ਭਾਈ ਲੋਕ ਇਹੋ ਹਨ ਕਰਦੇ, ਮਰਨੇ ਵੇਲੇ ਹੇਠਾਂ ਧਰਦੇ।
ਕਹਿੰਦੇ ਮਜੇ ਪਰ ਗਤ ਨਾਹੀਂ, ਜੋ ਜੋ ਮਰਹੈਂ ਅਵਗਤ ਜਾਹੀਂ।
ਤਾਂਤੇ ਸੱਥਰ ਪਰ ਗਤ ਪਾਵੈਂ, ਐਸੀ ਲੋਕ ਬਾਤ ਸਮਝਾਵੈ।
ਤੈਂ ਜੋ ਹਾਸੀ ਕੀਤੀ ਭਾਈ, ਅੱਜ ਤੀਕ ਨਹਿੰ ਕਿਨੇ ਸੁਨਾਈ।

# ਅਸਲੀ ਸਿੱਖ

ਜੇ ਮਜਾ ਹੈ ਐਸਾ ਨੀਚ, ਬੇਗਤ ਕਰਦਾ ਮਰਨੇ ਬੀਚ।
ਤਾਂ ਘਰ ਵਿੱਚੋਂ ਬਾਹਰ ਡਾਰੋ, ਹੀਹਾਂ ਪਾਵੇ ਤੋੜ ਉਖਾਰੋ।
ਬਾਣ ਬਾਲ ਚੁਲ੍ਹੇ ਮਹਿ ਸੇਕੋ, ਦੂਰੋਂ ਮੱਥਾ ਉਸਨੂੰ ਟੇਕੋ॥
ਭੌਂਦੂ ਸਿੱਖਾਂ ਦੇਖ ਵਿਚਾਰ, ਐਵੇਂ ਨਾ ਬਣ ਬੈਠ ਗੁਵਾਰ।
ਸਾਰੀ ਉਮਰ ਵਿਖੇ ਸੁਖ ਦੇਵੇ, ਓੜਕ ਨੂੰ ਬੇਗਤ ਕਰ ਲੇਵੇ ?
ਕੇਹੀ ਹੈ ਬੁੱਧੀ ਦੀ ਬਾਤ, ਤੈਂ ਜੋ ਮੈਨੂੰ ਦੱਸੀ ਭ੍ਰਾਤ।
ਅਰ ਜੇ ਬੁਰਾ ਏਸ ਨੂੰ ਜਾਣੇ, ਫਿਰ ਕਿਉਂ ਕੀਤਾ ਜੋਰ ਧਿਗਾਣੇ॥
ਜਿਸ ਤੇ ਓਹੋਂ ਮਜਾ ਫੇਰ, ਭੇਜਿਆ ਬਾਪੂ ਨੂੰ ਬਿਨ ਦੇਰ॥
ਹੱਥ ਅਚਾਰਯ ਕਰਕੇ ਹੁੰਡੀ, ਕਿਆ ਮਰਯਾਦਾ ਕੱਢੀ ਗੁੰਡੀ !
ਦੌੜ ਅਜੇ ਭੀ ਦੇਰ ਨ ਲਾਈਂ, ਆਖ ਅਚਾਰਯ ਨੂੰ ਅਟਕਾਈਂ॥
ਆਖੀਂ ਇਹ ਮਜਾ ਦੇ ਸਾੜਾ, ਜਿਸਨੇ ਘੱਤਿਆ ਚਾਇ ਪੁਆੜਾ॥
ਅਬਗਤ ਕਰ ਇਨ ਬਾਪੂ ਕੱਢਿਆ, ਪਿੱਛਾ ਅਜੇ ਨ ਉਸਦਾ ਛੱਡਿਆ॥
ਲਿਆਕੇ ਘਰ ਦੇ ਮਜਿਆ ਨਾਲ, ਵਿਚ ਅਗੀਠੇ ਦੇਵੀਂ ਜਾਲ॥
ਮਜੇ ਦੀ ਜੜ੍ਹ ਘਰ ਤੇ ਖੋਵੇਂ, ਰੈਨ ਚਟਾਈ ਉੱਪਰ ਸੋਵੇ॥
ਕੇਹੜੇ ਲੋਕ ਦੱਸ ਖਾਂ ਮੈਨੂੰ, ਬੁਰਾ ਆਖਦੇ ਮਜਾ ਤੈਨੂੰ?
ਬੁਧਿਮਾਨ ਇਹ ਕਦੇ ਨਾ ਕਹਿੰਦੇ, ਇਸ ਘੇਰੇ ਵਿੱਚ ਉੱਲੂ ਰਹਿੰਦੇ॥
ਮੈਂ ਹਾਸੀ ਨਹਿੰ ਤੁਝੇ ਕਰਾਈ, ਗੁਰ ਘਰ ਮੇਂ ਇਹ ਰੀਤ ਨ ਕਾਈ।
ਦੂਜਾ ਤੁੱਧ ਜਗਾਯਾ ਦੀਵਾ, ਭਇਆ ਬਾਪ ਪਿਖ ਤੇਰਾ ਖੀਵਾ॥
ਇਸਦਾ ਭੀ ਤੂੰ ਦੱਸੀਂ ਢੰਗ, ਜੋ ਤੈਂ ਕੀਤਾ ਪੀ ਕੇ ਭੰਗ।
ਕਈਂ ਦਿਨਾਂ ਤਕ ਬੁਝਨ ਨ ਦੀਆ, ਜਿਸਤੇ ਭੀ ਕਹੋ ਕਿਾ ਫਲ ਲੀਆ॥

# ਨਕਲੀ ਸਿੱਖ

ਆਖਨ ਜਦ ਪ੍ਰਾਨੀ ਹਨ ਮਰਦੇ, ਦੀਵਾ ਲੋਕ ਹਥੇਲੀ ਧਰਦੇ।
ਅਗੇ ਰਸਤੇ ਵਿਚ ਅਧੇਰਾ, ਚਾਨਣ ਕਰਦਾ ਦੀਪ ਘਨੇਰਾ॥
ਤਾਂ ਤੇ ਮੈਂ ਭੀ ਕਰੀ ਵਿਚਾਰ, ਬਾਪ ਅਧੇਰੇ ਹੋਇ ਨਾ ਖੁਆਰ।
ਮੈਥੋਂ ਬਿਨਾਂ ਹੋਰ ਹੈ ਕੋਇ, ਜੋ ਬਾਪੂ ਨੂੰ ਕਰਦਾ ਲੋਇ ?



# ਅਸਲੀ ਸਿੱਖ

ਅਪਨੇ ਪਿਤਰਾਂ ਦੇ ਹਿਤ ਦਾਈ, ਸੁਖ ਦੀ ਚਹੀਏ ਬਣਤ ਬਨਾਈ।
ਤੂੰ ਤਾਂ ਬੜਾ ਪਿਤਾ ਦਾ ਪਿਆਰਾ, ਸੁਖਦਾਈ ਹੈਂ ਪੁੱਤ ਵਿਚਾਰਾ॥
ਪਰ ਤੂੰ ਮੈਨੂੰ ਏਹ ਸਮਝਾਉ, ਸਾਥੋਂ ਭੇਦ ਨਾ ਰਾ ਲੁਕਾਉ॥
ਦੀਵਾ ਜਗਦਾ ਘਰ ਵਿਚ ਤੇਰੇ, ਬਾਪੂ ਦੇ ਹਨ ਮਰਘਟ ਡੇਰੇ॥
ਫਿਰ ਓਥੋਂ ਭੀ ਜਮ ਨੇ ਫੜਿਆ, ਧਰਮਰਾਇ ਦੇ ਠਾਣੇ ਖੜਿਆ॥
ਇਤਨੀ ਦੂਰ ਲੋਇ ਕਿਮ ਹੋਏ ? ਗੋਡੇ ਭੱਜਨ ਗਿਰ ਕੇ ਟੋਏ॥
ਫਿਰ ਸੱਟਾਂ ਤੇ ਕੌਣ ਬਚਾਊ, ਮਰਹਮ ਪੱਟੀ ਕੌਣ ਲਗਾਊ॥
ਘੱਲ ਡਾਕਟਰ ਅਤੇ ਹਕੀਮ, ਨਾ-ਤਰ ਪਾਊ ਦੁੱਖ ਯਤੀਮ॥
ਇਸ ਪਰ ਭੀ ਤੈਂ ਕੀਤਾ ਹੋਰ, ਮੁਰਦੇ ਨੂੰ ਦਿਖਲਾਯਾ ਾੋਰ॥
ਜੋ ਤੈਂ ਅਪਨਾ ਬਾਪੂ ਪਿਆਰਾ, ਡੰਡੇ ਨਾਲ ਚਿਖਾ ਪਰ ਮਾਰਾ॥
ਮੁਰਦੇ ਨੂੰ ਮਾਰਨ ਤੇ ਭਾਈ, ਕਿਆ ਸੀ ਤੇਰੀ ਸੂਰਮਤਾਈ ?
ਕਿਆ ਤੈਨੂੰ ਕੁਝ ਤਰਸ ਨ ਆਇਆ, ਮਿਰਤਕ ਉਪਰ ਹੱਥ ਉਠਾਯਾ ?
ਇਸਦਾ ਭੀ ਕੁਝ ਹਾਲ ਸੁਨਾਓ, ਮੈਥੋਂ ਮੂਲ ਨਹੀਂ ਰਮਾਓ॥

# ਨਕਲੀ ਸਿੱਖ

ਓਹ ਤਾਂ ਕਿਰਿਆ ਕਰੀ ਕਪਾਲ, ਜਿਸਦਾ ਆਖਣ ਏਹ ਹਵਾਲ॥
ਗਰੜ ਪੁਰਾਣ ਏਹ ਹੈ ਕਹਿੰਦਾ, ਜੀਵ ਸੀਸ ਵਿਚ ਬੈਠਾ ਰਹਿੰਦਾ॥
ਜਿਯੂੰ ਸੋਟਾ ਸਿਰ ਪੈਂਦਾ ਆਇ, ਜੀਵ ਨਿਮਾਣਾ ਓਥੋਂ ਜਾਇ॥
ਯਾਹੀ ਤੇ ਮੈਂ ਸਿਰ ਨੂੰ ਫੋਰਾ, ਜੀਵ ਪਿਤਾ ਦਾ ਅੱਗੇ ਤੋਰਾ॥
ਜੇ ਨਾ ਕਰਦਾ ਕ੍ਰਿਯਾ ਕੁਪਾਲ, ਤਾਂ ਬਾਪੂ ਦਾ ਸੀ ਕਾ ਹਾਲ॥
ਮੜੀਆਂ ਵਿੱਚ ਪਿਆ ਕੁਰਲਾਂਦਾ, ਧਰਮਰਾਜ ਢਿਗ ਫਿਰ ਕੋ ਜਾਂਦਾ॥

# ਅਸਲੀ ਸਿੱਖ

ਅਹੰ ਪਿਤਾ ਦੇ ਅਧਕ ਸਨੇਹੀ, ਭਲਿਆਂ ਦਾ ਕੰਮ ਹੁੰਦਾ ਏਹੀ॥
ਜੋ ਤੈਂ ਪਿਤਾ ਹੇਤ ਕਰਵਾਈ; ਅਨਮਤੀ ਦੀ ਸਿੱਖ ਕਮਾਈ॥

ਗੁਰ ਰੀਤੀ ਨੂੰ ਦਿੱਤਾ ਧੱਕਾ, ਬਣਿਆ ਅਨਮਤੀ ਤੂ ਪੱਕਾ।।
ਪਰ ਤੂੰ ਮੈਨੂੰ ਏਹ ਭੀ ਦੱਸ, ਟਾਲਵਾਲ ਕਰਕੇ ਨਹਿੰ ਨੱਸ।।
ਜੇ ਓਹ ਰਹਿੰਦਾ ਸਿਰ ਦੇ ਵਿੱਚ, ਤਾਂ ਤੈਨੂੰ ਕੀ ਕਰਦਾ ਜਿੱਚ।।
ਸਗੋਂ ਜਮਾਂ ਦੇ ਨਾਲ ਨ ਜਾਂਦਾ, ਧਰਮਰਾਇ ਤੇ ਮਾਰ ਨ ਖਾਂਦਾ।।
ਹਸਾਬ ਕਤਾਬ ਦੇਨ ਥੋਂ ਬਚਦਾ, ਰਹਿੰਦਾ ਜਿੱਥੇ ਸੀ ਮਨ ਜਚਦਾ।।
ਨਦੀ ਤਲਾਬ ਬਾਗ ਜੋ ਚੰਗੇ, ਰਹਿੰਦਾ ਓਥੇ ਹੋਇ ਨਸੰਗੇ।।
ਕੁੰਭੀ ਨਰਕ ਵਿੱਚ ਨਾ ਪੈਂਦਾ,ਅਪਨਾ ਰਸਤਾ ਆਪੇ ਲੈਂਦਾ।।
ਯਾ ਗੁਰਪੁਰ ਨੂੰ ਸਿੱਧਾ ਜਾਂਦਾ, ਜਿੱਥੇ ਜੋਰ ਨਹੀਂ ਜਮ ਪਾਂਦਾ।।
ਜੇ ਮੇਰੇ ਪਰ ਨਾਹਿੰ ਇਤਬਾਰ, ਗੁਰੂ ਗ੍ਰੰਥ ਦੇ ਬਦ ਵਿਚਾਰ।।
ਤੇਰੇ ਜਨ ਕੋ ਭੈ ਕੁਛ ਨਾਹੀ।। ਜਮ ਨਹਿ ਆਵਤ ਨੇਰੇ” ਤਾਹੀਂ।।
ਗੁਰ ਦਾ ਸਿੱਖ ਬਾਪ ਸੀ ਤੇਰਾ, ਜਿਸ ਪਰ ਜਮ ਦਾ ਨ ਸੀ ਬਖੇਰਾ।।
ਪਰ ਤੈਂ ਗੁਰ ਦੇ ਰਾਹੋਂ ਫੜਕੇ, ਜਮਦਰ ਸਿੱਟਿਆ ਹੋਇ ਨਧੜਕੇ।।
ਚੰਗੀ ਕੀਤੀ ਪਿਉ ਦੀ ਖੈਰੀ, ਪੁੱਤ ਨਹੀਂ ਤੂੰ ਡਾਢਾ ਵੈਰੀ।।
ਤੈਂ ਡੰਡੇ ਦਾ ੋਰ ਦਿਖਾਯਾ, ਪਕੜ ਜਮਾਂ ਦੇ ਅਗੇ ਲਾਇਆ।।
ਚੰਗਾ ਭਲਾ ਬਾਪ ਦਾ ਕੀਤਾ, ਕਿਸੇ ਜਨਮ ਦਾ ਬਦਲਾ ਲੀਤਾ।।
ਜਿਸਤੇ ਛੁਟਿਆ ਫੇਰ ਫਸਾਇਆ, ਉਸਨੂੰ ਲੇਖਾ ਭਰਨਾ ਆਇਆ।।
ਫਿਰ ਇੱਕ ਹੋਰ ਕੰਮ ਮੈਂ ਦੇਖਾ, ਇਸਦਾ ਭੀ ਤੂੰ ਕੱਢ ਭੁਲੇਖਾ।।
ਇੱਕ ਗਊ ਜੋ ਤੈਂ ਮਣਸਾਈ, ਅਨਮਤੀ ਦੇ ਹੱਥ ਫੜਾਈ।।
ਉਸਤੇ ਕਿਆ ਤੈਂ ਲਾਭ ਤਕਾਯਾ ? ਮੇਰੀ ਬੁੱਧੀ ਮੈਂ ਨਹੀਂ ਆਯਾ।।

## ਨਕਲੀ ਸਿੱਖ

ਏਹ ਤਾਂ ਵੱਡਾ ਇੱਕ ਅਸੂਲ, ਧਰਮ ਅਸਾਡੇ ਦਾ ਹੈ ਮੂਲ।
ਨਦੀ ਬੈਤਰਨੀ ਹੈ ਇੱਕ ਭਾਰੀ, ਰੁਧਰ ਪਾਕ ਦੀ ਵਗਦੀ ਸਾਰੀ।
ਜਦ ਪ੍ਰਾਣੀ ਉਸ ਉੱਪਰ ਜਾਵੇ, ਲਹਿਰਾਂ ਦੇਖ ਵੱਡਾ ਡਰ ਖਾਵੇ।
ਨਹਿੰ ਮਲਾਹ ਬੇੜਾ ਨਹਿੰ ਵੰਝ, ਬੈਠੇ ਨੂੰ ਪੈ ਜਾਂਦੀ ਸੰਝ।
ਕਰਦੇ ਜਮ ਗੁਰਜਾਂ ਦੀ ਮਾਰ, ਆਖਨ ਚੱਲ ਨਦੀ ਤੇ ਪਾਰ।
ਓਥੇ ਕੋਇ ਨ ਸੰਗੀ ਸਾਥੀ, ਦਿੱਸਨ ਜਮ ਖੂਨੀ ਜਿਮ ਹਾਥੀ।



ਉਸ ਮੁਕਲ ਤੇ ਜੋਇ ਛੁਡਾਵੇ, ਗਊ ਬਿਨਾਂ ਕੋਈ ਨਰ ਨ ਆਵੇ।
ਏਥੇ ਗਊ ਜਿਨੇ ਮਨਸਾਈ, ਓਥੇ ਜਾਕਰ ਭਈ ਸਹਾਈ।
ਪਕੜ ਪੂਛ ਉਤਰੇ ਜਨ ਪਾਰਾ, ਗੋਤੇ ਖਾਣੋਂ ਰਿਹਾ ਵਿਚਾਰਾ।
ਜੇਕਰ ਦਾਨ ਨਾ ਉਸਦਾ ਕਰਦਾ, ਡੁੱਬ ਨਦੀ ਦੇ ਅਦਰ ਮਰਦਾ।
ਇਸ ਕਾਰਨ ਮੈਂ ਦਾਨ ਕਰਾਯਾ, ਮਾਨੋਂ ਜਹਾ ਬਨਾਇ ਚੜ੍ਹਾਯਾ।

## ਅਸਲੀ ਸਿੱਖ

ਵਾਹਿ ਵਾਹਿ ਸਿੱਖਾਂ ਤੂੰ ਧੰਨ, ਦਿੱਤਾ ਤੁਲਾ ਬਾਪ ਨੂੰ ਬੰਨ੍ਹ।
ਪੂਤ ਸਪੂਤ ਉਹੋ ਹੈ ਭਾਈ, ਤੇਰੇ ਜੈਸੀ ਜਿਸ ਚਤਰਾਈ।
ਪਰ ਮੈਂ ਤੈਨੂੰ ਪੁੱਛਾਂ ਬਾਤ, ਨਾਲ ਸਫਾਈ ਦੱਸੀਂ ਭ੍ਰਾਤ।
ਬਾਪ ਤੁਸਾਂ ਦਾ ਪਹੁਤਾ ਦੂਰ, ਬੈਤਰਨੀ ਦੇ ਗਿਆ ਹਜੂਰ।
ਅਰ ਉਹ ਗਊ ਤੁਸਾਡੇ ਘਰਦੀ, ਦੁੱਧ ਦਹੀਂ ਦੇ ਭਾਂਡੇ ਭਰਦੀ।
ਅਬ ਲੌਂ ਖੜੀ ਅਚਾਰਜ ਦੁਵਾਰੇ, ਕਦ ਬਾਪੂ ਨੂੰ ਕਰੂ ਕਨਾਰੇ ?
ਬਿਨਾਂ ਪੂਛ ਪਕੜ ਕਿਉਂ ਤਰਸੀ, ਡੁਬਕੂੰ ਡੁਬਕੂੰ ਬਾਪੂ ਕਰਸੀ ?
ਨਦੀ ਪਾਕ ਦੀ ਠਾਠਾਂ ਮਾਰੇ, ਬਾਪ ਤੁਸਾਂ ਦਾ ਵਿੱਚ ਪੁਕਾਰੇ।
ਕੀਕੂੰ ਤਰਾਂ ਕਰਾਂ ਕਿਆ ਹੀਲਾ, ਡਰਦੇ ਦਾ ਮੁਖ ਹੋਯਾ ਪੀਲਾ।
ਗਊ ਜੀਵਤੀ ਜਸ ਲੌਂ ਪਯਾਰੇ, ਰੁੜ੍ਹਸੀ ਬਾਪੂ ਮਝਲੀ ਧਾਰੇ।
ਬੁਰਾ ਗਊ ਦਾ ਚਿਤਵੇਂ ਜਬਹੀ, ਗੋ-ਘਾਤੀ ਕਹਲਾਵੇਂ ਤਬ ਹੀ।
ਉਲਟਾ ਗਲ ਮਹਿੰ ਪਰਸੀ ਫਾਹਾ, ਅੱਛਾ ਬਾਤ ਤਰਾਵਨ ਚਾਹਾ!
ਦੂਜਾ ਹੁਨ ਇੱਕ ਹੋਰ ਘਮਡ, ਨਰ ਆਂਵਦਾ ਪਿਆ ਪਖਡ।
ਪਲੰਘ ਤੁਲਾਈ ਛੇਜ ਸਰਹਾਨੇ, ਭੂਖਨ ਬਸਤਰ ਤੈਂ ਜੋ ਲਿਆਨੇ।
ਹੱਥ ਅਚਾਰਜ ਦੇ ਕੇ ਤੇਰੇ, ਬਾਪੂ ਹੇਤ ਬਨਾਕਰ ਕੋਰੇ।
ਸੋ ਭੀ ਉਸ ਦੇ ਘਰ ਹਨ ਸਾਰੇ, ਬਾਪੂ ਤਕ ਨਹੀਂ ਪਹੁੰਚੇ ਪਯਾਰੇ।
ਜੇ ਝੂਠੀ ਹੈ ਮੇਰੀ ਗੱਲ, ਘਰ ਅਚਾਰਜ ਦੇ ਤੂੰ ਚੱਲ।
ਸਭ ਚੀਾਂ ਤੂੰ ਲਈਂ ਸਿਆਣ, ਬਾਲਕ ਛੋਟਾ ਨਹੀਂ ਅਜਾਣ।
ਪਰਦੇਸੀ ਬਾਪ ਤੋਹਿ ਕਿਆ ਕਰਸੀ, ਨੰਗਾ ਭੁੱਖਾ ਪਾਲੇ ਮਰਸੀ।
ਅਰ ਰੋਟੀ ਕਿਸ ਨਾਲ ਪਕਾਊ, ਏਧਰ ਓਧਰ ਬੈਠ ਤਕਾਊ।

ਕਦੋਂ ਪਾਰਸਲ ਆਊ ਮੇਰਾ, ਪਿੱਛੋਂ ਭੇਜਿਆ ਹੋਯਾ ਤੇਰਾ।
ਓਥੇ ਹੈ ਉਹ ਖੜਾ ਹੈਰਾਨ, ਜਿਸਦੀ ਨਾਲ ਨ ਕਿਸੇ ਸਿਆਣ।
ਕੌਣ ਓਸ ਨੂੰ ਦਊ ਸਹਾਰਾ, ਬੈਠਾ ਕੱਲਾ ਡਰੇ ਵਿਚਾਰਾ।
ਨਹੀਂ ਪਾਰਸਲ ਕੀਤੋ ਚੰਗਾ, ਕਰੂ ਸਿੱਖ ਕੀ ਓਥੇ ਨੰਗਾ।
ਅਨਮਤੀ ਜੋ ਤੁਧ ਵਕੀਲ, ਬਣਿਆ ਬਾਪੂ ਹੇਤ ਅਕੀਲ।
ਲੈ ਕੇ ਮਿਹਨਤਯਾਨਾ ਸੁੱਕਾ, ਸੋ ਘਰ ਬੈਠਾ ਪੀਵੇ ਹੁੱਕਾ।
ਓਥੇ ਪੈਰੀ ਕਰਸੀ ਕੌਣ, ਜਮ ਬਾਪੂ ਦੀ ਪਕੜੇ ਧੌਣ।
ਹੁਣ ਤੂੰ ਉਸਨੂੰ ਪੁੱਛੀਂ ਜਾ ਕੇ, ਛਡਿਆ ਕਿੱਥੇ ਬਾਪ ਪੁਚਾਕੇ।

## ਨਕਲੀ ਸਿੱਖ

ਭਾਈ ਸਿੱਖਾ ਇਹ ਤਾਂ ਸੱਚ, ਨਰ ਆਵੰਦਾ ਕੱਚੋ ਕੱਚ।
ਅਸੀਂ ਗੁਰੂ ਤੇ ਉਲਟੇ ਚੱਲੇ, ਅਨਮਤਾਂ ਦੇ ਪੈ ਗਏ ਪੱਲੇ।
ਭੇਡ ਚਾਲ ਵਿਚ ਚਲਦੇ ਆਏ, ਦਸਮ ਗੁਰੂ ਉਪਦੇ ਭੁਲਾਏ।
ਗੱਡੀ ਰਾਹ ਗਡੀਰੇ ਰਾਹਿ, ਚੱਲ ਰਹੇ ਨਾਹਿੰ ਲੱਗੇ ਵਾਹਿ।
ਅੱਗੇ ਨੂੰ ਹੋਵਾਂਗੇ ਤਕੜੇ, ਦਸਮ ਗੁਰੂ ਦਾ ਪੱਲਾ ਪਕੜੇ।
ਤੇਰੇ ਜੇਹਾ ਪਰ ਉਪਕਾਰੀ, ਦੱਸੇ ਸਿੱਖੀ ਰੀਤ ਪਯਾਰੀ।
ਤਾਂ ਸਾਨੂੰ ਸੋਝੀ ਕੁਝ ਆਊ, ਅੱਛੀ ਤਰ੍ਹਾਂ ਬੈਠ ਸਮਝਾਊ।

## ਅਸਲੀ ਸਿੱਖ

ਓਹ ਤਾਂ ਛੱਡ ਦੇਹ ਤੂੰ ਝੇੜੇ, ਏਹ ਕੀ ਕਰਦਾ ਹੋਰ ਬਖੇੜੇ।
ਰਿੱਝਨ ਖੀਰਾਂ ਪੂਰੀ ਪੱਕੇ, ਬੋਦੀ ਵਾਲਾ ਓਧਰ ਤੱਕੇ।
ਚੌਂਕਾ ਪਾਈ ਬੈਠਾ ਨੰਗਾ, ਢੰਗ ਭੂਤਨੇ ਜੇਹਾ ਚੰਗਾ।
ਹੌਲੇ ਹੌਲੇ ਚੌਂਕਾ ਪੂਰੇ, ਤੇਰੇ ਮੁਡਿਆਂ ਨੂੰ ਉਹ ਘੂਰੇ।
ਆਖੇ ਚੌਂਕੇ ਤੇ ਹਟ ਜਾਓ, ਮੇਰੇ ਖਾਧੇ ਪਿੱਛੇ ਖਾਓ।
ਬੈਠਾ ਹੋ ਕੇ ਘਰ ਦਾ ਮਾਲਿਕ, ਭੁੱਖੇ ਮਰਦੇ ਤੇਰੇ ਬਾਲਿਕ।
ਕਈ ਤਰਾਂ ਦੀ ਬਨੇ ਰਸੋਈ, ਜੁੜੀ ਆਨਕਰ ਸੰਗਤ ਸੋਈ।
ਖਾਇ ਖਾਇ ਕਰ ਪੇਟ ਹਲੂਣੇ,ਜਿੱਕਰ ਹਿਲਦੇ ਬੋਰੇ ਊਣੇ।



ਇਸ ਦੇ ਭਾ ਦਾ ਅੱਜ ਸੁਕਾਲ, ਤੈਨੂੰ ਪਿਆ ਸਤਾਰ੍ਹਾ ਕਾਲ।
ਅਰ ਕਾਵਾਂ ਦੀ ਕਿਤਨੀ ਡਾਰ, ਬਨੀ ਮਨੇਰੇ ਲਾਇ ਕਤਾਰ।
ਕਹੇ ਉਨ੍ਹਾਂ ਨੂੰ ਤੂੰ ਕੋਵੰਸ, ਆਪ ਉਨ੍ਹਾਂ ਦਾ ਬਣਦਾ ਅਸ।
ਸੱਦ ਸੱਦ ਕੇ ਪਿਆ ਖੁਲਾਵੇਂ, ਅਰ ਕਾਲੇ ਕੁੱਤਿਆਂ ਨੂੰ ਪਾਵੇਂ।
ਬਾਲ ਬੱਚੇ ਦੀ ਖਬਰ ਨ ਲੇਵੇਂ, ਹੋਰ ਕੁ-ਜਿਨਸਾਂ ਗੱਫੇ ਦੇਵੇਂ।
ਫਿਰ ਤੈਂ ਰੂਪ ਬਨਾਇਆ ਐਸਾ, ਹੁੰਦਾ ਕੋਈ ਅਨੋਭੜ ਜੈਸਾ।
ਅਰ ਤੈਂ ਕੱਛ ਉਤਾਰ ਧਰਾਈ, ਸੂਤਰ ਦੀ ਰੱਸੀ ਗਲ ਪਾਈ।
ਫਿਰ ਸਿਰ ਤੋਂ ਦਸਤਾਰ ਉਤਾਰੀ, ਕਿਯੋਂ ਤੈਂ ਅਪਨੀਸ਼ਕਲ ਵਿਗਾਰੀ।
ਇਸਦੀ ਮੈਨੂੰ ਸਮਝ ਨ ਆਈ, ਜੋ ਘਰ ਵਿੱਚ ਤੈਂ ਛਿੰਜ ਪਵਾਈ।
ਇਸਦਾ ਭੀ ਕੁਝ ਹਾਲ ਸੁਨਾਓ, ਮੇਰੇ ਮਨ ਦਾ ਭਰਮ ਮਿਟਾਓ।

## ਨਕਲੀ ਸਿੱਖ

ਸੁਣ ਸਿੱਖਾ ਮੈਂ ਤੈਨੂੰ ਦੱਸਾਂ, ਜਗਤ ਰੀਤ ਤੇ ਕਿੱਥੇ ਨੱਸਾਂ।
ਅੱਜ ਬਾਪ ਦਾ ਹਈ ਸਰਾਧ, ਆਨ ਪਈ ਗਲ ਵੱਡੀ ਉਪਾਧ।
ਪਾਂਧਾ ਆਇ ਅਸਾਡੇ ਘਰ ਦਾ, ਚੌਂਕੇ ਬੈਠ ਰਸੋਈ ਕਰਦਾ।
ਪਗੜੀ ਕੱਛ ਉਤਾਰੀ ਜੋਈ, ਇਸਦਾ ਭੇਦ ਸੁਣੋ ਜੋ ਹੋਈ।
ਪਹਲੇ ਵਡੇ ਹਮਾਰੇ ਜੇਤੇ, ਸਹਿਜ ਧਾਰੀਏ ਕਹੀਅਤ ਤੇਤੇ।
ਧੋਤੀ ਜੰਞੂ ਤਿਨਕਾ ਚਿੰਨ੍ਹ, ਜਿਸਤੇ ਹੋਵਨ ਸੋ ਪ੍ਰਸੰਨ।
ਤਿਨਕੀ ਖੁਸ਼ੀ ਲੈਨ ਹਿਤ ਭਾਈ, ਪਗੜੀ ਕੱਛ ਅਸਾਂ ਉਤਰਾਈ।
ਜਾਂ ਤੇ ਪਿਤਰ ਨ ਕਰਹੈਂ ਰੋਸਾ, ਕਹੋ ਯਾਂਹ ਮੇਂ ਹੈ ਕਾ ਦੋਸਾ ?

## ਅਸਲੀ ਸਿੱਖ

ਤੂੰ ਤਾਂ ਸਿੱਖਾ ਵਡਾ ਸੁਜਾਨ, ਯੁਕਤੀ ਉਕਤੀ ਮਹਿੰ ਪਰਧਾਨ।
ਤੈਂ ਵਡਿਆਂ ਨੂੰ ਖੂਬ ਰਿਝਾਯਾ, ਪਰ ਪੂਰਾ ਨਹਿੰ ਸਾਜ ਸਜਾਯਾ।
ਸਹਿਜ ਧਾਰੀਏ ਪਿਤਰ ਤੁਮਾਰੇ, ਜਾਨ ਹਜਾਮਤ ਪਰ ਬਲਹਾਰੇ।
ਸੋ ਕਾਰਜ ਤੈਂ ਕਿਉਂ ਨਾ ਕੀਆ, ਪੂਰਾ ਵਰ ਨਹਿੰ ਤਿਨਤੇ ਲੀਆ।
ਤਾਂਤੇ ਝਬਦੇ ਕਰਲੈ ਭਾਈ, ਜਿਉਂ ਰੀਝੇ ਤਿਉਂ ਲੇਹੁ ਰਿਝਾਈ।

ਦਾੜ੍ਹੀ ਸਿਰ ਚੱਟਮ ਕਰਵਾਓ, ਅਸਲੀ ਸੂਰਤ ਕਰ ਦਿਖਲਾਓ।
ਨਾਤਰ ਪਿਤਰ ਤੁਮਾਰਾ ਕਊਆ, ਸਮਝ ਪੂਤ ਬਨ ਹੈ ਭਊਆ।
ਪਰ ਇਕ ਮੈਨੂੰ ਇਹ ਭੀ ਦੱਸੀਂ, ਰਮਿਦਾ ਹੋ ਕੇ ਨਹਿੰ ਨੱਸੀਂ।
ਨਾਲ ਸਫਾਈ ਦੇ ਸਭ ਦੱਸ, ਮਨ ਮਤ ਦੇ ਸਿਰ ਪਾਕੇ ਭੱਸ।
ਕਾਗ ਸ੍ਵਾਨ ਮਾਨਸ ਜੋ ਖਾਵੇ, ਮਲ ਮੂਤਰ ਤਿਸ ਤੁਰਤ ਬਨਾਵੇਂ।
ਕੀ ਬਾਪੂ ਨੂੰ ਮਿਲਸੀ ਭਾਈ, ਕੋ ਕੁਛ ਵਸਤ ਉਨ੍ਹਾਂ ਨੇ ਖਾਈ ?
ਕਾ ਓਹ ਪੇਟ ਵਿਚ ਹੀ ਆਕੇ, ਬਾਹਰ ਜਾਵਨ ਭੋਜਨ ਖਾਕੇ ?
ਯਾ ਪੇਟੋਂ ਜਦ ਬਾਹਰ ਜਾਵੇ, ਓਥੇ ਪਿਤਰ ਭੋਗ ਆ ਲਾਵੇ ?
ਜੇ ਅਦਰ ਓਹ ਖਾਵਨ ਆਊ, ਦੱਸ ਰੂਪ ਕਿਆ ਤਦੋਂ ਬਨਾਊ।
ਜਿਦ ਕਿਰਮ ਉਦਰ ਕਾ ਹੋਵੇ, ਗੰਦੀ ਜਗ੍ਹਾ ਜੋਇ ਖਲੋਵੇ।
ਜੇ ਬਾਹਰ ਆ ਕੇ ਓਹ ਭੱਖੇ, ਤੌਂ ਕਊਆ ਕੂਕਰ ਹੋ ਚੱਖੇ।
ਸੂਕਰ ਭੇਡ ਅਹੇ ਮਲ ਹਾਰੀ, ਅਹੋ ਪਿਤਰ ਦੇਹੀ ਕਿਆ ਧਾਰੀ।
ਅਧਮ ਜੂਨਿ ਪਿਤਰੋਂ ਨੇ ਪਾਯੋ, ਜਾਂ ਤੇ ਤਰਸ ਨ ਤੋ ਕੋ ਆਯੋ?
ਪੁਨਹਿ ਔਰ ਇੱਕ ਭੇਦ ਸੁਨਾਊਂ, ਜਾਂ ਤੇ ਤੁਮਕੋ ਮੈਂ ਸਮਝਾਊ।
ਕਹੋ ਕਰਮ ਗਤ ਕਰ ਪਿਤ ਤੋਹੀ, ਗਯੋ ਨਰਕ ਮਹਿੰ ਜਹਿ ਜਮ ਦ੍ਰੋਹੀ।
ਖਾਵਨ ਪੀਵਨ ਕੋ ਕੁਛ ਨਾਹੀਂ, ਮਾਰਤ ਜਮ ਕੇ ਦੂਤ ਤਹਾਂਹੀ।
ਹਾਇ ਹਾਇ ਮੁਖ ਕਰਾ ਪੁਕਾਰੇ, ਜਬ ਜਮ ਕਿੰਕਰ ਚਾਬੁਕ ਮਾਰੇ।
ਅਗਨ ਥੰਭ ਸੇ ਤਾਂ ਕੋ ਬਾਂਧੇ, ਦੇ ਸੂਏ ਦ੍ਰਿਗ ਕੀਨੇ ਆਂਧੇ।
ਕਰਤ ਬ੍ਲਾਪ ਕਟ ਤਨ ਭਾਰੀ, ਤ੍ਰਾਹ ਤ੍ਰਾਹ ਮੁਖ ਕਰੇ ਉਚਾਰੀ।
ਧਰਮਰਾਇ ਦੇ ਦੂਤ ਅਪਾਰੇ, ਖੜੇ ਦ੍ਵਾਰ ਪਰ ਅਤਿ ਬਲਧਾਰੇ।
ਸੋ ਤੇਰੀ ਜੋ ਬਨੀ ਰਸੋਈ, ਪਿਤਰਨ ਪਾਸ ਪੁਚਾਵੇ ਕੋਈ।
ਪੂਰੀ ਖੀਰ ਮਠਾਈ ਮਡੇ, ਖਾਹਿੰ ਖੋਸ ਯਮ ਮਾਰਨ ਡੰਡੇ।
ਤੌਂ ਭੀ ਬਾਪੂ ਭੁੱਖਾ ਮਰਸੀ, ਨਹੀਂ ਸਹਾਇ ਤਾਂਹਿ ਕੋ ਕਰਸੀ।
ਅਰ ਜੇ ਕਰ ਵੁਹ ਪੁਨ ਪ੍ਰਤਾਪੂ, ਗਯੋ ਸ੍ਵਰਗ ਮਹਿ ਪਿਆਰਾ ਬਾਪੂ।
ਤੌਂ ਤਿਸਕੋ ਬਹੁ ਬਿੰਜਨਹਾਰੇ, ਸਦਾ ਸ੍ਵਰਗ ਮਹਿ ਰਹਿਤ ਪਿਆਰੇ।
ਤੌਂ ਬਿੰਜਨ ਭੋਜਨ ਕੋ ਤਾਗੇ, ਤੁਮਰੀ ਰੋਟੀ ਖਾਵਨ ਲਾਗੇ ?
ਜਾ ਮਹਿੰ ਹੀਂਗ ਲਗਾਯੋ ਤੜਕਾ, ਮ੍ਰਿਚਾਂ ਖਾਇ ਰਿਦਾ ਜਹਿ ਧਰਕਾ।



ਐਸੀ ਦਾਲ ਨਿਮਕ ਕਮ ਿਦਾ, ਕਿਉਂ ਖਾਏ ਸੁਖ ਕਰ ਬਰਬਾਦਾ।
ਦਹੀ ਮਾਂਹਿੰ ਜੋ ਧਰੀ ਪਕੌੜੀ, ਸੋ ਭੀ ਹੋਇ ਗਈ ਅਬ ਕੌੜੀ।
ਕਾਚੇ ਪਾਕੇ ਮਡੇ ਚਾਵਲ, ਖਾਵਨ ਕੋ ਵੁਹ ਹੋਇ ਉਤਾਵਲ।
ਕਹੋ ਲੋੜ ਤਾਂਕੋ ਕਿਆ ਭਾਈ, ਅਰ ਇਸ ਮਹਿੰ ਹੈ ਕਿਆ ਚਤਰਾਈ ?
ਰਤਨ ਤਿਆਗ ਕੌਡੀ ਕੋ ਲੋਰੇ, ਬੇਰਨ ਹੇਤ ਆਂਬ ਕੋ ਛੋਰੇ ?
ਅਰ ਜੇ ਕਰਮ ਗਤੀ ਵਸ ਸੋਈ, ਗਰਧਬ ਤਨ ਕੋ ਧਾਰੇ ਜੋਈ।
ਪੀਠ ਭਾਰ ਲੈ ਮਾਰਗ ਜਾਵੇ, ਪਾਛੇ ਦੰਡ ਕੁੰਭਾਰ ਲਗਾਵੇ।
ਸਾਰਾ ਦਿਨ ਐਸੀ ਗਤ ਹੋਵਤ, ਭਾਰ ਤਲੇ ਨਿਜ ਤਨ ਕੋ ਖੋਵਤ।
ਸਾਂਝ ਪਰੀ ਖੂਟੇ ਸੇ ਬਾਂਧੇ, ਖੜੋ ਹਾਰ ਜਨ ਟੂਟੇ ਕਾਂਧੇ।
ਰੂਖਾ ਸੂਖਾ ਘਾਸ ਨਿਕਾਰਾ, ਧਰੋ ਆਣ ਕੇ ਤਾਂਹਿ ਅਗਾਰਾ।
ਜਾਂ ਤੇ ਦਿਨ ਕੀ ਭੂਖ ਸਤਾਯੋ, ਅਮ੍ਰਿਤ ਕਰ ਤਾਂ ਨੇ ਵੁਹ ਖਾਯੋ।
ਐਸੇ ਸਮਯ ਤੁਮਾਰੀ ਪੂਰੀ, ਕੈਸੇ ਜੈਹੈ ਤਾਂਹਿ ਹੂਰੀ?
ਹੁਣ ਤੂੰ ਦੱਸ ਪਿਤਾ ਨੂੰ ਪਿਆਰੇ, ਕਿਆ ਸੁਖ ਦੇਵਨ ਯਤਨ ਤੁਮਾਰੇ ?

# ਨਕਲੀ ਸਿੱਖ

ਤੇਰੇ ਬਚਨ ਸੱਤ ਹਨ ਭਾਈ, ਜਿਨ ਮਹਿੰ ਸੰਕਾ ਅਹੇ ਨ ਰਾਈ।
ਪਰ ਤੇਰੀ ਕਥਨੀ ਤੇ ਭਰਾਤ, ਸਿੱਧ ਹੋਰ ਹੁੰਦੀ ਹੈ ਬਾਤ।
ਜੋ ਮੈਂ ਤੈਨੂੰ ਦੱਸਾਂ ਖੋਲ, ਅਦਰ ਢੋਲ ਵਜੇਂਦੀ ਪੋਲ।
ਹਿੰਦੂ ਧਰਮ ਕਰਮ ਹੈ ਜੇਤਾ, ਸਾਥੋਂ ਪਿਆ ਛੁਡਾਵੇਂ ਤੇਤਾ।
ਆਖੇ ਇਨਕਾ ਪਥ ਤਿਆਗੋ, ਅਪਨੇ ਗੁਰ ਕੇ ਮਾਰਗ ਲਾਗੋ।
ਵੇਦ ਸਿਤ੍ਰ ਸਿੰਮ੍ਰਿਤ ਜੇਤੇ, ਤਿਆਗ ਕਰੋ ਮਨ ਤੇ ਸਭ ਤੇਤੇ।
ਤਿਨਕੀ ਜਗਾ ਗ੍ਰੰਥ ਜੂ ਮਾਨੋ, ਸਭ ਬਿਵਹਾਹ ਤਾਹਿੰ ਤੋ ਠਾਨੋ।
ਅਰ ਅਵਤਾਰ ਜਿਤ ਹੋ ਗਏ, ਰਾਮ ਕ੍ਰਿਨ ਆਦਿਕ ਜੋ ਭਏ।
ਤਿਨਕੋ ਹਮ ਨਹਿੰ ਮਾਨੇਂ ਕੋਈ, ਗੁਰ ਹੀ ਕੋ ਮਨ ਧਾਰੇਂ ਸੋਈ।
ਪਰ ਇਸ ਮੇਂ ਹੈ ਤੇਰਾ ਵਾਧਾ, ਜਿਸ ਤੇ ਐਵੇਂ ਤੈਂ ਸਿਰ ਖਾਧਾ।
ਅਸਲੀ ਤੱਤ ਨ ਤੋਹਿ ਵਿਚਾਰਾ, ਜੋ ਕੁਛ ਨਿਸਚਾ ਅਹੇ ਹਮਾਰਾ।
ਵੇਦਨ ਕੋ ਟੀਕਾ ਗੁਰ ਗ੍ਰੰਥ, ਸੁਗਮ ਬਨਾਇ ਦਿਖਾਇਆ ਪਥ।
ਤਾਂ ਤੇ ਅਸਲ ਵੇਦ ਹੈਂ ਭਾਈ, ਯਹ ਤਿਨਕੀ ਇੱਕ ਨਕਲ ਬਨਾਈ।

ਤੂੰ ਅਸਲੀ ਤੇ ਪਿਆ ਹਟਾਵੇਂ, ਨਕਲ ਉਤਾਰੀ ਪਰ ਮਨ ਲਾਵੇਂ।
ਸੋ ਅੱਛੀ ਯਹ ਬਾਤ ਨ ਪਿਆਰੇ, ਅਰ ਆਵਤ ਮਨ ਨਾਹਿੰ ਹਮਾਰੇ।
ਸੰਸਕ੍ਰਿਤ ਪੜ੍ਹਨੀ ਥੀ ਔਖੀ, ਵਹੀ ਗੁਰੂ ਜੀ ਕੀਨੀ ਸੌਖੀ।
ਤਾਂਤੇ ਗ੍ਰੰਥ ਵੇਦ ਅਨਸਾਰੀ, ਮਾਨਤ ਬੁੱਧੀ ਮੀਤ ਹਮਾਰੀ।
ਤੁਮਰੀ ਬਾਤ ਨਹੀਂ ਮਨ ਭਾਵੈ, ਗ੍ਰੰਥ ਵੇਦ ਮੈਂ ਭੇਦ ਦਿਖਾਵੈ।
ਗੁਰੂ ਗ੍ਰੰਥ ਵਿਚ ਵੇਦ ਵਡਾਈ ਗੁਰੂਅਨ ਅਪਨੇ ਮੁਖ ਤੇ ਗਾਈ।
ਜੋ ਮੈਂ ਤੈਨੂੰ ਭਾਖ ਸੁਨਾਵਾਂ, ਤੇਰੇ ਮਨ ਦਾ ਭਰਮ ਗੁਵਾਵਾਂ।।
ਜਪੁਜੀ ਸਾਹਿਬ ਮਹਿ ਯਹ ਗਾਈ, ਜਿਸ ਮਹਿ ਵੇਦਨ ਕੀ ਵਡਿਆਈ।
ਅਹਰਣਿ ਮਤ ਵੇਦੁ ਹਥੀਆਰੁ", ਇਸ ਨੂੰ ਸੋਚੀਂ ਨਾਲ ਪਿਆਰ।
ਫਿਰ ਤੂੰ ਬਦ ਸੁਨੀ ਇੱਕ ਹੋਰ। ਜਿਸ ਤੇ ਮਨ ਦਾ ਕੱਢੀਂ ਚੋਰ।
ਓਅਕਾਰਿ ਬੇਦ ਨਿਰਮਏ।। ਓਅਕਾਰ ਸੈਲ ਜੁਗ ਭਏ"।।
ਇਸ ਤੇ ਤੈਂ ਸਮਝੀ ਇਹ ਬਾਤ, ਈਸ਼੍ਵਰ ਬਾਣੀ ਵੇਦ ਬਤਾਤ।
ਫਿਰ ਇੱਕ ਬਦ ਔਰ ਹੈ ਭਾਈ, ਜਿਸ ਪਰ ਵੇਦਨ ਕੀ ਸਚਿਆਈ।
ਪ੍ਰਗਟ ਹੋਤ ਜਗਤ ਕੇ ਮਾਹੀਂ, ਖਡਨ ਕਰਤ ਜਾਹਿੰ ਕੋ ਨਾਹੀਂ,
ਦੋਹਰਾ-ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੇ।
ਗੁਰੂ ਗ੍ਰੰਥ ਵੇਦਾਂ ਦੀ ਬਾਬਤ ਐਸੇ ਬਦ ਉਚਾਰੇ।
ਜੇ ਸੱਚੇ ਇਨ ਵੇਦ ਕੋ ਭਾਖੇ ਗੁਰੂ ਗ੍ਰੰਥ।
ਤਾਂ ਤੂੰ ਕਿਆ ਝਗੜਾ ਕਰੇਂ ਉਲਟਾ ਕਰਕੇ ਪਥ?
ਪੁਨਃ ਜੋ ਰਾਮ ਆਦਿਕ ਅਵਤਾਰ, ਤਿਨ ਕੋ ਭੀ ਤੂੰ ਦੇਖ ਵਿਚਾਰ।
ਥੇ ਗੁਰੂਅਨ ਕੇ ਵਡੇ ਵਡੇਰੇ, ਦਸਮ ਗੁਰੂ ਜੀ ਜੈਸੇ ਟੇਰੇ।
ਸੂਰਜ ਵੰਸੀ ਆਪ ਕਹਾਏ, ਰਘੁਵੰਸੀ ਨਿਜ ਮੁਖੋਂ ਅਲਾਏ।
ਫਿਰ ਤੂੰ ਤਿਨਕੋ ਪੂਜਨ ਜੋਈ, ਤਿਆਗ ਕਰਾਵਤ ਸਿੱਖਨ ਸੋਈ।
ਯਹ ਭੀ ਹੈ ਲਤੀ ਵਡਭਾਰੀ, ਪਹੁੰਚੀ ਜਹਿ ਨਹਿੰ ਅਕਲ ਤੁਮਾਰੀ।
ਫਿਰ ਯਹ ਸਿੱਖ ਕੌਮ ਜੋ ਗਾਵੈਂ, ਸਭ ਸੇ ਜੁਦੀ ਜਾਹਿ ਬਤਲਾਵੈਂ।
ਸੋ ਭੀ ਨਹੀਂ ਠੀਕ ਸੁਨ ਭਾਈ, ਮੈਂ ਤੈਨੂੰ ਦੇਵਾਂ ਸਮਝਾਈ।
ਬਨੇ ਸਿੱਖ ਜਗ ਭੀਤਰ ਜੇਤੇ, ਹਿੰਦੂ ਕੌਮ ਮਾਹਿੰ ਤੇ ਤੇਤੇ।
ਅਰ ਤਿਸ ਹੀ ਕੀ ਹੈਂ ਯਹ ਾਖ, ਜਿਸ ਤੇ ਜੁਦਾ ਪਥ ਮਤ ਆਖ।
ਤਾਂਤੇ ਤੇਰੇ ਕਥਨ ਪਿਆਰੇ, ਮਨਨ ਜੋਗ ਨਹੀਂ ਹਨ ਸਾਰੇ।



# ਅਸਲੀ ਸਿੱਖ

ਦੋਹਿਰਾ- **ਇਹ ਜਿਤਨਾ ਤੈਂ ਆਖਿਆ ਦਿਲ ਦਾ ਸਾਰਾ ਹਾਲ।**
**ਹਿੰਦੂ ਧਰਮ ਅਰ ਵੇਦ ਨੂੰ ਸਮਝੇਂ ਅਪਨੀ ਢਾਲ।**

**ਚੌਪਈ**

**ਸੁਨ ਸਿੱਖਾ ਮੈਂ ਤੁੱਧ ਸੁਨਾਵਾਂ, ਵੇਦਨ ਤੇ ਨਾ ਤੁੱਧ ਹਟਾਵਾਂ।**
**ਅਰ ਹਿੰਦੂ ਜੌਂ ਧਰਮ ਪਿਆਰੇ, ਮੈਂ ਨਾ ਆਖਾਂ ਬੈਠ ਵਿਸਾਰੇ।**
**ਜੋ ਮੇਰਾ ਮਤਲਬ ਹੈ ਭਾਈ, ਸੋ ਸੁਨਕੇ ਮਨ ਮਾਂਹਿੰ ਵਸਾਈ।**
**ਮੈਂ ਤੈਨੂੰ ਦ੍ਰਿਟਾਂਤ ਸੁਨਾਵਾਂ, ਤਿਸ ਉੱਪਰ ਹੀ ਤੁੱਧ ਚਲਾਵਾਂ।**
**ਦੇਖ ਜਗਤ ਮਹਿੰ ਦੀਨ ਈਸਾਈ, ਕਿਤਨੀ ਬਰਕਤ ਹੈ ਜਿਨ ਪਾਈ।**
**ਚਾਰ ਕੁੰਟ ਮਹਿੰ ਡੰਕਾ ਬਾਜੇ, ਸਭ ਤੇ ਵਡੇ ਸਦਾਉਨ ਰਾਜੇ।**
**ਵੱਡੀ ਕੌਮ ਜਗ ਮਾਹਿੰ ਕਹਾਈ, ਦੇਖ ਭਲਾ ਉਹ ਕਿੱਥੋਂ ਆਈ।**
**ਠਾਰਾਂ ਸੈ ਅਠਾਨਵੇਂ ਸਾਲ, ਏਸ ਬਨੀ ਕੋ ਹੋਇਆ ਲਾਲ।**
**ਇਤਨੇ ਅਰਸੇ ਅਦਰ ਭਾਈ, ਦੇਖ ਉੱਨਤੀ ਕਿਤਨੀ ਪਾਈ।**

**ਵਾਰਤਕ**

ਇਸ ਦਾ ਭਾਵ ਇਹ ਹੈ ਕਿ ਮਸੀਹ ਤੇ ਪਹਿਲੇ ਉਸ ਦੇਸ ਦੇ ਲੋਗ ਯਹੂਦੀ ਕਹਾਉਂਦੇ ਸੇ, ਜੋ ਅੱਜ ਕੱਲ ਭੀ ਹਨ। ਉਨ੍ਹਾਂ ਦੇ ਨਬੀ ਮੂਸਾ ਕਲੀਮੁੱਲ੍ਹਾ, ਸੁਲੇਮਾਣ, ਕਿਰੀਆ, ਯਸਾਇਆ ਅਤੇ ਲੂਤ ਆਦਿਕ ਸੇ। ਉਨ੍ਹਾਂ ਲੋਕਾਂ ਦੀ ਇਲਹਾਮੀ ਕਤਾਬ ਤੌਰੇਤ ਅਤੇ ਬੂਰ ਸੀ। ਉਹ ਲੋਗ ਅਪਨੇ ਆਪ ਨੂੰ ਹਰਤ ਮੂਸਾ ਦੇ ਦਾਸ ਸਮਝਦੇ ਸਨ ਅਤੇ ਅਪਨੀ ਕੌਮ ਯਹੂਦੀ ਜਾਨਦੇ ਸਨ।

ਉਸੀ ਦੇਸ ਦੇ ਹਿੱਸੇ ਵਿੱਚ ਇਕ ਮਹਾਤਮਾਂ ਨੇ ਜਨਮ ਲੀਤਾ ਜਿਸ ਦਾ ਨਾਉਂ ਈਸਾ ਮਸੀਹ ਰੱਖਿਆ ਗਿਆ। ਉਸ ਨੇ ਉਸ ਸਮ ਦੀਆਂ ਕੁਰੀਤੀਆਂ ਨੂੰ ਦੇਖਕੇ ਦੂਰ ਕਰਨਾ ਚਾਹਿਆ। ਉਸ ਸਮੇਂ ਜੋ ਲੋਗ ਉਸ ਦੇ ਨਾਲ ਸੇਵਕ ਹੋ ਕੇ ਰਹਨ ਲੱਗੇ ਉਨ੍ਹਾਂ ਦਾ ਨਾਉਂ ਈਸਾਈ ਰੱਖਯਾ ਗਿਆ। ਿਲ ਇਹ ਹੋਇਆ ਜੋ ਉਨ੍ਹਾਂ ਦੀ ਯਹੂਦੀਆਂ ਵਿਚੋਂ ਇਕ ਈਸਾਈ ਕੌਮ ਬਨ ਕੇ ਸੰਸਾਰ ਪਰ ਖੜੀ ਹੋ ਗਈ। ਪਰੰਤੂ ਯਹੂਦੀਆਂ ਵਿਚੋਂ ਹੋਣੇ ਕਰਕੇ ਉਸ ਕੌਮ ਨੇ ਇਹ ਨਹੀਂ ਆਖਿਆ ਯਾ ਖਿਆਲ ਕੀਤਾ ਕਿ ਅਸੀਂ ਯਹੂਦੀ ਈਸਾਈ ਹਾਂ, ਭਾਵੇਂ ਮੂਸਾਦਿਕ ਪੈਗੰਬਰਾਂ ਨੂੰ ਅਪਨੇ ਪੁਰਾਨੇ

ਯਾ ਪਹਿਲੇ ਪੈਂਬਰ ਜਾਨ ਕੇ ਉਸੀ ਪ੍ਰਕਾਰ ਉਨ੍ਹਾਂ ਦੀ ਇੱਤ ਕੀਤੀ ਹੈ ਪਰੰਤੂ ਫੇਰ ਭੀ ਉਨ੍ਹਾਂ ਨੇ ਇਹ ਨਹੀਂ ਆਖਿਆ ਕਿ ਅਸੀਂ ਮੂਸਾਈ ਹਾਂ। ਓਹ ਆਪ ਨੂੰ ਈਸਾ ਦੇ ਹੀ ਮਨਦੇ ਹਨ। ਦੂਸਰਾ ਪੁਰਾਨੇ ਨਬੀਆਂ ਦੀਆਂ ਸਾਰੀਆਂ ਕਿਤਾਬਾਂ ਨੂੰ ਕੱਠਾ ਕਰਕੇ ਉਸ ਦਾ ਨਾਮ ਪੁਰਾਨਾ ਅਹਦਨਾਮਾ ਰੱਖ ਦਿੱਤਾ ਅਤੇ ਅਪਨੀ ਅਜੀਲ ਨੂੰ ਨਵਾਂ ਅਹਦਨਾਮਾ ਕਰਕੇ ਲੋਕਾਂ ਪਰ ਪ੍ਰਗਟ ਕਰਦੇ ਹਨ। ਅੱਜ ਤਕ ਉਸ ਪੁਰਾਨੇ ਅਹਤਨਾਮੇਂ ਨੂੰ ਜੋ ਤੌਰੇਤ ਬੂਰ ਆਦਿਕ ਹੈ ਇਲਹਾਮੀ ਮਨਕੇ ਭੀ ਕੋਈ ਈਸਾਈ ਇਹ ਨਹੀਂ ਆਖਦਾ ਕਿ ਅਜੀਲ ਇਨ੍ਹਾਂ ਦਾ ਤਰਜਮਾਂ ਹੈ ਯਾ ਅਜੀਲ ਇਨ੍ਹਾਂ ਵਿਚੋਂ ਨਿਕਲੀ ਹੈ।

ਇਸੀ ਪ੍ਰਕਾਰ ਮੁਸਲਮਾਨ ਕੌਮ ਦੇ ਬਾਨੀ ਹਰਤ ਮਹੁੰਮਦ ਸਾਹਿਬ ਹਨ ਜਿਨ੍ਹਾਂ ਨੂੰ ਹੋਇਆ ਤੇਰਾਂ ਸੌ ਸਾਲ ਤੋਂ ਵਧ ਸਮਾਂ ਹੋ ਗਿਆ ਹੈ। ਤੁਸੀਂ ਦੇਖ ਲੇਵੋ ਜੋ ਇਹ ਕੌਮ ਕਿਤਨੀ ਕੁ ਵਧੀ ਹੈ

ਇਹ ਪਿਛਲੇ ਸਾਰੇ ਪੈਂਬਰਾਂ ਨੂੰ ਅਤੇ ਹਰਤ ਈਸਾ ਨੂੰ ਰੂਹ-ਅੱਲ੍ਹਾ" ਅਰਥਾਤ ਅੱਲ੍ਹਾ ਦਾ ਰੂਹ ਮਨਦੇ ਹਨ ਅਰ ਉਨ੍ਹਾਂ ਪੁਰਾਣੀਆਂ ਕਿਤਾਬਾਂ ਨੂੰ ਭੀ ਅਜੀਲ ਸਮੇਤ ਮਨਕੇ ਫਿਰ ਇਹ ਨਹੀਂ ਆਖਦੇ ਕਿ ਸਾਡਾ ਨਬੀ ਮੂਸਾ ਹੈ ਯਾ ਈਸਾ ਹੈ, ਅਰ ਇਹ ਭੀ ਨਹੀਂ ਆਖਦੇ ਕਿ ਸਾਡੀ ਕਿਤਾਬ ਅਜੀਲ ਯਾ ਤੌਰੇਤ ਹੈ, ਕਿੰਤੂ ਓਹ ਸਾਫ ਆਖਦੇ ਹਨ।

ਕਿ ਭਾਵੇਂ ਕਦੇ ਓਹ ਸਾਡੇ ਪੁਰਾਣੇ ਨਬੀ ਅਤੇ ਪੁਰਾਣੇ ਇਲਹਾਮ ਪੁਸਤਕ ਸੇ, ਪਰੰਤੂ ਅੱਜਕੱਲ ਸਾਡੇ ਵਾਸਤੇ ਹਰਤ ਮਹੰਮਦ ਸਾਹਿਬ ਨਬੀ ਅਤੇ ਕੁਰਾਨ ਹੀ ਇਲਹਾਮੀ ਕਿਤਾਬ ਹੈ, ਇਸ ਤੇ ਬਿਨਾਂ ਹੋਰ ਕੋਈ ਨਹੀਂ ਹੈ। ਏਹੋ ਕਾਰਨ ਹੈ ਜੋ ਇਨ੍ਹਾਂ ਦੋਨਾਂ ਕੌਮਾਂ ਨੇ ਅਪਨਾ ਜੁਦਾ ਝੰਡਾ ਗੱਡਕੇ ਸੰਸਾਰ ਪਰ ਰੌਣਕ ਪਾਈ ਹੈ।

ਸੋ ਭਾਈ ਮੈਂ ਭੀ ਤੈਨੂੰ ਏਸੇ ਤਰ੍ਹਾਂ ਆਖਦਾ ਹਾਂ ਕਿ ਤੂੰ ਵੇਦ ਨੂੰ ਬੇਕ ਪੁਰਾਣਾ ਅਹਦਨਾਮਾ ਤੌਰੇਤ ਬੂਰ ਵਾਂਗਰ ਮਨ ਅਰ ਪੁਰਾਨੇ ਅਵਤਾਰਾਂ ਨੂੰ ਭੀ ਮੂਸਾ ਸੁਲੇਮਾਨ ਵਾਂਗ ਅਪਨੇ ਬੁਰਗ ਜਾਨ, ਅਰ ਅਪਨੇ ਆਪ ਨੂੰ ਹਿੰਦੂ ਕੌਮ ਵਿਚੋਂ ਹੀ ਬਨਿਆਂ ਹੋਇਆ ਸਮਝ, ਪਰੰਤੂ ਤੂੰ ਅਪਨਾ ਸੱਚਾ ਅਵਤਾਰ ਯਾ ਸੱਚਾ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਮਨ ਅਤੇ ਅਪਨਾ ਧਰਮ ਪੁਸਤਕ ਗੁਰੂ ਗ੍ਰੰਥ ਸਾਹਿਬ ਨੂੰ ਜਾਨ। ਇਸੀ ਪ੍ਰਕਾਰ ਆਪਣੀ ਖਾਲਸਾ ਕੌਮ ਭੀ ਇਨ੍ਹਾਂ ਕੌਮਾਂ ਵਾਂਗ ਇੱਕ ਵੱਖਰੀ ਕੌਮ ਜਾਨ। ਇਸ ਤੇ ਇਹ ਲਾਭ ਹੋਵੇਗਾ ਕਿ ਖਾਲਸਾ ਕੌਮ ਇੱਕ ਕੌਮ ਹੋ ਕੇ ਸੰਸਾਰ ਪਰ ਰਹੇਗੀ।



ਦੋਹਿਰਾ- **ਅਰ ਜੇ ਟੀਕਾ ਵੇਦ ਦਾ ਕਹੇ ਗ੍ਰੰਥ ਜੂ ਆਪ।**
**ਸੋ ਭੀ ਝੂਠ ਬਖਾਨਕੇ ਲੈਂਦਾ ਸਿਰ ਪਰ ਪਾਪ।**
ਦੋਹਿਰਾ- **ਦੇਖ ਗ੍ਰੰਥ ਜੂ ਕਯਾ ਕਹੇ ਵੇਦਾਂ ਹੇਤ ਬਖਾਨ।**
**ਜਿਸਨੂੰ ਪੜ੍ਹਕੇ ਮਿੱਤ੍ਰਾਂ ਹੋਈਂ ਨ ਅਨਜਾਨ**
**ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥**
**ਟੁਕੁ ਦਮੁ ਕਰਾਰੀ ਜਉ ਕਰਹੁ, ਹਾਜਿਰ ਹਜੂਰਿ ਖੁਦਾਇ।**" (ਅਗ 727)

**ਚੌਪਈ**

**ਸੁਨਾ ਗ੍ਰੰਥ ਜੂ ਕਿਆ ਸਮਝਾਯਾ, ਬੇਦ ਕਤੇਬ ਇਫਤਰਾ ਗਾਯਾ।**
**ਅਰਥ ਇਫਤਰੇ ਦਾ ਸੁਨ ਭਾਈ, ਅਰਬੀ ਭਾ ਦੇ ਮਨ ਲਾਈ।**
**ਹੈ ਬਹੁਤਾਨ ਕੁਫਰ ਬਤਲਾਯਾ, ਇਸ ਵਿਚੋਂ ਤੈਂ ਕਹੁ ਕਯਾ ਪਾਯਾ।**

**ਦੋਹਿਰਾ**

**ਕਿਆ ਟੀਕਾ ਬਹੁਤਾਨ ਦਾ ਹੈ ਇਹ ਗੁਰੂ ਗਰੰਥ ?**
**ਜਿਸ ਪਰ ਦਸਮੇਂ ਪਾਤਾਹ ਆਪ ਚਲਾਇਆ ਪਥ।**
**ਫਿਰ ਤੂੰ ਦੱਸੀਂ ਚਾਇ ਪਿਆਰੇ, ਇਹ ਜੋ ਅੱਗੇ ਬਦ ਤੁਮਾਰੇ।**
**ਕਿਸ ਸ੍ਰੂਤੀ ਦਾ ਕੀਤਾ ਭਾ, ਜਿਸ ਵਿੱਚ ਤੋੜੀ ਤੇਰੀ ਆਸ।**
**ਆਦਿ ਗਰੰਥ ਦੀ ਸੁਨਕੇ ਰਾਇ,ਅਪਨੇ ਮਨ ਨੂੰ ਲੈ ਸਮਝਾਏ।**
**ਹੁਣ ਦਸਮੇ ਗੁਰ ਕੋ ਕੁਛ ਗਾਈ, ਵੇਦਾਂ ਹੇਤ ਸੁਨੋ ਮਨ ਲਾਈ।**
**ਵਿੱਚ ਬਚਿੱਤਰ ਨਾਟਕ ਪਿਆਰੇ, ਜਾ ਕੇ ਦੇਖ ਬਦ ਇਹ ਸਾਰੇ।**

**ਯਥਾ :**

**ਪਰਮ ਤੱਤ ਕਿਨਹੂੰ ਨ ਪਛਾਨਾ॥ ਆਪ ਆਪ ਭੀਤਰਿ ਉਰਝਾਨਾ॥**
**ਤਬ ਜੇ ਜੇ ਰਿਖ ਰਾਜ ਬਨਾਏ॥ ਤਿਨ ਆਪਨ ਪੁਨਿ ਸਿੰਮ੍ਰਿਤ ਚਲਾਏ॥ 17॥**
**ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਾਗੀ॥**
**ਜਿਨ ਮਨੁ ਹਰਿ ਚਰਨਨ ਠਹਿਰਾ ੋ॥ ਸੋ ਸਿੰਮ੍ਰਿਤਨ ਕੇ ਰਾਹ ਨ ਆ ੋ॥ 18॥**
**ਬ੍ਰਹਮਾ ਚਾਰ ਹੀ ਬੇਦ ਬਨਾਏ॥ ਸਰਬ ਲੋਕ ਤਿਹ ਕਰਮ ਚਲਾਏ॥**
**ਜਿਨ ਕੀ ਲਿਵ ਹਰਿ ਚਰਨਨ ਲਾਗੀ॥ ਤੇ ਬੇਦਨ ਤੇ ਭਏ ਤਿਆਗੀ॥ 19॥**
**ਜਿਨ ਮਤ ਬੇਦ ਕਤੇਬਨ ਤਿਯਾਗੀ॥ ਪਾਰਬ੍ਰਹਮ ਕੇ ਭਏ ਅਨੁਰਾਗੀ॥**
**ਤਿਨ ਕੇ ਗੂੜ੍ਹ ਮੱਤ ਜੇ ਚਲਹੀ॥ ਭਾਂਤ ਅਨੇਕ ਦੁਖਨ ਸੋ ਦਲਹੀ॥ 20॥"**

**ਬ.ਨਾ.**

**ਦੋਹਿਰਾ**

**ਸੁਨਿਆ ਦਸਮੇਂ ਗੁਰੂ ਜੀ ਕਿਆ ਕੀਨਾ ਉਪਦੇ**
**ਜਿਸ ਕੋ ਸੁਨਕਰ ਤੋਹ ਮਨ ਸੰਸਾ ਰਹੇ ਨ ਲੇ।**

**ਚੌਪਈ**

**ਪੁਨਃ ਜੋ ਤੈਂ ਭਾਖਯੋ ਯਹ ਯਾਰ,ਅਹਰਣਿ ਮਤਿ ਵੇਦੁ ਹਥੀਆਰੁ।"**
**(ਜਪੁਜੀ)**
**ਸੋ ਇਸਦਾ ਤੈਂ ਭੇਦ ਨ ਪਾਯਾ, ਜੋ ਸਤਿਗੁਰ ਇਸ ਵਿੱਚ ਦ੍ਰਿੜਾਯਾ।**

**ਵਾਰਤਕ**

ਇਸ ਦਾ ਤਾਤਪਰਜ ਇਹ ਹੈ ਜੋ ਮਤਿ ਨਾਮ ਬੁੱਧਿ ਦਾ ਹੈ ਅਤੇ ਵੇਦ ਨਾਮ ਗਿਆਨ ਦਾ ਹੈ ਜਿਸ ਦਾ ਅਰਥ ਜਾਨਣਾ ਹੈ। ਇਹ ਰੂਪਕ ਅਲੰਕਾਰ ਕਰਕੇ ਗੁਰੂ ਜੀ ਨੇ ਕਥਨ ਕੀਤਾ ਹੈ ਕਿ ਜਿਸ ਪ੍ਰਕਾਰ ਜਦ ਕੋਈ ਲੋਹੇ ਆਦਿਕ ਧਾਤੂ ਦੀ ਵਸਤੂ ਬਨਾਈ ਜਾਂਦੀ ਹੈ ਤਦ ਅਹਿਰਨ ਪਰ ਰੱਖਕੇ ਉਪਰੋਂ ਹਥੌੜੇ ਆਦਿਕ ਹਥਿਆਰ ਨਾਲ ਘੜੀ ਜਾਂਦੀ ਹੈ, ਜਿਸ ਤੇ ਉਸਦੀ ਮੂਰਤੀ ਸਪਟ ਬਨਕੇ ਸਭ ਦੇ ਨੇਤਰਾਂ ਦੇ ਗੋਚਰ ਹੁੰਦੀ ਹੈ, ਇਸੀ ਪ੍ਰਕਾਰ ਹਰ ਇੱਕ ਵਸਤੂ ਜਦ ਪ੍ਰਮਾਣ ਜੋਗ ਹੁੰਦੀ ਹੈ ਤਦ ਉਹ ਪਹਿਲੇ ਬੁੱਧੀ ਵਿੱਚ ਇਸਥਿਤ ਹੁੰਦੀ ਹੈ, ਅਤੇ ਉਸਦੇ ਮਗਰੋਂ ਜਦ ਉਸਦਾ ਯਥਾਰਥ ਗਾਨ ਹੋ ਜਾਂਦਾ ਹੈ, ਤਦ ਓਹ ਵਸਤੂ ਗ੍ਰਹਨ ਅਤੇ ਤਿਆਗ ਦੇ ਜੋਗ ਹੁੰਦੀ ਹੈ। ਜਿਤਨਾ ਚਿਰ ਬੁੱਧੀ ਦੁਆਰੇ ਕੋਈ ਵਸਤੂ ਗਿਆਨ ਦਾ ਵਿ ਨਹੀਂ ਹੈ ਤਦ ਤਕ ਉਸ ਵਿੱਚ ਗ੍ਰਹਨ ਤਯਾਗ ਯਾ ਗੁਣ ਦੋਖ ਦੀ ਭਾਵਨਾ ਨਹੀਂ ਹੁੰਦੀ। ਇਸ ਵਾਸਤੇ ਗੁਰੂ ਜੀ ਦਾ ਵੇਦ ਪਦ ਤੇ ਏਥੇ ਕਿਸੇ ਖਾਸ ਪੁਸਤਕ ਦਾ ਤਾਤਪਰਜ ਨਹੀਂ ਹੈ, ਕਿੰਤੂ ਗੁਰੂ ਜੀ ਦਾ ਅਭਿਪ੍ਰਾਯ ਏਥੇ ਗਾਨ ਦਾ ਹੈ ਕਿ ਜਿਤਨਾ ਚਿਰ ਕੋਈ ਪੁਰਖ ਬੁੱਧਿ ਅਤੇ ਗਾਨ ਨਾਲ ਕਿਸੇ ਪਦਾਰਥ ਨੂੰ ਅਨੁਭਵ ਨਾ ਕਰ ਲੇਵੇ ਉਤਨਾ ਚਿਰ ਉਸਨੂੰ ਨਿਰਸੰਸਤਾ ਨਹੀਂ ਹੁੰਦੀ।

ਦੂਸਰਾ ਜੋ ਏਹ ਆਖਾ ਹੈ ਕਿ ਓਅਕਾਰਿ ਬੇਦ ਨਿਰਮਏ ਸੋ ਇਸਦਾ ਭੀ ਏਹੋ ਭਾਵ ਹੈ ਕਿ ਜਿਤਨੇ ਗਾਨ ਹਨ ਸਾਰੇ ਅਕਾਲ ਪੁਰਖ ਤੇ ਉਤਪਤ ਹੋਏ ਹਨ। ਜੈਸਾ ਕੋਈ ਕਹੇ ਕਿ ਸਾਰੇ ਪ੍ਰਕਾ ਅਗਨੀ ਤੇ ਉਪਜੇ ਹਨ। ਇਸੀ ਪ੍ਰਕਾਰ ਸਭ ਗਾਨਾਂ ਦਾ ਆਦਿ ਮੂਲ ਅਕਾਲ ਪੁਰਖ ਹੈ। ਇਸਤੇ ਭੀ ਏਹੋ ਸਿੱਧ ਹੁੰਦਾ ਹੈ ਕਿ ਗੁਰੂ ਜੀ ਦਾ ਏਥੇ ਵੇਦ ਪਦ ਤੇ ਗਾਨ ਹੀ ਕਥਨ ਹੈ।



ਤੀਸਰਾ ਜੋ ਇਹ ਆਖਾ ਹੈ ਕਿ ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ।। ਸੋ ਇਹ ਸੱਚ ਹੈ। ਕਿਉਂਕਿ ਕਿਸੇ ਪੋਥੀ ਨੂੰ ਝੂਠਾ ਕਹਿਣਾ ਉਸਦੇ ਤੱਤ ਸਮਝੇ ਬਿਨਾਂ ਝੂਠ ਬਕਨਾ ਹੈ। ਵੇਦ ਦੇ ਨਾਲ ਕਤੇਬ ਆਉਨ ਤੇ ਏਥੇ ਾਸ ਪੁਸਤਕਾਂ ਦਾ ਵਰਣਨ ਹੈ। ਗੁਰੂ ਸਾਹਿਬ ਉਪਦੇ ਦੇਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਨੂੰ ਹੀ ਅਪਨਾ ਧਰਮ ਪੁਸਤਕ ਜਾਨੋਂ। ਅਰਥਾਤ ਅਪਨੇ ਘਰ ਨੂੰ ਛੱਡਕੇ ਦੂਜੇ ਘਰ ਨਾ ਜਾਓ। ਵੇਦ ਕਤੇਬ ਹਿੰਦੂ ਧਰਮ ਅਤੇ ਇਸਲਾਮ ਧਰਮ ਦੇ ਪੁਸਤਕ ਹਨ, ਸਿੰਘਾਂ ਦਾ ਨਹੀਂ। ਵੇਦਾਂ ਦੇ ਹੋਰ ਝਗੜੇ ਛੱਡਕੇ ਵਿਚਾਰ ਕਰੋ।

**ਦੋਹਿਰਾ**

**ਅਪਨਾ ਧਰਮ ਤਿਆਗ ਕੇ ਧਸੇ ਔਰ ਕੀ ਬੀਚ।**
**ਕਿਆ ਚਤਰਾਈ ਏਸ ਮਹਿੰ ਧਰੇ ਪਾਉਂ ਤੁਮ ਕੀਚ।।**

**ਚੌਪਈ**

**ਤੂੰ ਹੈਂ ਸਿੰਘ ਗੁਰੂ ਕਾ ਲਾਲ, ਕੱਛ ਕੜੇ ਕ੍ਰਿਪਾਨਾਂ ਨਾਲ।**
**ਦਸਮ ਗੁਰੂ ਕਾ ਪੂਤ ਸਦਾਕੇ, ਦਾਸ ਬਨਾ ਔਰਨ ਕਾ ਜਾਕੇ।**
**ਜਿਸਤੇ ਤੈਂ ਨਿਜ ਧਰਮ ਗੁਵਾਇਆ, ਨਰਕ ਪਥ ਕੋ ਸੀਧਾ ਧਾਇਆ।**
**ਜੇ ਬਚਨੇ ਦਾ ਚਾਹੇਂ ਰਸਤਾ, ਵੱਢ ਦੇਹੁ ਦੂਸਰ ਕਾ ਫਸਤਾ।**

# ਨਕਲੀ ਸਿੱਖ

**ਚੌਪਈ**

**ਇਹ ਤਾਂ ਗੱਲ ਅਚੰਭੇ ਵਾਲੀ, ਤੈਂ ਭਾਈ ਹੈ ਨਵੀਂ ਨਕਾਲੀ।**
**ਜੋ ਅੱਗੇ ਮੈਂ ਸੁਨੀ ਨਾ ਕੋਈ, ਖਾਲਸ ਕੌਮ ਾਲਸਾ ਹੋਈ।**
**ਹਮ ਤੋ ਏਕ ਰੂਪ ਸੀ ਜਾਨਾ, ਭੇਦ ਨ ਰੰਚਕ ਮਨ ਮਹਿ ਆਨਾ।**
**ਖਾਨ ਪਾਨ ਅਰ ਰਿਤੇਦਾਰੀ, ਆਪਸ ਮਾਹਿੰ ਇੱਕਠੀ ਸਾਰੀ।**
**ਨਹੀਂ ਦੁਮਨੀ ਹਮ ਮਹਿ ਕੋਈ, ਜਾਂ ਤੇ ਕੌਮ ਜੁਦੀ ਹਮ ਹੋਈ।**
**ਹਿੰਦੂ ਧਰਮ ਹਮ ਕੋ ਹੈ ਪਿਆਰਾ, ਹਮ ਕੋ ਉਸਕਾ ਵਡਾ ਸਹਾਰਾ।**
**ਫਿਰ ਤੈਂ ਪਥ ਜੁਦਾ ਕਰ ਦੀਨਾ, ਇਸ ਮਹਿ ਕਯਾ ਫਲ ਤੁਮਨੇ ਚੀਨਾ ?**
**ਤਾਂ ਤੇ ਇਸ ਦਾ ਭੇਦ ਸੁਨਾਈਂ, ਐਵੇਂ ਫੱਕੜ ਪਣ ਨ ਪਾਈਂ।**

# ਅਸਲੀ ਸਿੱਖ

**ਦੋਹਿਰਾ**

**ਏਹ ਲਾਡਲਾ ਘੋਲ ਜੋ ਤੈਨੂੰ ਦਿਸਦਾ ਯਾਰ।**
**ਅਦਰ ਤੇ ਘਾਤੀ ਰਹੇਂ ਉੱਪਰ ਕਰੇਂ ਪਿਆਰ।।**

ਇਸ ਦੋਹਿਰੇ ਦਾ ਭਾਵ ਇਹ ਹੈ ਕਿ ਹਿੰਦੂ ਧਰਮ ਅਤੇ ਖਾਲਸਾ ਧਰਮ ਇਹ ਦੋਨੋਂ ਆਪਸ ਵਿਚ ਅਜੇਹਾ ਲਾਡਲਾ ਘੋਲ ਰੱਖਦੇ ਹਨ ਜੋ ਆਖਿਆ ਨਹੀਂ ਜਾਂਦਾ। ਅਦਰ ਤੇ ਤਾਂ ਇਹ ਇੱਕ ਦੂਜੇ ਦੇ ਘਾਤੀ ਹਨ ਅਤੇ ਉਪਰ ਤੇ ਅਤੰਤ ਕਰਕੇ ਪਿਆਰ ਰੱਖਣ ਵਾਲੇ ਨਰ ਆਉਂਦੇ ਹਨ। ਇਸ ਹਾਲ ਨੂੰ ਭਾਵੇਂ ਸਾਰੇ ਆਦਮੀ ਪ੍ਰਤੱਖ ਦਸਦੇ ਹਨ ਪ੍ਰਤੂ ਫੇਰ ਭੀ ਉਨ੍ਹਾਂ ਨੂੰ ਕੋਈ ਖਾਲ ਨਹੀਂ ਆਉਂਦਾ ਜੋ ਇਹ ਕਿਆ ਅਧੇਰ ਮੱਚ ਰਿਹਾ ਹੈ ਜੋ ਇੱਕ ਦੂਜੇ ਦੇ ਧਰਮ ਨੂੰ ਨਟ ਕਰ ਰਿਹਾ ਹੈ। ਅੱਖੀ ਦੇਖਕੇ ਮੱਖੀ ਨਿਗਲੀ ਜਾਂਦੇ ਹਨ, ਜਿਸਦਾ ਸਬੂਤ ਏਹ ਹੈ :

ਜਦ ਕੋਈ ਸਿੱਖ ਸਰਾਧ ਕਰਾਉਂਦਾ ਯਾ ਗਯਾ ਪਰ ਜਾ ਕੇ ਪਿਡ ਭਰਾਉਂਦਾ ਹੈ ਤਦ ਉਸ ਜਗ੍ਹਾ ਦਾ ਹਿੰਦੂ ਧਰਮ ਪਹਿਲੇ ਉਸਦੇ ਸਿੱਖ ਧਰਮ ਦਾ ਨਾਸ ਕਰਕੇ ਅਪਨਾ ਸਾਥੀ ਯਾ ਧਰਮ ਭਾਈ ਬਨਾਉਂਦਾ ਹੈ। ਉਸਦੇ ਕੱਛ ਕੜਾ ਕ੍ਰਿਪਾਨ ਅਤੇ ਕੰਘਾ ਤੇ ਦਸਤਾਰ ਉਤਾਰ ਕੇ ਪਰੇ ਰੱਖ ਦੇਂਦਾ ਹੈ ਅਰ ਉਨ੍ਹਾਂ ਦੀ ਜਗ੍ਹਾ ਸਿਰ ਨੂੰ ਭੁੰਗੀ, ਗਲ ਵਿੱਚ ਜੰਞੂ ਅਤੇ ਤੇੜ ਧੋਤੀ ਪਾ ਕੇ ਬਠਾਲ ਦੇਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇ ਤਾਂ ਕਿਧਰੇ ਰਿਹਾ ਕਿਤੇ ਨਾਉਂ ਭੀ ਨਹੀਂ ਲੈਨ ਦੇਂਦਾ। ਉਸ ਵੇਲੇ ਸਿੱਖ ਦੇ ਧਰਮਾਤਮਾ ਪਿਤਰਾਂ ਨੂੰ ਪ੍ਰੇਤ-ਪ੍ਰੇਤ ਕਰਕੇ ਪੁਕਾਰਦਾ ਹੈ ਅਰ ਮੂਹੋਂ ਕੁਛ ਅਪਨੇ ਧਰਮ ਦੇ ਬਚਨ ਪੜ੍ਹਕੇ ਸਿੱਖ ਨੂੰ ਆਖਦਾ ਹੈ ਕਿ ਹੁਣ ਤੇਰੇ ਪਿਤਰ ਸਿੱਧੇ ਸੁਰਗ ਨੂੰ ਗਏ ਹਨ। ਇਸ ਬਾਤ ਨੂੰ ਸੁਨਕੇ ਸਿੱਖ ਅਪਨੇ ਧਰਮ ਨਟ ਹੋਨ ਪਰ ਤਾਂ ਰੰਚਕ ਖਿਆਲ ਨਹੀਂ ਕਰਦਾ ਪਰੰਤੂ ਪਿਤਰਾਂ ਨੂੰ ਸੁਰਗ ਮਿਲਿਆ ਜਾਨਕੇ ਫੁੱਲਿਆ ਜਾਮੇਂ ਵਿੱਚ ਨਹੀਂ ਸਮਾਉਂਦਾ। ਇਸ ਤੇ ਤੂੰ ਦੇਖ ਸਕਦਾ ਹੈਂ ਕਿ ਹਿੰਦੂ ਧਰਮ ਨੇ ਸਿੱਖ ਧਰਮ ਦੀ ਕੇ ਹੀ ਕੁ ਪੈਜ ਮਾਰੀ ਅਤੇ ਅਪਨੇ ਧਰਮ ਵੱਲ ਕਿਸ ਤਰ੍ਹਾਂ ਦੁਰਗਤੀ ਕਰਕੇ ਲਿਆਂਦਾ।

ਇਸੀ ਤਰ੍ਹਾਂ ਜਦ ਕਿਸੇ ਹਿੰਦੂ ਧਰਮ ਵਾਲੇ ਨੂੰ ਖਾਲਸਾ ਧਰਮ ਵਿਚ ਲਿਆਂਦਾ ਜਾਂਦਾ ਹੈ ਤਦ ਉਸ ਨਾਲ ਭੀ ਏਹੋ ਹੱਥ ਕੀਤਾ ਜਾਂਦਾ ਹੈ। ਹਿੰਦੂ ਧਰਮ ਦਾ ਮੂਲ ਪਹਿਲੇ ਜੰਞੂ ਅਤੇ ਚੋਟੀ ਹੈ, ਫੇਰ ਨਾਮ ਅਤੇ ਧੋਤੀ ਹੈ। ਅਮ੍ਰਿਤ ਛਕਨ ਵੇਲੇ ਉਸ ਦਾ ਜੰਞੂ ਤੋੜਿਆ ਜਾਂਦਾ ਹੈ, ਚੋਟੀ ਦੀ ਜਗ੍ਹਾ ਕੇਸ ਰਖਾਏ ਜਾਂਦੇ ਹਨ, ਧੋਤੀ ਲਾਹਕੇ



ਕੱਛ ਪਾ ਕੇ ਉਸਦਾ ਨਾਮ ਵਟਾਇਆ ਜਾਂਦਾ ਹੈ ਅਰ ਸਾਰੀ ਉਮਰ ਫੇਰ ਉਹ ਚੋਟੀ ਅਤੇ ਜੰਞੂ ਵਾਲਿਆਂ ਨਾਲ ਬਹਿਕੇ ਇੱਕ ਥਾਲ ਵਿੱਚ ਭੋਜਨ ਭੀ ਨਹੀਂ ਖਾ ਸਕਦਾ। ਐਥੋਂ ਤਕ ਹੀ ਬੱਸ ਨਹੀਂ ਹੈ ਕਿੰਤੂ ਖਾਸ-ਖਾਸ ਜਗ੍ਹਾ ਪਰ ਹਿੰਦੂ ਧਰਮ ਵਾਲੇ ਨੂੰ ਚੜ੍ਹਨਾ ਨਹੀਂ ਮਿਲਦਾ, ਜੈਸਾ ਕਿ ਅਕਾਲ ਤਤ ਪਰ ਰੋਕ ਹੈ। ਇਸੀ ਪ੍ਰਕਾਰ ਸੱਚ ਖਡ ਸ੍ਰੀ ਅਬਚਲਾ ਨਗਰ ਸਾਹਿਬ ਵਿਚ ਪਗਤ ਤੇ ਭੀ ਜੁਦੇ ਬਠਾਲਦੇ ਹਨ। ਇਸ ਤੇ ਤੂੰ ਦੇਖ ਸਕਦਾ ਹੈਂ ਕਿ ਸਿੱਖ ਧਰਮ ਵਿੱਚ ਜਦ ਹਿੰਦੂ ਆਉਂਦਾ ਹੈ ਉਸ ਦਾ ਪਹਿਲਾ ਧਰਮ ਬਦਲ ਜਾਂਦਾ ਹੈ।

**ਦੋਹਿਰਾ**

**ਇਸ ਤੇ ਤੈਨੂੰ ਖੁੱਲ੍ਹਿਆ ਸਾਰਾ ਭੇਦ ਮਹਾਨ।**
**ਇਸ ਨੂੰ ਮਨ ਵਿਚ ਸੋਚ ਤੇ ਪਿੱਛੋਂ ਕਰੀਂ ਬਖਾਨ।**

# ਨਕਲੀ ਸਿੱਖ

**ਭਾਈ ਸਿੰਘਾ ਏਹ ਹੈ ਸੱਚ, ਜਗਤ ਬਖੇੜੇ ਕੱਚੋ ਕੱਚ।**
**ਪਰ ਇਹ ਲੋਕ ਲਾਜ ਹੱਤਿਆਰੀ, ਕਰ ਛੱਡੇ ਹਾਂ ਅਸੀਂ ਵਿਗਾਰੀ।**

# ਅਸਲੀ ਸਿੱਖ

**ਭਲੇ ਪੁਰਖ ਤੂੰ ਦੇਖ ਵਿਚਾਰੇ, ਲੋਕ ਲਾਜ ਕਾ ਸਕੇ ਵਿਗਾਰੇ ?**
**ਦੇਖ ਗੁਰੂ ਨੇ ਏਹ ਫੁਰਮਾਈ, ਵਿਰਲਾ ਸਿੰਘ ਰਹੇਗਾ ਭਾਈ।**

# ਅਸਲੀ ਸਿੱਖ

**ਵਾਹਿਗੁਰੂ ਬਚ ਤੂੰ ਉਰ ਧਰ ਹੈਂ, ਯਾਹੀ ਤੇ ਪੂਰਾ ਤਹਿੰ ਕਰ ਹੈਂ।**
**ਕੋਈ ਸਿੰਘ ਰਹੂ ਗੁਰ ਭਾਖਾ, ਤਿਨ ਕੋਈਅਨ ਮੇਂ ਤੂੰ ਨਹਿੰ ਰਾਖਾ।**
**ਜਾਂਤੇ ਧਰਮ ਵਿਗਾਰਨ ਲਾਗਾ, ਅਨਮਤਾ ਕੇ ਮਾਰਗ ਭਾਗਾ।**
**ਯਹ ਸੁਨਕੇ ਨਕਲੀ ਸਿੱਖ ਭਾਈ, ਗਹੀ ਮੋਨ ਨਹਿ ਮੁਖੋਂ ਅਲਾਈ।**

ਦੋਹਿਰਾ **ਯਾ ਬਿਧਿ ਸਿੰਘਨ ਨੇ ਤਜੀ, ਗੁਰਮਰਯਾਦਾ ਰੀਤ।**
**ਔਰ ਔਰ ਮਾਰਗ ਚਲੇਂ, ਗੁਰ ਤੇ ਹੋ ਬਿਪ੍ਰੀਤ।**

# ਨਕਲੀ ਾਲਸੇ ਦਾ ਭਟਕਨਾ
# ਅਤੇ ਉਨ੍ਹਾਂ ਵਿੱਚ ਸਿੱਖੀ ਦਾ ਖਾਤਮਾ

### ਦ੍ਵੈਯਾ ਛੰਦ

ਦਸਮ ਗੁਰੂ ਕੇ ਪਥ ਖਾਲਸਾ ਇਸ ਉਤ ਮੋਂ ਭਟਕਾਵੇ।
ਮੜ੍ਹੀ ਗੋਰ ਕੋ ਪੂਜੇ ਕੋਊ ਸਰਵਰ ਪੀਰ ਮਨਾਵੇ।
ਗੁੱਗਾ ਭੈਰੋਂ ਦੇਵਲ ਦੇਵੀ ਜਾਇ ਸੀਤਲਾ ਪੂਜੇ।
ਛੋਡ ਅਕਾਲ ਜਗਤ ਕਾ ਸ੍ਵਾਮੀ ਜਾਇ ਲਗੇ ਸਭ ਦੂਜੇ।
ਕੋ ਪਾਹੁਨ ਕੀ ਸੇਵਾ ਕਰ ਹੈ ਕੋ ਬਿਰਖਨ ਸਿਰ ਨਿਆਵੈਂ।
ਭੇਖ ਡਿੰਭ ਕੋ ਪੂਜਤ ਕੇਤੇ ਮਾਨਸ ਪੈਰ ਪੁਜਾਵੈਂ।
ਕੋ ਪੂਅਨ ਕੋ ਇਟ ਮਾਨ ਇੱਕ ਅਠ ਸਠ ਤੀਰਥ ਜਾਈ।
ਅਪਨੇ ਕਰ ਕੀ ਕਰਤ ਰਸੋਈ ਚੌਂਕੇ ਮੇਂ ਬਹਿ ਖਾਹੀ।
ਕਿਤਨੇ ਥੰਮਲ ਮੇਲੇ ਉਪਰ ਜਾ ਕਰ ਝੱਝੂ ਪਾਵੇਂ।
ਮਦਾ ਬੋਲਨ ਲੋਕ ਹਸਾਵਨ ਸਿਰ ਪਰ ਡੰਡੇ ਖਾਵੇਂ।
ਪੀਨ ਰਾਬਾਂ ਹੋ ਅਲਬੇਲੇ ਖੁੱਲ੍ਹੇ ਕੇਸ ਗਿਰਾਏ।
ਗਿਰਤੇ ਕੈ ਕਰ ਲੇਟਨ ਧਰ ਪਰ ਮੱਖੀ ਮੁਖ ਭਿਣਕਾਏ।
ਛੱਡ ਸਾਂਰਗੀ ਲੈਕਰ ਕੋਈ ਮਿਰਾ ਹੀਰ ਸੁਨਾਵੈ।
ਸੱਸੀ ਪੁਨੂੰ ਬੀਜਾ ਸੋਰਠ ਊਚੇ ਸੁਰ ਸੋਂ ਗਾਵੈ।
ਲੱਤਾਂ ਦੀ ਓਹ ਕਰਨ ਹਜਾਮਤ ਦਾੜ੍ਹੀ ਖੂਬ ਕਟਾਈ।
ਨਾਲ ਮੋਚਨੇ ਮੱਥਾ ਚੁਗਕੇ ਨੇੜੇ ਰਮ ਨਾ ਆਈ।
ਗਨਕਾ ਕੋ ਮਨਕਾ ਕਰ ਮਨ ਕਾ ਕਿਨਹੂੰ ਧਾਮ ਲੁਟਾਏ।
ਤਜ ਕਰ ਨਾਰ ਘਰਾਣੇ ਦੀ ਫਿਰ ਕੰਜਰ ਸਾਕ ਬਨਾਏ।
ਪੁੱਤ ਪਿਆਰੇ ਕਰੇ ਕਨਾਰੇ ਬੇਦਾਵੇ ਕਰਵਾਵੇ।
ਵਿੱਚ ਅਦਾਲਤ ਝਗੜਾ ਕਰਕੇ ਕੰਜਰ ਸਕੇ ਬਨਾਵੇ।
ਵੱਡੇ ਵੱਡੇ ਸਰਦਾਰਾਂ ਦੇ ਜੇ ਹਾਲ ਸੁਨਾਵਾਂ ਸਾਰੇ।
ਉਸ ਨੂੰ ਸੁਨਕਰ ਕੰਬ ਜਾਨਗੇ ਪਿਆਰੇ ਰਿਦੇ ਤੁਮਾਰੇ।
ਪਰ ਕਿਆ ਕਰਾਂ ਡਰਾਂ ਮੈਂ ਇਸ ਤੇ ਜੇ ਪਾ ਦੇਵਨ ਝਗੜਾ।
ਕਈ ਮਹੀਨੇ ਤੀਕਰ ਹੋਊ ਵਿਚ ਕਚਹਿਰੀ ਰਗੜਾ।



ਇਸ ਤੇ ਮੈਂ ਕੁਝ ਨਾਹੀਂ ਕਹਿੰਦਾ ਰਹਿੰਦਾ ਮਨ ਮਹਿ ਤੰਗੇ।
ਮੈਨੂੰ ਸਿੰਘਾਂ ਦੇ ਕੁਝ ਚਾਲੇ ਦਿੱਸਣ ਨਾਹਿੰ ਚੰਗੇ।
ਮੁਨੇ ਸਿਰ ਮੁਖ ਚੁਰਟ ਧੁਆਖੇ ਜਿਵੇ ਰੇਲ ਦਾ ਬੰਬਾ।
ਨਾਮ ਸਿੰਘ ਏਹ ਕਲ ਤਿਨ੍ਹਾਂ ਦੀ ਗਿੱਟਿਆਂ ਤੋੜੀ ਤੰਬਾ।
ਕਿਤਨੇ ਹੋਏ ਜਾਇ ਈਸਾਈ, ਖਾਂਦੇ ਡੱਬਲ ਰੋਟੀ।
ਕਹਿਨ ਮਸੀਹ ਦੇ ਸੇਵਕ ਹੋਵੋਂ ਰੱਖੋ ਕੇਸ ਨਾ ਚੋਟੀ।
ਤਜ ਦਸਤਾਰ ਭਾਰ ਸਿਰ ਕੇਸਾਂ ਟੋਪੀ ਕੋ ਪਹਿਰਾਵੋ।
ਬੈਠ ਮੇ ਪਰ ਕਾਂਟੇ ਸੇਤੀ ਗੋਤ ਅਡਾ ਖਾਵੋ।
ਮੁਸਲਮਾਨ ਹੋਕਰ ਬਹੁ ਭਾਈ ਬਨੇ ਮੁਹੰਮਦਾ ਨੂਰਾ।
ਲਿੰਗ ਮੂਛ ਸਿਰ ਕੇਸ ਕਟਾਏ ਦੀਨੀ ਹੋ ਕੇ ਪੂਰਾ।
ਕਿਤਨੇ ਗਏ ਵਲਾਇਤ ਦੇਸ ਨੂੰ ਵਿੱਦਾ ਹਾਸਲ ਕਰਨੇ।
ਆਏ ਕਲ ਬਨਾਕਰ ਓਥੋਂ ਜਿਵੇਂ ਖੇਤ ਦੇ ਡਰਨੇ।
ਗੋਲ ਮੋਲ ਸਿਰ ਜਿਉ ਖਰਬੂਾ ਕੋਟ ਪਹਰ ਪਤਲੂਨਾ।
ਬਾਬੂ ਸਾਹਿਬ ਬਨਿਆ ਦੇਖੋ ਜੰਟਲਮੈਨ ਨਮੂਨਾ।
ਕਿਤਨਿਆਂ ਸਿਰ ਤੋਂ ਕੇਸ ਉਤਾਰੇ ਆਖਨ ਲੱਗੇ ਗਰਮੀ।
ਕਿਤਨੇ ਆਖਣ ਰਹਿਤ ਕਠਨ ਹੈ ਰੱਖਨ ਸੋ ਹਨ ਭਰਮੀ।
ਕਿਤਨੇ ਆਖਨ ਕੱਛਾ ਸਾਡੇ ਪਾਸ ਦੋਏ ਹਨ ਭਾਰੀ।
ਤੀਜੀ ਕੱਛ ਨ ਭਾਵੇ ਸਾਨੂੰ ਜੋ ਹੈ ਰੀਤ ਗਵਾਰੀ।
ਦਿਲ ਤੇ ਸਿਖ ਹੋਨ ਹਮ ਚਹੀਏ ਊਪਰ ਬਨਤ ਮਖੌਲਾ।
ਕਯਾ ਨੁਕਸਾਨ ਹਮਾਰੇ ਸਿਰ ਜੇ ਫਿਰੇ ਮਹੰਮਦ ਪੌਲਾ।
ਕਿਤਨੇ ਆਖਨ ਅਸੀਂ ਆਰੀਯਾ ਦੇਸ ਉੱਨਤੀ ਕਰਦੇ।
ਹੋਰ ਪੋਥੀਆਂ ਰਚੀ ਮਨੁੱਖਾਂ ਵੇਦ ਰੱਬ ਦੇ ਘਰ ਦੇ।
ਗੁਰੂ ਅਸਾਡੇ ਸੇ ਤਾਂ ਚੰਗੇ ਪਰ ਵਿੱਦਿਆ ਤੇ ਹੀਨੇ।
ਦਯਾਨੰਦ ਸ੍ਵਾਮੀ ਨੇ ਆਕੇ ਵੇਦ ਅਸਾਂ ਨੂੰ ਦੀਨੇ।
ਤਾਰ ਰੇਲ ਸਭ ਵੇਦਾਂ ਅਦਰ ਉਡਨ ਖਟੋਲੇ ਦੱਸੇ।
ਭਾਰਤ ਵਾਸੀ ਇਸ ਵਿੱਦਿਆ ਤੇ ਉਲਝੇ ਹੋ ਕਰ ਨੱਸੇ।
ਪਰਮਾਣੂ ਸਭ ਜਗਤ ਬਨਾਵੇ ਈਸ੍ਵਰ ਉਨ੍ਹਾਂ ਸਵਾਰੇ।
ਸਾਰੀ ਦੁਨੀਆਂ ਪੈਦਾ ਕਰਕੇ ਮਾਨਸ ਘੜੇ ਵਿਚਾਰੇ।

ਬਾਰਾਂ ਬਾਰਾਂ ਬਰਸਾਂ ਦੇ ਸਨ ਆਪੇ ਮੁਡੇ ਹੋਏ।
ਨੰਗ ਧੜੰਗੇ ਪ੍ਰਿਥੀ ਉੱਪਰ ਦੇਖੋ ਆਨ ਖਲੋਏ।
ਫਿਰ ਈਵਰ ਨੇ ਹੌਲੀ ਹੌਲੀ ਅਕਲ ਉਨ੍ਹਾ ਸਿਖਲਾਈ।
ਅੱਜ ਕੱਲ ਦੀ ਰਚਨਾ ਜਿਸਤੇ ਨਾਲ ਤਜਰਬੇ ਆਈ।
ਇਤਨੀ ਗੱਲ ਅਸਾਡੇ ਮਨ ਵਿੱਚ ਅੱਗੇ ਨਾ ਸੀ ਕੋਈ।
ਇਹ ਤਾਂ ਕ੍ਰਿਪਾ ਸੁਆਮੀ ਦੀ ਹੈ ਸਾਡੇ ਉਪਰ ਹੋਈ।
ਇਹ ਉਪਕਾਰ ਅਸਾਂ ਥੌਂ ਭਾਈ ਕਿੱਥੇ ਦਿੱਤਾ ਜਾਵੇ।
ਸੁਆਮੀ ਬਿਨਾਂ ਕੌਣ ਹੈ ਦੂਜਾ ਜੋ ਵੇਦਾਂ ਸਮਝਾਵੇ।”
ਦੇਵ ਧਰਮ ਇੱਕ ਨਵੇਂ ਨਾਮ ਦਾ ਟੋਲਾ ਵਿੱਚ ਲਾਹੌਰੇ।
ਉਸਦੇ ਫੰਧੇ ਫਸ ਗਏ ਕੇਤੇ ਬਾਲਕ ਬੁੱਧੀ ਬੌਰੇ।
ਤਾਲਬ ਇਲਮ ਸਕੂਲਾਂ ਵਿੱਚੋਂ ਸੁਣ ਗੱਲਾਂ ਫਸ ਜਾਂਦੇ।
ਆਇ ਗੁਰੂ ਦੇ ਬਨੇ ਚਾਟੜੇ ਘਰ ਅਰ ਘਾਟ ਗਵਾਂਦੇ।
ਆਖਣ ਸਾਡੇ ਉੱਪਰ ਆਵੇ ਦੇਵ ਕਤ ਇੱਕ ਭਾਰੀ।
ਆਪਸ ਮੇਂ ਮਿਲ ਗਾਵਨ ਸਾਰੇ ਰੋਵਨ ਕੂਕ ਪੁਕਾਰੀ।
ਹਰੀ ਹਰੀ ਜੈ ਹਰੀ ਉਚਾਰਨ ਜਿਉਂ ਰੋਗੀ ਬਸ ਪੀੜਾ।
ਆਖਣ ਮੁਲਕ ਉਧਾਰਨ ਦਾ ਹੈ ਅਸਾਂ ਉਠਾਯਾ ਬੀੜਾ।
ਪੀ ਕਰ ਭੰਗ ਬਿਸਮਝੀ ਵਾਲੀ ਸਿਰ ਚੱਟਮ ਕਰਵਾਏ।
ਪੱਗਾਂ ਉਪਰ ਧਰੇ ਚੰਦਊਏ ਭਗਵੇਂ ਬਸਤਰ ਪਾਏ।
ਲੰਬੇ ਲੰਬੇ ਚੋਲੇ ਪਹਿਰਨ ਜਿਉਂ ਕਮੀਰੀ ਰੰਨਾਂ।
ਕੁਲ ਦੇ ਧਰਮ ਕਰਮ ਤੋਂ ਭੈੜੇ ਪਾ ਬੈਠੇ ਹਨ ਬੰਨਾਂ।
ਅੱਗਾ ਪਿੱਛਾ ਅਪਨਾ ਖੋਇਆ ਸਾਰੀ ਉਮਰ ਵਿਗਾਰੀ।
ਵਿੱਚ ਬਜਾਰਾਂ ਫਿਰਨ ਗਾਉਂਦੇ ਹਥ ਵਿੱਚ ਲੈ ਇੱਕ ਤਾਰੀ।
ਆਖਣ ਸਾਨੂੰ ਪਾਪ ਪਿਸਾਚੋਂ ਦੇਵ ਧਰਮ ਰਖ ਲੀਆ।
ਰੂਹਾਨੀ ਕਤੀ ਨੇ ਦੇਖੋ ਭੇਸ ਫਕੀਰੀ ਕੀਆ।
ਨਾਰਾਂ ਦੇ ਸੁਨ ਭਜਨ ਸੁਹਾਵੇ ਬੀਨ ਸਾਂਪ ਜਿਉਂ ਬੋਲੇ।
ਮਾਇ ਬਾਪ ਘਰ ਰੋਵਨ ਧਾਹੀਂ ਪੁੱਤ ਬਣੇ ਜਾ ਚੇਲੇ।
ਜਿਉਂ ਇੱਕ ਊਠਾਂ ਵਾਲਾ ਕੋਈ ਇੱਕ ਕਤਾਰ ਬਨਾਵੇ।
ਫਾੜ ਫਾੜ ਕਰ ਨੱਕ ਤਿਨ੍ਹਾ ਦੇ ਤੁਰੰਤ ਨਕੇਲਾਂ ਪਾਵੇ।



ਲੱਦੇ ਭਾਰ ਫੜੇ ਹੱਥ ਡੋਰੀ ਮਾਰਗ ਪੈਰ ਟਿਕਾਏ।
ਜੰਗਲ ਦੇ ਵਿਚ ਚਾਰਾ ਚਾਰੇ ਅਪਨਾ ਲਾਭ ਉਠਾਏ।
ਤੈਸੇ ਇਨ ਕੇ ਗੁਰੂ ਪਿਆਰੇ ਮੀਠੇ ਬਚਨਾਂ ਡੋਰੀ।
ਮਨ ਦੇ ਨੱਕਾਂ ਅਦਰ ਪਾਈ ਕਰ ਜਮਾਤ ਇੱਕ ਤੋਰੀ।
ਓਹ ਮੁਕਤੀ ਦੇ ਲਾਲਚ ਪਿੱਛੇ ਦੁਖ ਸਹਿ ਸੇਵ ਕਮਾਵਨ।
ਤਿਨ ਕੀ ਕਰੀ ਕਮਾਈ ਨੂੰ ਫਿਰ ਬੈਠ ਗੁਰੂ ਜੀ ਖਾਵਨ।
ਬ੍ਰਹਮ ਸਮਾਜ ਵਿੱਚ ਜਾ ਕੋਈ ਲੱਗਾ ਢੂੰਡਨ ਮੁਕਤੀ।
ਅਪਨੇ ਮਨ ਦੀ ਖੋਲ੍ਹ ਸੁਨਾਵੇ ਲੋਕਾਂ ਅਦਰ ਯੁਕਤੀ।
ਸਕਲ ਪੋਥੀਆਂ ਵਿੱਚ ਅੁਧੀ ਅਰ ਸਭ ਮਹਿ ਸਚਿਆਈ।
ਜਿੱਥੇ ਮਿਲੇ ਸੱਤ ਉਸ ਥਾਓਂ ਚੁਗ ਲੌਂ ਮੇਰੇ ਭਾਈ।
ਵੇਦ ਅਜੀਲ ਕੁਰਾਨ ਗ੍ਰੰਥ ਸਭ ਇਕੋ ਪਦਵੀ ਰੱਖਨ।
ਸਭਨਾਂ ਵਿੱਚੋਂ ਕੱਢ ਲਇਯੋ ਤੁਮ ਵਾਂਗ ਦੁੱਧ ਦੇ ਮੱਖਨ।
ਬਾਬੂ ਕੇਵਚੰਦ੍ਰ ਜੀ ਨੇ ਜੋ ਸਿੱਖਾ ਸਮਝਾਈ।
ਸੋਈ ਸਾਨੂੰ ਕਰਨੀ ਚਹੀਏ ਬ੍ਰਹਮੂ ਨਾਮ ਧਰਾਈ।
ਗੁਰੂ ਦਸੇ ਸਨ ਬ੍ਰਹਮ ਗਾਨੀ ਪਰ ਨਾਨਕ ਜੀ ਜੋਈ।
ਉਨਕੀ ਬਾਤ ਹਮੇਂ ਮਨ ਭਾਈ ਸੁਨਤੇ ਦਿਲ ਖੁ ਹੋਈ।
ਜਾਤ-ਪਾਤ ਸਭ ਝੂਠੀ ਜਾਨੋਂ ਸਭ ਸੇ ਮਿਲ ਵਰਤਾਓ।
ਸੱਭੇ ਮ੍ਰਬਾਂ ਅਦਰ ਸਮਤਾ ਭੇਦ ਨ ਕੁੱਝ ਰਖਾਓ।
ਸਰਬ ਕਿਤਾਬਾਂ ਰਚੀ ਮਨੁੱਖਾਂ ਈ੍ਰ ਰਚੀ ਨ ਕੋਈ।
ਲਤੀ ਤੇ ਸਚਿਆਈ ਜਿਸ ਤੇ ਦੋਨੋਂ ਸਭ ਮਹਿੰ ਹੋਈ।
ਗਲਤੀ ਤਜਕੇ ਲਵੋ ਸਚਾਈ ਜੇ ਮੁਕਤੀ ਕੋ ਲੋੜੇ।
ਪਰਮਾਤਮ ਦੇ ਨਾਲ ਆਪਨੇ ਆਤਮ ਨੂੰ ਚਾ ਜੋੜੇ।
ਸੰਤ ਨਿਰਮਲੇ ਹੋ ਕਰ ਕਿਨਹੂੰ ਤੇੜ ਕਪੀਨ ਕਸਾਈ।
ਸਿਰ ਨੂੰ ਬੰਨ੍ਹ ਚਖੂਟਾ ਸੀਂਾ ਚਾਦਰ ਗਿਲਤੀ ਲਾਈ।
ਚੰਗਾ ਖਾਵਨ ਹੌਲੀ ਬੋਲਨ ਨਾਉਂ ਵਿਰਕਤ ਸਦਾਵਨ।
ਗੰਗਾ ਕਜਲੀ ਬਨ ਮੇਂ ਜਾਕਰ ਅਪਨਾ ਸਮ ਬਿਤਾਵਨ।
ਆਖਣ ਜਗਤ ਸੁਪਨ ਸਮ ਮਿੱਥਯਾ ਜੀਵ ਬ੍ਰਹਮ ਇੱਕ ਰੂਪਾ।
ਅਨਰ ਬਚਨ ਏਹ ਮਾਯਾ ਹਈਏ ਕਲਪਤ ਭ੍ਰਮ ਕੋ ਕੂਪਾ।

ਆਦਿ ਗ੍ਰੰਥ ਵੇਦ ਅਨੁਸਾਰੀ ਵੇਦ ਸੁ ਸੁਤਹ ਪ੍ਰਮਾਨੰ।
ਭਾਗ ਤਾਗ ਓਹ ਕਰਨ ਲੱਖਣਾ ਖਟ ਆਨਾਦਿ ਬਖਾਨੰ।
ਤਿਨ ਹੀ ਮੇਂ ਸੋ ਹੋਇ ਗਏ ਇੱਕ ਚਾਕੂ ਕਟੀਏ ਸੰਤਾ।
ਰੁੰਡ ਮੁਡ ਸਿਰ ਕਰ ਇੱਕ ਪਲ ਮਹਿੰ ਕਹਿਤ ਬੰਧ ਹਮ ਹੰਤਾ।
ਗੁਰ ਕੀ ਰਹਿਤ ਤਿਆਗ ਕਰੀ ਸਭ ਪਰੇ ਭੇਖ ਕੀ ਫਾਹੀ।
ਅਪਨੇ ਮਗ ਕੋ ਤਜ ਕਰ ਪਾਰੇ ਭਏ ਔਰ ਮਗ ਰਾਹੀ।

ਚੌਪਈ

ਔਰ ਸੁਨੇਂ ਬਾਤ ਦੁਖ ਦਾਤੀ, ਜੋ ਸਿੱਖੀ ਕੋ ਸਿੰਧ ਬਹਾਤੀ।
ਪਹਿਲੇ ਸਿੱਖ ਸਿੱਖ ਕੇ ਭਾਈ, ਸਿੱਖੋਂ ਹੀ ਮਹਿੰ ਕਰਤ ਸਗਾਈ।
ਸਿੱਖੀ ਕਾ ਤਜ ਭਾਈ ਚਾਰਾ, ਕਰਤੇ ਜੈ ਹੈਂ ਸਰਬ ਕਨਾਰਾ।
ਪਿਛਲੀ ਜਾਤਨ ਮੇਂ ਜਾ ਧਸੇ, ਤਿਨ ਹੀ ਕੇ ਬੰਧਨ ਮਹਿੰ ਫਸੇ।
ਔਰ ਬਾਤ ਯਹਿ ਕਾ ਦੁਖਦਾਤੀ, ਜਾਂ ਤੇ ਕੌਮ ਅਧੋਗਤ ਜਾਤੀ।
ਆਪ ਸਿੰਘ ਹੈ ਸਭ ਵਿਧ ਪੂਰਾ, ਰਹਿਤ ਮਰਯਾਦਾ ਮਹਿੰਵਡ ਸੂਰਾ।
ਤਿਨ ਸਿੰਘਨ ਕੋ ਤਜ ਕਰ ਭਾਈ, ਲਰਕੀ ਮੋਨੇਂ ਕੀ ਪਰਨਾਈ।
ਕੱਦੂ ਸਮ ਜਾਂ ਕੇ ਸਿਰ ਮਾਹੀਂ, ਡੰਡੀ ਸਮ ਬੋਦੀ ਝਲਕਾਹੀਂ।
ਕੈਂਚੀ ਸੋਂ ਰਗੜਾਈ ਦਾੜ੍ਹੀ, ਮੂਛ ਮੋਚਨੇ ਸਾਥ ਉਖਾੜੀ।
ਮਾਥੇ ਤਿਲਕ ਮਾਲ ਕਰ ਮਾਹੀਂ, ਗਲ ਜੰਞੂ ਧੋਤੀ ਕਟ ਜਾਹੀਂ।
ਘਸੀਟਾ ਮਲ ਨਾਮ ਜਿਸ ਕੇਰਾ। ਆ ਬੈਠਾ ਘਰ ਹੋਇ ਸਗੇਰਾ।
ਰਾਮ ਰਾਮ ਪੈਰੀ ਪੈ ਗਾਈ, ਫਤੇ ਬੁਲਾਵਨ ਰੀਤ ਗੁਵਾਈ।
ਕਹਿਤ ਸਿੰਘ ਕੋ ਹੁੱਕਾ ਚਹੀਏ, ਬੇਗ ਲਿਆਵੋ ਕਾਹੂੰ ਕਹੀਏ।
ਤਿਸ ਕਾਰਣ ਸਿੰਘ ਢੂੰਡੋ ਹੁੱਕਾ,ਆਗੇ ਧਰੇ ਤੰਬਾਕੂ ਸੁੱਕਾ।
ਚੌਂਕੇ ਮਹਿੰ ਸੈ ਆਗ ਲਿਆਵੇ, ਦੇ ਪਾਨੀ ਤਾਾ ਕਰਵਾਵੇ।
ਭਰ ਕਰ ਸੂਟਾ ਮਾਰਤ ਜਬਹੀ, ਊਠਤ ਧੂਮ ਬੰਬੇ ਕਾ ਤਬਹੀ।
ਸਾਰਾ ਘਰ ਭਰ ਹੈ, ਜਿਸ ਸੰਗਾ, ਮਾਨਹੁ ਧੂਪ ਧੁਖਾਯੋ ਚੰਗਾ।
ਪੇਖ ਸਿੰਘ ਮਨ ਮਹਿੰ ਮੁਰਝਾਵੇ, ਪਰ ਦਮਾਦ ਪਰ ਪੇ ਨ ਜਾਵੇ।
ਕਹਿਤ ਮਨਹਿੰ ਜੋ ਯਾਕੋ ਕਰਹੂੰ, ਬੇਟੀ ਕੇ ਦੁਖ ਤ ਮਨ ਡਰਹੂੰ।
ਜੇ ਕੋਊ ਸਿੱਖ ਗੁਰ ਕਾ ਪਾਰਾ, ਪੂਛੇ ਤਾਂਕੋ ਹੋਇ ਲਚਾਰਾ।



ਯਹ ਕਾ ਮਦ ਕਾਮ ਤੈਂ ਕੀਨਾ, ਬੇਟੀ ਦਾਨ ਕੁਪਥੀ ਦੀਨਾ ?
ਤਬ ਤਾਂਕੋ ਵੁਹ ਯੌ ਸਮਝਾਵੇ, ਸਿੱਖ ਲਰਕਾ ਕੋ ਹਾਥ ਨ ਆਵੇ।
ਐਸੇ ਕੰਨਾਂ ਸਿੰਘਨ ਕੇਰੀ, ਤਿਨ ਘਰ ਚਿਲਮਾਂ ਭਰੇ ਘਨੇਰੀ।
ਪਰ ਤਿਨ ਕੋ ਜੋ ਹੋਤ ਸੰਤਾਨਾ, ਮੂਡਤ ਮੂਡ ਸੁ ਬਿਨਾਂ ਬਹਾਨਾ।
ਂਕਰ ਵਰਣ ਭਯੋ ਅਬ ਆਈ, ਕਰਮ ਧਰਮ ਸਭ ਗਯੋ ਛਿਪਾਈ।
ਜੇ ਤੁਮ ਕੋ ਇਸ ਮਹਿੰ ਕੁਛ ਸੰਕਾ, ਪੂਛੋ ਮੁਝ ਸੇ ਨਾਹਿੰ ਕਲੰਕਾ।
ਮੈਂ ਕਿਤਨੋਂ ਕੇ ਨਾਮ ਬਤਾਊਂ, ਪੁਨ ਆਂਖਨ ਸੇਂ ਤੋਹਿ ਦਿਖਾਊਂ।
ਔਰ ਰੋਗ ਇੱਕ ਵਧਤਾ ਜਾਵੇ, ਕਹੋ ਕੌਣ ਜੇ ਯਾਹਿ ਛਪਾਵੇ।
ਬਾਪ ਸਿੱਖ ਹੈ ਵਡੇ ਗਰੰਥੀ, ਬਾਣੀ ਕੰਠ ਗੁਰੂ ਕਾ ਪਥੀ।
ਲੰਮੇ ਕੇਸ ਚੌਗਿਰਦੀ ਦਾੜ੍ਹੀ, ਸਿੱਧੀ ਪੱਗ ਸੀਸ ਪਰ ਚਾੜ੍ਹੀ।
ਕੱਛ ਕੜਾ ਕਿਰਪਾਨ ਰਖਾਵੇ, ਪਚ ਕਕਾਰ ਅਭੱਖ ਨ ਖਾਵੇ।
ਤਿਸਕੇ ਪੂਤ ਊਤ ਘਰ ਮਾਹੀਂ, ਸਿੱਖ ਧਰਮ ਕੀ ਸਾਰ ਨ ਜਾਹੀਂ।
ਧਰ ਕੁੱਲਾ ਸਿਰ ਪਰ ਜਹ ਲੰਬਾ, ਗਿੱਟਿਆਂ ਤੋੜੀਂ ਪਾਯੋ ਤੰਬਾ।
ਸਿਰ ਦਾੜ੍ਹੀ ਚੱਟਮ ਕਰਵਾਈ, ਕੁਲ ਮਰਯਾਦਾ ਸਕਲ ਚੁਕਾਈ।
ਦੇਖ ਪਿਤਾ ਕੋ ਹਾਸੀ ਕਰ ਹੈ, ਕਹਤ ਜਹਾਲਤ ਕਾ ਯਹ ਘਰ ਹੈ।
ਬਾਪ ਹਮਾਰਾ ਹੈ ਇਹ ਜੋਈ, *ਓਲਡ ੈਨ ਕਾ ਹੈ ਸੋਈ।
ਸਮ ਪੁਰਾਨੇ ਕੇ ਵਹੁ ਹਈਏ, ਨਹਿੰ ਵਿੱਦਿਆ ਜਾ ਮੈਂ ਕੁਛ ਪਈਏ।
ਅਬ ਤੋਂ ਸਮਯ ਰੌਨੀ ਕੇਰਾ, ਐਸੀ ਰਹਿਤ ਨ ਚਹੇ ਵਧੇਰਾ।
ਐਸੇ ਸੁਤ ਜਨਮਤ ਅਬ ਆਗੇ, ਜੋ ਤਜ ਧਰਮ ਕੁਕਰਮੀ ਲਾਗੇ।
ਜੇ ਵਧਤੀ ਯਹ ਗਈ ਬੀਮਾਰੀ, ਨਟ ਹੋਗ ਮਰਯਾਦਾ ਸਾਰੀ।
ਤਾਂ ਤੇ ਕਰੀਓ ਕੋਏ ਉਪਾਈ, ਸੰਤਾਨ ਆਪਨੀ ਲੇਹੁ ਬਚਾਈ।

ਦੋਹਿਰਾ :

ਯਾ ਬਿਧ ਭਟਕਤ ਸਿੰਘ ਜਗ, ਸਗਲ ਕੁ ਪਥਨ ਮਾਹਿੰ।
ਤਾਂ ਤੇ ਪਕਰਹੁ ਪਿਾਰਓ, ਇਨ ਬੂਡਤ ਕੀ ਬਾਹਿੰ।
ਨਾਤਰ ਇਕ ਸੌ ਸਾਲ ਕੇ, ਅਦਰ ਹੀ ਹੁਇ ਨਾਸ।
ਜੈਸੇ ਪੌਨ ਪ੍ਰਚੰਡ ਸੇ, ਉਡੇ ਪੁਰਾਨਾ ਘਾਸ।

*Old Fashion ਅਰਥਾਤ ਪੁਰਾਨੇ ਤਰੀਕੇ ਦਾ ਆਦਮੀ।

# ਸਿੱਖੀ ਦੇ ਬਚਨੇ ਦਾ ਉਪਾਇ

## ਦ੍ਵੈਯਾ ਛੰਦ

ਸੁਨੀ ਖਾਲਸਾ ਜੀ ਤੁਮ ਸਾਰੀ ਨਕਲੀ ਸਿੱਖੀ ਗਾਥਾ।
ਕੈਸੇ ਭਰਮਨ ਕਰਤ ਵਿਚਾਰੀ ਅਨਮੱਤੋਂ ਕੇ ਸਾਥਾ।
ਜੇਕਰ ਖਬਰ ਨ ਲੇਵੋਂ ਯਾਕੀ ਰਹੀ ਸਹੀ ਗਲ ਜਾਵੇ।
ਜੈਸੇ ਕਾਤਕ ਮਾਸ ਭਏ ਤੇ ਮੇਘ ਅਕਾਸੋਂ ਧਾਵੇ।
ਤਾਂ ਤੇ ਜੇ ਤੁਮ ਬਚਨਾਂ ਚਾਹੋ ਕਰੋ ਵਹੀ ਮਰਯਾਦਾ।
ਦਸਮ ਗੁਰੂ ਨੇ ਜੋਇ ਬਤਾਈ ਪਕਰੋ ਤਜ ਬਕਬਾਦਾ।
ਪਿਛਲੀ ਜਾਤ-ਪਾਤ ਛਡ ਸਾਰੀ ਸਭ ਸਿੰਘਨ ਇਕ ਹੋਵੋਂ।
ਪੱਕ ਕਾਂਚਰੀ ਸਰਪ ਤਜੇ ਜਿਉਂ ਤਿਉਂ ਤੁਮ ਖਾਲਸ ਹੋਵੋ।
ਸਿੰਘ ਬਿਨਾਂ ਲਰਕੀ ਨਹਿੰ ਦੇਵੋ ਪੜ੍ਹੋ ਅਨੰਦ ਬਿਵਾਹੂ।
ਜਨਮ ਮਿਰਤ ਕੀ ਸਭ ਮਰਯਾਦਾ ਕਰੋ ਖਾਲਸਾ ਰਾਹੂ।
ਤੀਸਰ ਪਥ ਪਛਾਨੇ ਅਪਨਾ ਹਿੰਦੂ ਤੁਰਕ ਤੇ ਨਾਰਾ।
ਪਾਖਡਨ ਖਡਣ ਕਰ ਡਾਰੋ ਖਡਾ ਯੁਕਤ ਦੁਧਾਰਾ।
ਸਰਬ ਜਾਤ ਕੇ ਨਰ ਔਂ ਨਾਰੀ ਦੇ ਉਪਦੇ ਸੁਧਾਰੇ।
ਦੇ ਅਮ੍ਰਿਤ ਤਿਨ ਸਿੰਘ ਬਨਾਵੋ ਦਸਮ ਗੁਰੂ ਕੇ ਪਾਰੇ।
ਮੁਸਲਮਾਨ ਈਸਾਈ ਜੈਸੇ ਅਪਨੇ ਮਤ ਮਹਿੰ ਲਿਆਵੇਂ।
ਤੈਸੇ ਹੀ ਸਭ ਮਾਨਸ ਕੋ ਵਹ ਸਿੰਘ ਗੁਰੂ ਬਨ ਜਾਵੇਂ।
ਆਪਸ ਮਹਿੰ ਮਿਲ ਕਰੋ ਪਰੀਤੀ ਪਿਛਲੇ ਸਿੰਘਨ ਜੈਸੀ।
ਏਕ ਬਾਪ ਕੇ ਬੇਟੇ ਹੋਕਰ ਮੇਰ ਤੇਰ ਫਿਰ ਕੈਸੀ ?
ਧਰਮ ਗਰੰਥ ਗੁਰ ਗ੍ਰੰਥ ਤੁਮਾਰਾ ਪਿਤਾ ਦਸਮ ਗੁਰ ਆਹੀ।
ਗਯਾਰਾਂ ਬਾਰਾਂ ਤੇਰਾਂ ਆਦਿਕ ਕਰੋ ਨ ਕੋ ਪਾਤਾਹੀ।

## ਦੋਹਿਰਾ

ਨਕਲੀ ਸਿੱਖੀ ਤਿਆਗ ਕੇ, ਅਸਲੀ ਦੇਹੁ ਬਨਾਇ।
ਗੁਰ ਗੋਬਿੰਦ ਮ੍ਰਿਗਿੰਦ ਕੇ, ਬਲ ਕੀ ਕਤੀ ਪਾਇ॥



# ਕਵੀ ਦੀ ਪ੍ਰਾਰਥਨਾ

## ਸਵੈਯਾ

ਆਦਿ ਗੁਰੂ ਗੁਰ ਨਾਨਕ ਜੂ, ਜਿਸ ਹੇਤ ਅਟੇ ਬਹੁ ਦੇਸਨ ਮਾਹੀ।
ਸੱਤ ਪ੍ਰਚਾਰਕ ਦੇਸ ਉਧਾਰਕ, ਦੇਤ ਰਹੇ ਉਪਦੇ ਸਦਾ ਹੀ।
ਸੋ ਯਹ ਪਥ ਤਜੇ ਤੁਮ ਪਥ, ਭਯੋ ਮਗ ਔਰਨ ਕੋ ਅਬ ਰਾਹੀਂ।
ਹੋਇ ਦਿਆਲ ਕਰੋ ਕਰਣਾ ਇਸ, ਬੂਡਤ ਕੀ ਪਕਰੋ ਭਲ ਬਾਹੀਂ।

## ਦੋਹਿਰਾ

ਹੇ ਅਰਜਨ ਅਰਿ ਜਨੋਂ ਨੇ ਕਰਾ ਨਰਾਦਰ ਗ੍ਰੰਥ।
ਮਨ ਭਾਵਤ ਰਚ ਬਾਣੀਆਂ ਭਰਮਾਯੋ ਯਹ ਪਥ।
ਜੈਸੇ ਸਹਿ ਕਰ ਖੇਦ ਤਨ ਧਰਮ ਪਾਲਨਾ ਕੀਨ।
ਦਿੱਤ ਮ੍ਰਿਗਿੰਦ ਬਚਾਈਏ ਕਹਣਾ ਕਰ ਇਸ ਦੀਨ।
ਕਲਗੀਧਰ ਦਸਮੇਂ ਗੁਰੂ, ਕੀਜੈ ਨੈਕ ਧਿਆਨ।
ਨਕਲੀ ਸਿੱਖੋਂ ਨੇ ਕਰੀ; ਸਿੱਖੀ ਤੋਹ ਵਰਾਨ।
ਮਨਯ ... ਨੇ ਪੁਰਖ ਗਹਿ ਸਿੰਘ ਬਨਾਏ ਭੇਡ।
ਕਰ ਮੁਡਡਨ ... ਲੇ ਕਰੇ, ਭਏ ਢੇਡ ਕੇ ਢੇਡ।
ਤਾਂ ਤੇ ਇਨਕੇ ਹਾਲ ਪਰ ਕਰਣਾ ਕਰ ਮਹਾਰਾਜ।
ਦਿੱਤ ਸਿੰਘ ਬਿਨਤੀ ਕਰੇ ਬਾਹਿੰ ਗਹੇ ਕੀ ਲਾਜ।

## ਸਵੈਯਾ

ਪਥ ਗਰੰਥ ਗੁਰੂ ਦਸਵੇਂ, ਉਪਦੇਸਨ ਜੋਇ ਕਮਾਵਹਿੰਗੇ।
ਚਾਰ ਪਦਾਰਥ ਲੋਕ ਵਿਖੇ, ਬਿਨ ਮਾਂਗਹਿ ਤੇ ਜਨ ਪਾਵਹਿੰਗੇ।
ਜੋ ਗੁਰ ਮਾਰਗ ਤਿਆਗ ਪਸੂ ਅਪਨੀ ਮਨ ਮੱਤ ਕਮਾਵਹਿੰਗੇ।
ਦਿੱਤ ਹਰੀ ਹਰ ਕੈ ਜਗ ਲੋਕ, ਸਦਾ ਦੁਖ ਮੇਂ ਕੁਰਲਾਵਹਿੰਗੇ।

ਇਤਿ ਸ੍ਰੀ ਨਕਲੀ ਸਿੱਖ ਪ੍ਰਬੋਧ
ਕ੍ਰਿਤ ਭਾਈ ਦਿੱਤ ਸਿੰਘ ਗਿਆਨੀ
ਪਜਾਬੀ ਪ੍ਰੋਸਰ, ਔਰੀਅਟਲ ਕਾਲਜ, ਲਾਹੌਰ

❖❖❖